# ਸਿਰਜਣਾ



ਅਪਰੈਲ-ਜੂਨ 2020 **196** 50 ਰੁਪਏ

# ਸਿਰਜਣਾ

**196**

**ਅਪਰੈਲ-ਜੂਨ 2020**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

※

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

※

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***

※

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਬਦਲਦੇ ਵਕਤ ਦੀਆਂ ਬਾਤਾਂ/1
ਮਦਨ ਵੀਰਾ ਦੀਆਂ ਨਵੀਆਂ ਕਵਿਤਾਵਾਂ/3
ਮਦਨ ਵੀਰਾ/ਮੇਰੀ ਸਿਰਜਣ ਪ੍ਰਕਿਰਿਆ/12
ਹਰਪ੍ਰੀਤ ਸਿੰਘ ਚਨੂੰ/ਕਹਾਣੀ/ਸੱਥਰ/19
ਤੌਕੀਰ ਚੁਗਤਾਈ/ਕਹਾਣੀ/ਭੁੱਖ/33
ਮੁਖਤਿਆਰ ਸਿੰਘ/ਕਹਾਣੀ/ਬਰਲਿਨ ਦੀ ਦੀਵਾਰ/39
ਰਵੀ ਸ਼ੇਰਗਿੱਲ/ਕਹਾਣੀ/ਹੰਝੂ ਹਮੇਸ਼ਾ ਖਾਰੇ ਨਹੀਂ ਹੁੰਦੇ/46
ਮਨਪ੍ਰੀਤ ਕੌਰ/ਮੁਲਾਕਾਤ/ਅਜਮੇਰ ਸਿੱਧੂ ਨਾਲ/53
ਬਲਬੀਰ ਪਰਵਾਨਾ/ਲੇਖ/ਐਤਵਾਰਤਾ, ਸਾਹਿਤਕ ਪੱਤਰਕਾਰੀ ਤੇ ਮੈਂ/59
ਹਰਜਿੰਦਰ ਸਿੰਘ ਸੂਰੇਵਾਲੀਆ/ਲੇਖ/ਪੰਜਾਬੀ ਕਹਾਣੀ ਦਾ ਰਾਜਕੁਮਾਰ ਜਤਿੰਦਰ ਹਾਂਸ/65
ਬਰੈਡਲਾ ਹਾਲ/ਲੇਖ/ਮੁਦੱਸਰ ਬਸ਼ੀਰ/69
ਚੰਦਰ ਮੋਹਨ/ਰਿਵਿਊ/ਰਮਤਾ ਯੋਗੀ ਤੇ ਹੋਰ ਨਿੱਕੇ ਨਾਵਲ/77
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਉਸ ਨੇ ਕਿਹਾ/79
ਜਸਬੀਰ/ਰਿਵਿਊ/ਮਧੂਕਰੀ/82
ਲਾਲ ਸਿੰਘ/ਰਿਵਿਊ/ਰਿਜ਼ਕ/84
ਹਰਿੰਦਰ ਸਿੰਘ/ਰਿਵਿਊ/ਪਕੜ ਪ੍ਰੇਤਾਂ ਦੀ/86
ਹਰਿੰਦਰ ਸਿੰਘ/ਰਿਵਿਊ/ਚਿੱਕੜ/89
ਰਘਬੀਰ ਸਿੰਘ/ਰਿਵਿਊ/ਪਿੱਛਾ ਰਹਿ ਗਿਆ ਦੂਰ/91
ਪ੍ਰਾਪਤ ਪੁਸਤਕਾਂ/94

**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

**ਸੰਪਾਦਕੀ**

# ਬਦਲਦੇ ਵਕਤ ਦੀਆਂ ਬਾਤਾਂ

ਅੱਜ ਅਸੀਂ ਵੱਡੀ ਤਬਦੀਲੀ ਵਾਲੇ ਦੌਰ ਵਿਚੋਂ ਲੰਘ ਰਹੇ ਹਾਂ। ਤਬਦੀਲੀ ਕੁਦਰਤ ਦਾ ਨੇਮ ਹੈ ਅਤੇ ਇਹੀ ਜੀਵਨ ਹੈ ਪਰ ਜਿਸ ਤੇਜ਼ੀ ਅਤੇ ਜਿਸ ਢੰਗ ਨਾਲ ਇਹ ਤਬਦੀਲੀ ਹੋ ਰਹੀ ਹੈ, ਉਸ ਨਾਲ ਕਈ ਅਹਿਮ ਸਵਾਲ ਸਾਡੇ ਸਾਹਵੇਂ ਆਣ ਖਲੋਏ ਹਨ। ਇਸ ਲਿਹਾਜ਼ ਨਾਲ ਇਹ ਸੰਕਟਾਂ ਵਾਲਾ ਦੌਰ ਵੀ ਹੈ। ਅਸਲ ਵਿਚ, ਪਿਛਲੇ ਸਮਿਆਂ ਦੌਰਾਨ ਵੱਖ-ਵੱਖ ਸੰਕਟ ਨਜਿੱਠੇ ਨਾ ਜਾਣ ਕਾਰਨ ਇਨ੍ਹਾਂ ਦੀ ਸ਼ਿੱਦਤ ਬਹੁਤ ਵਧ ਗਈ ਹੈ ਅਤੇ ਹੁਣ ਇਨ੍ਹਾਂ ਸੰਕਟਾਂ ਦੀ ਮਾਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤਿਖੇਰੀ ਹੋ ਗਈ ਜਾਪਦੀ ਹੈ। ਪਰਵਾਸ ਪੰਜਾਬ ਜਾਂ ਪੰਜਾਬੀਆਂ ਜਾਂ ਇਹ ਕਹੋ ਕਿ ਮਨੁੱਖ ਲਈ ਕਦੀ ਕੋਈ ਮਸਲਾ ਨਹੀਂ ਰਿਹਾ; ਰੋਜ਼ੀ-ਰੋਟੀ ਅਤੇ ਸੁਖਾਲ਼ੇ ਜੀਵਨ ਲਈ ਮਨੁੱਖ ਮੁੱਢ-ਕਦੀਮ ਤੋਂ ਪਰਵਾਸ ਵਾਲੀਆਂ ਪੈੜਾਂ ਵਿਚੀਂ ਲੰਘਦਾ ਹੀ ਆਇਆ ਹੈ ਪਰ ਪੰਜਾਬ ਦਾ ਹੁਣ ਵਾਲਾ ਪਰਵਾਸ ਵੱਡਾ ਮਸਲਾ ਬਣ ਕੇ ਉੱਭਰ ਰਿਹਾ ਹੈ। ਜਾਪ ਇਸ ਤਰ੍ਹਾਂ ਰਿਹਾ ਹੈ ਕਿ ਜੇ ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਆਉਂਦੇ ਕੁਝ ਸਾਲਾਂ ਤਕ ਇਸ ਨੇ ਸੂਬੇ ਦੇ ਅਰਥਚਾਰੇ ਉੱਤੇ ਉਲਟੇ ਰੁਖ਼ ਅਸਰਅੰਦਾਜ਼ ਹੋਣਾ ਹੈ। ਇਹ ਤੱਥ ਧਿਆਨ ਮੰਗਦਾ ਹੈ ਕਿ ਇਸ ਸਾਲ ਪੰਜਾਬ ਦਾ ਸਾਲਾਨਾ ਬਜਟ ਡੇਢ ਲੱਖ ਕਰੋੜ ਰੁਪਏ ਦੇ ਨੇੜੇ-ਤੇੜੇ ਹੈ ਅਤੇ ਇਕ ਅੰਦਾਜ਼ੇ ਮੁਤਾਬਿਕ, ਹਰ ਸਾਲ ਤਕਰੀਬਨ 30 ਹਜ਼ਾਰ ਕਰੋੜ ਰੁਪਇਆ ਫੀਸਾਂ ਦੇ ਰੂਪ ਵਿਚ ਵਿਦੇਸ਼ੀ ਵਿੱਦਿਅਕ ਅਦਾਰਿਆਂ ਵੱਲ ਜਾ ਰਿਹਾ ਹੈ। ਫੀਸਾਂ ਵਾਲੀ ਇਹ ਮੋਟੀ ਰਕਮ ਪੰਜਾਬ ਦੇ ਸਾਲਾਨਾ ਬਜਟ ਦਾ ਪੰਜਵਾਂ ਹਿੱਸਾ ਬਣਦੀ ਹੈ। ਪੰਜਾਬ ਦੇ ਅਰਥਚਾਰੇ ਅੰਦਰ ਪਰਵਾਸੀ ਪੈਸੇ ਦਾ ਖਾਸ ਰੋਲ ਰਿਹਾ ਹੈ ਪਰ ਹੁਣ ਪਰਦੇਸ ਤੋਂ ਪੰਜਾਬ ਅੰਦਰ ਆ ਰਿਹਾ ਪੈਸਾ ਮੁਕਾਬਲਤਨ ਘਟ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਤੋਂ ਬਾਹਰ ਜਾ ਰਿਹਾ ਪੈਸਾ ਆਏ ਸਾਲ ਵਧ ਰਿਹਾ ਹੈ। ਜਿਸ ਤਰ੍ਹਾਂ ਦੇ ਹਾਲਾਤ ਵਿਚੋਂ ਅੱਜ ਅਸੀਂ ਲੰਘ ਰਹੇ ਹਾਂ, ਉਹ ਦਿਨ ਹੁਣ ਬਹੁਤਾ ਦੂਰ ਨਹੀਂ ਜਾਪਦਾ ਕਿ ਪੰਜਾਬ ਤੋਂ ਬਾਹਰ ਜਾ ਰਿਹਾ ਪੈਸਾ ਅਤੇ ਪੰਜਾਬ ਅੰਦਰ ਆ ਰਿਹਾ ਪੈਸਾ ਬਰਾਬਰੀ 'ਤੇ ਆ ਜਾਣਾ ਹੈ। ਭਾਸਦਾ ਇਉਂ ਵੀ ਹੈ ਕਿ ਇਹ ਹਾਲਾਤ ਇੱਥੇ ਹੀ ਨਹੀਂ ਰੁਕਣਗੇ। ਜ਼ਾਹਿਰ ਹੈ ਕਿ ਪੈਸੇ ਦਾ ਇਹ ਤਵਾਜ਼ਨ ਮਨਫੀ ਵਿਚ ਜਾਣ ਨਾਲ ਪੰਜਾਬ ਇਕ ਹੋਰ ਸੰਕਟ ਦੇ ਰੂ-ਬ-ਰੂ ਹੋਵੇਗਾ।

ਇਤਿਹਾਸ ਗਵਾਹ ਹੈ ਕਿ ਮਨੁੱਖ ਉੱਤੇ ਸੰਕਟ ਪੈਂਦੇ ਹੀ ਆਏ ਹਨ; ਇਹ ਅਜਿਹੇ ਸੰਕਟਾਂ ਨਾਲ ਜੂਝਦਾ ਅਤੇ ਇਨ੍ਹਾਂ ਨਾਲ ਨਜਿੱਠਦਾ ਹੀ ਆਇਆ ਹੈ ਪਰ ਅੱਜ ਦੀ ਤਾਰੀਖ਼ ਵਿਚ ਸੰਕਟਾਂ ਨਾਲ ਨਜਿੱਠਣ ਵਾਲਾ ਪਲੜਾ ਸ਼ੱਕ-ਸੰਦੇਹ ਦੇ ਘੇਰੇ ਵਿਚ ਹੈ ਅਤੇ ਡੂੰਘੀ ਵਿਚਾਰ-ਚਰਚਾ ਦੀ ਮੰਗ ਕਰਦਾ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਅੰਦਰ ਜਿਹੜੀ ਲੀਡਰਸ਼ਿਪ ਨਮੂਦਾਰ ਹੋਈ ਹੈ ਅਤੇ ਜਿਹੜੀ ਸੂਬੇ ਦੇ ਭਵਿੱਖ ਬਾਰੇ ਫ਼ੈਸਲੇ ਕਰ ਰਹੀ ਹੈ, ਉਹ ਨਿਰਾਸ਼ ਕਰਨ ਵਾਲੀ ਹੈ। ਕਿਸੇ ਵੀ ਖੇਤਰ ਜਾਂ ਖਿੱਤੇ ਬਾਰੇ ਪੁਣਛਾਣ ਦੀ ਇਹੀ ਕਨਸੋਅ ਹੈ ਕਿ ਸਿਆਸੀ ਲੀਡਰਸ਼ਿਪ ਦੀ ਇੱਛਾ ਸ਼ਕਤੀ ਨੀਵਾਣਾਂ ਛੋਹ ਰਹੀ ਹੈ। ਸਿੱਖਿਆ, ਸਿਹਤ, ਖੇਤੀ, ਸਨਅਤ, ਰੁਜ਼ਗਾਰ; ਪੰਜਾਬ ਦਾ ਕੋਈ ਵੀ ਪੱਖ ਸਿਹਤਯਾਬ ਹੋਣ ਦਾ ਦਮ ਨਹੀਂ ਭਰ

ਰਿਹਾ। ਇਹ ਉਜਾੜੇ ਤੋਂ ਐਨ ਪਹਿਲਾਂ ਦੇ ਹਾਲਾਤ ਹਨ। ਅਸਲ ਵਿਚ, ਇਨ੍ਹਾਂ ਖੇਤਰਾਂ ਅੰਦਰਲੇ ਨਿਘਾਰ ਨੇ ਹੀ ਪਰਵਾਸ ਵੱਲੀਂ ਬੂਹੇ ਚੁਪੱਟ ਖੋਲ੍ਹੇ ਹਨ।

ਇਸ ਸੂਰਤ ਵਿਚ ਮੁੱਢਲੇ ਮੁੱਦਿਆਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਇਕ ਮਸਲਾ ਖਾਲੀ ਹੋ ਰਹੇ ਪੰਜਾਬ ਦਾ ਹੈ। ਦੂਜਾ, ਦੂਰ-ਦ੍ਰਿਸ਼ਟੀ ਵਾਲੀ ਲੀਡਰਸ਼ਿਪ ਦਾ ਕਾਲ਼ ਪਿਆ ਹੋਇਆ ਹੈ। ਅਹਿਮ ਸਵਾਲ ਹੁਣ ਇਹੀ ਹੈ ਕਿ ਇਹ ਖਾਲੀ ਪਿੜ ਆਖ਼ਿਰਕਾਰ ਭਰਿਆ ਤਾਂ ਜਾਣਾ ਹੀ ਹੈ। ਮੁਲਕ ਪੱਧਰ 'ਤੇ ਵੀ ਇਹੀ 'ਹਾਦਸਾ' ਵਾਪਰਿਆ ਹੈ। ਸਿਆਸੀ ਪਿੜ ਅੰਦਰ ਲੋਕ-ਪੱਖੀ ਧਿਰਾਂ ਦੀ ਗ਼ੈਰ-ਮੌਜੂਦਗੀ ਦੌਰਾਨ ਖਾਲੀ ਪਿੜ ਜਿਸ ਧਿਰ ਨੇ ਮੱਲਿਆ ਹੈ, ਉਸ ਨੇ ਆਪਣਾ ਪਿਛਾਖੜੀ ਰੰਗ ਪਹਿਲੇ ਦਿਨ ਤੋਂ ਹੀ ਦਿਖਾਉਣਾ ਆਰੰਭ ਕਰ ਦਿੱਤਾ ਸੀ। ਹੁਣ ਇਹ ਧਿਰ ਆਪਣੇ ਏਜੰਡੇ ਮੁਤਾਬਿਕ ਇੰਨੀ ਜ਼ਿਆਦਾ ਅਗਾਂਹ ਨਿੱਕਲ ਗਈ ਹੈ ਕਿ ਆਉਣ ਵਾਲੇ ਵਕਤ ਦੇ ਸੰਕਟਾਂ ਅੰਦਰ ਘਿਰੇ ਹੋਣ ਦੀ ਪੇਸ਼ੀਨਗੋਈ ਹੋਣ ਲੱਗ ਪਈ ਹੈ। ਸੰਕਟਾਂ ਦੇ ਅਜਿਹੇ ਵੇਲ਼ਿਆਂ ਦੌਰਾਨ ਲੋਕ-ਪੱਖੀ, ਜੁਝਾਰੂ ਧਿਰਾਂ ਦਾ ਸਦਾ ਹੀ ਵੱਡਾ ਯੋਗਦਾਨ ਰਿਹਾ ਹੈ। ਇਸ ਵਾਰ ਸਿਤਮਜ਼ਰੀਫ਼ੀ ਇਹ ਹੈ ਕਿ ਇਨ੍ਹਾਂ ਤਾਕਤਾਂ ਦੇ ਹੌਸਲੇ ਪਸਤ ਹੋਏ ਜਾਪਦੇ ਹਨ। ਇਹੀ ਨਹੀਂ, ਇਨ੍ਹਾਂ ਜੁਝਾਰੂ ਧਿਰਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਚੱਲਣ ਵਾਲੇ ਅਤੇ ਸਿਆਸੀ ਸਰਗਰਮੀਆਂ ਨੂੰ ਮੋਕਲ਼ਾ ਕਰਨ ਵਾਲੇ ਕਲਾ-ਕਾਮਿਆਂ ਦਾ ਰੰਗ ਵੀ ਫਿੱਕਾ ਪੈ ਗਿਆ ਜਾਪਦਾ ਹੈ। ਜੇ ਰਤਾ ਕੁ ਬੇਲਿਹਾਜ਼ ਹੋ ਕੇ ਕਿਹਾ ਜਾਵੇ ਤਾਂ ਕਲਾ ਵਾਲਾ ਪਿੜ ਇਕ ਤਰ੍ਹਾਂ ਨਾਲ ਖਾਲੀ ਹੀ ਪਿਆ ਹੈ। ਉਂਝ ਵੀ ਇਹ ਵਰਤਾਰਾ ਇਕੱਲੇ ਪੰਜਾਬ ਦਾ ਨਹੀਂ, ਤੇ ਨੇੜ ਭਵਿੱਖ ਵਿਚ ਇਸ ਅੰਦਰ ਮੋੜਾ ਪੈਣ ਦੀਆਂ ਸੰਭਾਵਨਾਵਾਂ ਫ਼ਿਲਹਾਲ ਮੱਧਮ ਹਨ। ਹਾਲੀਆ ਦੋ ਘਟਨਾਵਾਂ ਨੇ ਇਸੇ ਹੋਣੀ ਦੀ ਪੁਸ਼ਟੀ ਕੀਤੀ ਹੈ। ਭਾਰਤ ਅੰਦਰ ਸੱਜੇ-ਪੱਖੀਆਂ ਦੀ ਚੜ੍ਹਤ ਨੂੰ ਬੰਨ੍ਹ ਵੱਜਣ ਦੀ ਆਸ ਜਿਹੀ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਨੇ ਜਗਾਈ ਸੀ ਪਰ ਚੋਣਾਂ ਤੋਂ ਬਾਅਦ ਉੱਥੇ ਕੇਂਦਰ ਵਿਚ ਸੱਤਾਧਾਰੀ ਧਿਰ ਨੇ ਜਿਹੜਾ ਦ੍ਰਿਸ਼ ਖੜ੍ਹਾ ਕੀਤਾ, ਉਹ ਸੱਚਮੁੱਚ ਪ੍ਰੇਸ਼ਾਨ ਕਰਨ ਵਾਲਾ ਹੈ। ਇਸ ਤੋਂ ਬਾਅਦ ਹੁਣ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਸੇਵਾ ਮੁਕਤੀ ਤੋਂ ਸਿਰਫ਼ ਚਾਰ ਮਹੀਨਿਆਂ ਬਾਅਦ ਹੀ ਰਾਜ ਸਭਾ ਲਈ ਨਾਮਜ਼ਦ ਕਰ ਕੇ ਸਪਸ਼ਟ, ਸਾਫ਼ ਤੇ ਬੇਝਿਜਕ ਸੁਨੇਹਾ ਦਿੱਤਾ ਗਿਆ ਹੈ ਕਿ ਸਰਕਾਰ ਅਤੇ ਸੱਤਾ ਧਿਰ ਆਪਣੀ ਮਰਜ਼ੀ ਕਰੇਗੀ, ਕੋਈ ਉਸ ਨੂੰ ਰੋਕਣ-ਟੋਕਣ ਵਾਲਾ ਨਹੀਂ ਹੈ। ਸਿਆਸੀ ਬੇਵਸੀ ਦਾ ਇਹ ਆਲਮ ਸ਼ਾਇਦ ਪਹਿਲੀ ਦਫ਼ਾ ਅਵਾਮ ਦੇ ਮੱਥਿਆਂ ਵਿਚ ਆਣ ਕੇ ਵੱਜਿਆ ਹੈ। ਇਹ ਅਸਲ ਵਿਚ ਭਾਰਤੀ 'ਜਮਹੂਰੀਅਤ' ਦੇ ਅਗਲੇ ਪੜਾਅ ਦੀ ਪੇਸ਼ੀਨਗੋਈ ਹੈ।

ਸ਼ਾਇਦ ਅਜਿਹੇ ਹਾਲਾਤ ਅਤੇ ਸਿਰ ਪਈਆਂ ਤੱਦੀਆਂ ਨਾਲ ਘੁਲ਼ਦਿਆਂ ਇਕ ਸਦੀ ਪਹਿਲਾਂ ਪਰਵਾਸੀ ਹੋਏ ਜਿਊੜਿਆਂ ਨੇ ਵਤਨ ਪਰਤ ਕੇ ਗ਼ੁਲਾਮੀ ਦਾ ਜੂਲ਼ਾ ਗਲ਼ੋਂ ਲਾਹੁਣ ਦੀ ਸੋਚੀ ਸੀ। ਪਰਵਾਸ ਦੀ ਹਾਲੀਆ ਨ੍ਹੇਰੀ ਵਿਚ ਵਤਨ ਵਾਪਸੀ ਤਾਂ ਭਾਵੇਂ ਦੂਰ ਦੀ ਬਾਤ ਜਾਪਦੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਪਰਵਾਸੀਆਂ ਨੇ ਜਿਸ ਢੰਗ-ਤਰੀਕੇ ਪੰਜਾਬ ਦੀ ਸਿਆਸਤ ਵਿਚ ਰੁਚੀ ਦਿਖਾਈ ਹੈ ਅਤੇ ਸਿਆਸੀ ਪਿੜ ਅੰਦਰ ਪੈਂਠ ਪਾਉਣ ਦਾ ਯਤਨ ਕੀਤਾ ਹੈ, ਉਹ ਸੁੱਟ ਪਾਉਣ ਵਾਲੀ ਨਹੀਂ ਜਾਪਦੀ। ਫ਼ਿਲਹਾਲ ਮਸਲਾ ਸਮੁੱਚੇ ਹਾਲਾਤ ਨੂੰ ਹੰਘਾਲ਼ਣ ਅਤੇ ਤੱਥਾਂ ਨੂੰ ਤਸਲੀਮ ਕਰਨ ਨਾਲ ਜੁੜਿਆ ਹੋਇਆ ਹੈ। ਇਸ ਪ੍ਰਸੰਗ ਵਿਚ ਬੁੱਧੀਜੀਵੀਆਂ, ਕਲਾਕਾਰਾਂ ਅਤੇ ਇਨ੍ਹਾਂ ਦੇ ਸਹਿਯੋਗੀਆਂ ਦੀ ਕੀ ਭੂਮਿਕਾ ਹੋ ਸਕਦੀ ਹੈ, ਇਸ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ। ਉਂਝ ਵੀ ਸੰਕਟਾਂ ਦੀ ਲਾਮਡੋਰੀ ਨਾਲ ਨਜਿੱਠਣ ਲਈ ਤਰੱਦਦ ਕਰਨ ਦੀ ਲੋੜ ਹੁਣ ਪਹਿਲਾਂ ਨਾਲੋਂ ਕਈ ਗੁਣਾਂ ਵਧੇਰੇ ਹੈ। 000

# ਮਦਨ ਵੀਰਾ ਦੀਆਂ ਨਵੀਆਂ ਕਵਿਤਾਵਾਂ

## ਘਾਹੀ ਦੇ ਪੁੱਤ ਨੇ ਘਾਹ ਹੀ ਘੋਤਣਾ ਦੇ ਪ੍ਰਸੰਗ 'ਚ

ਛੋਟੇ ਵੀਰ ! ਤੂੰ ਨਹੀਂ ਜਾਣਦਾ
ਆਪਣੀ ਪਾਠ ਪੁਸਤਕ ਦੇ ਇਸ ਮੁਹਾਵਰੇ ਨੂੰ
ਨਹੀਂ ਜਾਣਦਾ ਤੂੰ ਮੁਹਾਵਰੇ ਦੇ ਅਰਥਾਂ ਨੂੰ
ਅਰਥਾਂ 'ਚ ਛਿਪੀ ਭਾਵਨਾ ਨੂੰ
ਸਦੀਆਂ ਤੋਂ ਸਹਿ ਹੁੰਦੀ ਜ਼ਿੱਲਤ ਨੂੰ
ਗਿਲਾਨੀ ਨੂੰ, ਗੁਲਾਮੀ ਨੂੰ
ਗ਼ੁਲਾਮੀ ਦੇ ਦਰਦ ਨੂੰ
ਤੇ ਘਰੇਲੂ ਕਿੱਤੇ ਦੇ ਨਾਂ 'ਤੇ
ਗੁੜ੍ਹਤੀ 'ਚ ਮਿਲੀ ਉਸ ਪੀੜ ਨੂੰ
ਜਿਸ ਨਾਲ ਪੱਛ ਹੋਇਆ ਸੀ
ਆਪਣਾ ਪਿਓ
ਪਿਓ ਦਾ ਪਿਓ... ਪਿਓ ਦਾ...
ਆਪਣਾ ਪਿਓ
ਜੋ ਉਮਰ ਭਰ ਜੂਝਦਾ ਰਿਹਾ
ਰੋਟੀ ਦੇ ਖੰਨੀ ਚੱਪੇ ਲਈ
ਪਰ ਭਿੜਦਾ ਰਿਹਾ ਮੁਹਾਵਰੇ ਦੇ ਅਰਥਾਂ ਨਾਲ
ਲੜਦਾ ਰਿਹਾ ਅੱਟਣਾਂ ਭਰੇ ਹੱਥਾਂ 'ਚ ਸੰਭਾਲੇ
ਖੁੰਢੇ ਵਿਰਾਸਤੀ ਰੰਬੇ ਨਾਲ
ਜ਼ਿੰਦਗੀ ਦੇ ਸਾਰੇ ਮਸਲਿਆਂ ਲਈ
ਪਰ ਨਾਲ ਹੀ ਨਾਲ ਬੁਣਦਾ ਰਿਹਾ ਖ਼ਾਬ
ਕਿ ਮੇਰੇ ਵਾਰਿਸਾਂ ਦੇ ਹੱਥਾਂ 'ਚ
ਵਿਰਾਸਤੀ ਰੰਬੇ ਦੀ ਥਰੀ ਦੀ ਥਾਂ
ਕਲਮ ਹੋਵੇ, ਦਵਾਤ ਹੋਵੇ, ਕਿਤਾਬ ਹੋਵੇ
ਕਿ ਉਨ੍ਹਾਂ ਦੇ ਮੱਥਿਆਂ 'ਚ
ਮਜਬੂਰੀ ਦੀਆਂ ਤਿਊੜੀਆਂ ਨਾ ਹੋਣ
ਅੱਖਰਾਂ ਦੀ ਚਿਣਗ ਹੋਵੇ
ਲੋਅ ਹੋਵੇ ਰੌਸ਼ਨੀ ਹੋਵੇ
ਉਨ੍ਹਾਂ ਦੇ ਗਲ਼ਿਆਂ 'ਚ
ਪਿਤਾ ਪੁਰਖੀ ਕਿੱਤਿਆਂ ਦੀ
ਡੋਰ ਨਾ ਹੋਵੇ ਗੰਢ ਨਾ ਹੋਵੇ
ਕਰਜ਼ੇ ਦੀ ਪੰਡ ਨਾ ਹੋਵੇ

ਨਜ਼ਰ ਵਿਚ ਧੁੰਦ ਨਾ ਹੋਵੇ
ਧੁੰਦ ਨਾ ਭਰਮ ਨਾ ਹੋਵੇ
ਕੋਈ ਪਿਛਲਾ ਕਰਮ ਨਾ ਹੋਵੇ
ਨਾ ਹੋਏ ਕੁੱਲ-ਨਸਲ ਦਾ ਮਿਹਣਾ
ਨਾ ਰੰਗ ਨੂੰ ਗੌਲ਼ਿਆ ਜਾਏ, ਨਾ ਜਾਤ ਨੂੰ ਨੌਲ਼ਿਆ ਜਾਏ
ਆਦਮੀ ਦਾ ਆਦਮੀ ਨਾਲ ਰਿਸ਼ਤਾ
ਇਸ ਤਰ੍ਹਾਂ ਹੋਵੇ
ਜਿਵੇਂ ਰੁੱਖ ਦੀ ਜੜ੍ਹ ਦਾ ਤਣੇ ਦੇ ਨਾਲ ਹੁੰਦਾ ਹੈ
ਤਣੇ ਦਾ ਟਾਹਣੀਆਂ
ਟਾਹਣੀਆਂ ਦਾ ਪੱਤਿਆਂ ਨਾਲ ਹੁੰਦਾ ਹੈ
ਪੱਤਿਆਂ ਦਾ ਫੁੱਲਾਂ ਨਾਲ
ਫੁੱਲਾਂ ਦਾ ਮਹਿਕ ਨਾਲ ਹੁੰਦਾ ਹੈ......

ਤੈਨੂੰ ਨਹੀਂ ਪਤਾ ਮੇਰੇ ਵੀਰ
ਕਿ ਕਿਵੇਂ ਇਸ ਮੁਹਾਵਰੇ 'ਚ ਲੁਕਿਆ ਹੋਇਆ ਹੈ
ਉਨ੍ਹਾਂ ਗਿਆਨੀਆਂ ਦੇ, ਗਿਆਨ ਦਾ ਦੰਭ
ਜਿਹਨੂੰ ਉਹ ਕਦੇ
ਕਰਮਾਂ ਦੇ ਫਲ ਨਾਲ ਜੋੜਦੇ ਹਨ
ਕਦੇ ਰੱਬ ਦੀ ਰਜ਼ਾ ਨਾਲ
ਰੋਂਦੇ ਮਰਾਸੀ ਨੂੰ, ਸੁਰ 'ਚ ਰੋਂਦਾ ਕਹਿ ਕੇ
ਉਹ ਸੁਰਾਂ ਦੀ ਸ਼ਨਾਖ਼ਤ ਨਹੀਂ ਕਰਦੇ
ਬਸ ਰੋਸ ਦੇ ਦਰਦ ਨੂੰ
ਮਸ਼ਕਰੀ 'ਚ ਬਦਲਣ ਦੀ, ਮਸ਼ਕ ਕਰਦੇ ਨੇ ਨਿੱਕਿਆ!
ਉਨ੍ਹਾਂ ਕੋਲ਼ ਝੰਡੇ ਨੇ, ਡੰਡੇ ਨੇ
ਕੁਰਸੀ ਹੈ, ਕਲਮ ਹੈ, ਕਾਨੂੰਨ ਹੈ
ਤੇ ਮੁੱਢ ਕਦੀਮੀ ਵਿਵਸਥਾ ਨੂੰ
ਪੁਸ਼ਤੋ-ਪੁਸ਼ਤੀ ਕਾਇਮ ਰੱਖਣ ਦਾ, ਜਨੂੰਨ ਹੈ
ਤੇ ਤੇਰੇ ਮੇਰੇ ਕੋਲ਼
ਹੱਕ ਨਹੀਂ ਸਿਰਫ਼ ਹਿੱਕ ਹੈ
ਜਾਂ ਸਦੀਆਂ ਦਾ ਦਰਦ ਹੈ
ਪੀੜ ਹੈ ਅਤੇ ਰੋਸ ਹੈ
ਹਿੱਕ ਦੇ ਵਿਚ ਸੁਲਘ ਰਿਹਾ
ਰੋਹ ਹੈ ਵਿਦਰੋਹ ਹੈ
ਆਪਾਂ ਨਾਬਰ ਹੋਣਾ ਹੈ
ਰਵਾਇਤ ਦੀ ਗਲ਼ 'ਚ ਪਈ ਉਸ ਰੱਸੀ ਤੋਂ
ਜਿਸਦੀ ਪਕੜ, ਦਿਨੋ ਦਿਨ ਪੀਡੀ ਹੋ ਰਹੀ ਹੈ
ਨਕਾਰਨਾ ਹੈ ਰੇਤ ਛਲ ਵਰਗੇ, ਰਾਖਵੇਂ ਅਧਿਕਾਰਾਂ ਨੂੰ

ਜੋ ਹੱਕ ਵਾਂਗ ਨਹੀਂ, ਖ਼ੈਰਾਤ ਵਾਂਗ ਸਾਨੂੰ ਬਖ਼ਸ਼ ਕੇ
ਉਹ ਸਖੀ ਹੋਣ ਦਾ ਦੰਭ ਰਚਦੇ ਨੇ
ਤੇ ਦੱਸਦੇ ਨੇ
ਕਿ ਸੰਸਦ ਭਵਨ ਤੋਂ, ਸਮਤਾ ਦੀ ਸਿੱਧੀ ਸੜਕ
ਸ਼ਾਹ ਮਾਰਗ ਤੋਂ ਠੱਠੀਆਂ ਨਾਲ ਜੋੜ ਦਿੱਤੀ ਹੈ
ਜਿਹਨੂੰ ਲੋੜ ਹੈ ਉਹ ਦੌੜ ਆਵੇ
ਆਪਾਂ ਮੁਨਕਰ ਹੋਣਾ ਹੈ
ਰੱਬ ਦੀ ਉਸ ਰਜ਼ਾ ਤੋਂ ਵੀ
ਜੋ ਘਾਹੀ ਦੇ ਪੁੱਤ ਤੋਂ
ਘਾਹ ਖਤਾਉਣ ਦਾ ਕਸਬ ਮੰਗਦੀ ਏ
ਤੇ ਰਹਿਮਤ ਦੀ ਆੜ 'ਚ ਡੰਗਦੀ ਏ।

## ਬੇਗਾਨਗੀ

ਆਪਸੀ ਸਦਭਾਵਨਾ ਦਾ
ਦਫ਼ਤਰੀ ਇਕ ਪਰਵ ਸੀ
ਤੇ ਹਾਜ਼ਰੀ ਮੇਰੀ ਹਮੇਸ਼ਾ ਵਾਂਗ ਮੈਨੂੰ
ਖਟਕਦੀ ਸੀ
ਤੇ ਅਖੌਤੀ ਮੁੱਖ ਧਾਰਾ ਵਿਚ ਮੇਰੀ ਮੌਜੂਦਗੀ
ਬੇਵਸੀ ਬਣ ਭਟਕਦੀ ਸੀ...
ਜਾਮ ਪਹਿਲਾ ਖੜਕਿਆ, ਜਦੋਂ ਛਲਕਿਆ
ਤੇ ਹੱਥਾਂ ਵਿਚੋਂ ਹੋਏ ਜਦ, ਖਾਲੀ ਗਲਾਸ
ਹੌਲ਼ੀ ਹੌਲੀ ਰਿਸ ਰਿਸ ਕੇ, ਸਿੰਮ ਪਈ
ਦਿਲਾਂ 'ਚੋਂ ਨਿਕਲੀ ਭੜਾਸ...
ਮੋਮੀ ਚਿਹਰੇ ਹੋਰ ਚਮਕੇ, ਹੋਰ ਮੁਸਕੇ ਹੋਰ ਲਿਸ਼ਕੇ
ਲਿਸ਼ਕਿਆ ਫਿਰ, ਛਲਕਿਆ ਫਿਰ
ਸ਼ੁੱਧ ਵਿਰਸੇ ਦਾ ਗ਼ਰੂਰ
ਓਪਰਾ ਮੇਰੇ ਲਈ ਹੋਇਆ, ਫਿਰ ਇਸ ਬੇੜੀ ਦਾ ਪੂਰ
ਹਾਲ ਦੇ ਵਿਚ ਗੋਲ਼ ਸਜੇ ਟੇਬਲਾਂ 'ਤੇ
ਪਕਵਾਨਾਂ ਦੀ ਲੁਭਾਉਣੀ ਮਹਿਕ ਨਾਲ
ਤਿੱਖੀ ਹੋ ਗਈ, ਕੁੱਲ-ਨਸਲ ਦੀ ਬੇਹੀ ਬਾਸ
ਮਨ ਫਿਰ ਹੋਇਆ ਉਦਾਸ
ਜਾਗਿਆ ਫਿਰ, ਦਇਆ ਦਾ ਪੁੱਤਰ ਧਰਮ ਆਪ
ਲੋਰ ਦੇ ਵਿਚ, ਜਾਮ ਵਾਂਗਰ
ਉੱਛਲੇ ਜਦ ਮਜ਼ਬਾਂ ਦੇ ਰੰਗ
ਸੱਪ ਦੀ ਕੁੰਜ ਵਾਂਗ ਉੱਤਰੇ, ਤੇ ਅਨੇਕਾਂ ਭਰਮ ਟੁੱਟੇ
ਕਿੰਨੇ ਚਿਹਰੇ ਹੋ ਗਏ
ਪਲਾਂ ਵਿਚ ਹੀ ਨੰਗ-ਮਨੰਗ......

## ਬੇਨਾਵਾਂ

ਬਿਨੈ-ਪੱਤਰ ਮੇਰੇ ਹੱਥ 'ਚ ਫੜਿਆ
ਸੁੱਕੇ ਪੱਤ ਵਾਂਗ ਡੋਲ ਰਿਹਾ ਹੈ
ਤੇ ਮਨ ਮੇਰਾ
ਆਪਣੇ ਘਰ ਦੀ ਡਿਓਢੀ 'ਚੋਂ
ਆਪਣਾ ਅਸਲਾ ਫੋਲ ਰਿਹਾ ਹੈ
ਅਧਿਕਾਰੀ ਨੇ ਇਹ ਪੁੱਛਿਆ ਹੈ
ਕਿਸ ਮਿੱਟੀ 'ਚੋਂ ਤੂੰ ਉੱਗਿਆ ਏਂ ?
ਕਿਹੜੀ ਜਾਤ? ਤੂੰ ਕਿਸ ਰੰਗ ਦਾ ਹੈਂ?
ਕਿਸ ਧਰਮ ਨੂੰ ਤੂੰ ਮੰਨਦਾ ਏਂ ?
ਕਾਲਮ ਵਿਚ ਅੱਗੇ ਲਿਖਿਆ ਹੈ
ਹਿੰਦੂ ਮੁਸਲਿਮ, ਸਿੱਖ ਇਸਾਈ
ਜਾਂ ਬੋਧੀ ਜਾਂ ਜੈਨੀ ਭਾਈ
ਮੈਂ ਰੰਗਾਂ ਨਸਲਾਂ ਵਿਚ ਵੰਡੀ
ਜਾਤਾਂ ਤੇ ਮਜ਼੍ਹਬਾਂ ਵਿਚ ਖਿੰਡੀ
ਡੱਬ ਖੜੱਬੀ ਇਸ ਦੁਨੀਆ ਦਾ
ਵਤਨੀ ਹਾਂ ਪਰ ਬੇਵਤਨਾ ਹਾਂ
ਨੈਣ ਨਕਸ਼ ਦੇ ਹੁੰਦਿਆਂ ਹੋਇਆਂ, ਨਕਸ਼ਹੀਣ ਹਾਂ
ਮੈਲ਼ੇ ਜਿਹੇ ਪੱਤਰ 'ਤੇ ਪਿਆ
ਮਟਮੈਲਾ ਮਿਟਿਆ ਜਿਹਾ, ਇਕ ਸਿਰਨਾਵਾਂ ਹਾਂ
ਨਾਂ ਹੁੰਦਿਆਂ ਵੀ ਬੇਨਾਂਵਾਂ ਹਾਂ ।

## ਸ਼ਨਾਖ਼ਤ

ਮੈਂ ਸ਼ਨਾਖ਼ਤੀ ਪੱਤਰ ਲਈ
ਫਾਰਮ ਭਰ ਰਿਹਾ ਹਾਂ
ਲਿਖਦਾ ਲਿਖਦਾ
ਆਲ਼ੇ ਦੁਆਲ਼ੇ ਤੋਂ ਸਹਿਮਦਾ ਹਾਂ
ਝਿਜਕਦਾ ਹਾਂ-ਡਰ ਰਿਹਾ ਹਾਂ
ਆਪਣੇ ਆਪੇ ਤੋਂ ਉਹਲਾ
ਕਰ ਰਿਹਾ ਹਾਂ ......
ਨਾਲ ਦੀ ਕੁਰਸੀ 'ਤੇ ਕੋਈ ਹੋਰ ਵੀ
ਪੁਰ-ਸਕੂਨ ਬੈਠਾ, ਫਾਰਮ ਭਰ ਰਿਹਾ ਹੈ
ਉਹਦੀ ਕੁੱਲ ਦਾ ਗੌਰਵ, ਉਹਦੀ ਨਜ਼ਰ ਦਾ ਜਲਵਾ
ਭਰੇ ਹੋਏ ਖਾਨਿਆਂ ਵਿਚ, ਧੁੱਪ ਵਾਂਗਰ ਝਰ ਰਿਹਾ ਹੈ
ਸਾਉਣ ਦੀ ਭੂਰ ਵਾਂਗ
ਦੀਦਿਆਂ 'ਚੋਂ ਚਾਨਣ ਵਰ੍ਹ ਰਿਹਾ ਹੈ ......
ਇਕ ਤੀਜਾ ਹੀ ਹੋਵੇਗਾ

ਜੋ ਹਰਫ਼ ਹਰਫ਼ ਪੜ੍ਹੇਗਾ, ਸਭ ਕੁਝ ਦਰਜ ਕਰੇਗਾ
ਪਰਤ ਦਰ ਪਰਤ
ਤੇ ਆਦਮੀ ਦੀ ਪੜਤਾਲ
ਕਿਸੇ ਨੂੰ ਸਿਰ, ਕਿਸੇ ਨੂੰ ਪੈਰ ਵਿਚ
ਤਬਦੀਲ ਕਰੇਗਾ
ਨਵਾਂ ਕੋਈ ਨਾਮ ਧਰੇਗਾ।

## ਉਮੀਦ

ਇੱਲ੍ਹ ਦੇ ਆਲ੍ਹਣੇ 'ਚ, ਪਿਆ ਹੈ ਬੂਰ
ਸੜਿਆ ਸੁੱਕਿਆ, ਮਰਿਆ ਮੁੱਕਿਆ
ਅੱਧ ਅਸਮਾਨੇ ਖੜ੍ਹ-ਸੁੱਕ ਰੁੱਖ 'ਤੇ
ਪਰ ਮਰੀ ਨਹੀਂ ਹੈ, ਉਸਦੀ ਉਮੀਦ
ਬਚੀ ਹੋਈ ਸਹਿਕ ਰਹੀ ਹੈ ਕਿਤੇ
ਮੁੜ ਮੌਲਣ ਦੀ ਖ਼ਾਹਸ਼
ਉਸਨੂੰ ਭਰੋਸਾ ਹੈ
ਮਿੱਟੀ ਦੇ ਗਰਭ 'ਚ ਪਲ਼ ਰਹੇ ਹੁਮ 'ਤੇ
ਪਲੋ ਪਲ ਵਧ ਰਹੀ ਤਲਖ਼ੀ 'ਤੇ, ਹੁੱਟ 'ਤੇ
ਜੋ ਤਿਲ ਤਿਲ ਵਧ ਰਿਹਾ ਹੈ
ਜਿਸ ਬਣਨਾ ਹੈ ਲਾਵਾ
ਜਿਸ ਝੁੱਲਣਾ ਹੈ ਤੂਫ਼ਾਨ ਬਣਕੇ
ਫਿਰ ਟੁੱਟਣਗੇ ਟਾਹਣ, ਡਿੱਗਣਗੇ ਰੁੱਖ
ਇੱਲ੍ਹ ਦਾ ਆਲ੍ਹਣਾ ਵੀ ਤਬਾਹ ਹੋਏਗਾ
ਹਵਾ ਦੇ ਵੇਗ 'ਚ
ਤੀਲ੍ਹਾ ਤੀਲ੍ਹਾ ਬਿਖਰੇਗਾ ਬੂਰ
ਮਿੱਟੀ ਸੰਭਾਲੇਗੀ ਉਸਨੂੰ
ਲਾਏਗਾ ਹਿੱਕ ਨਾਲ
ਜਦੋਂ ਵਰ੍ਹੇਗਾ ਮੀਂਹ
ਮਿਟੇਗੀ ਔੜ
ਤਾਂ ਧਰਤੀ ਦੀ ਕੁੱਖ 'ਚੋਂ
ਫੁੱਟੇਗੀ ਉਸ ਦੀ ਵੀ ਜੜ੍ਹ
ਉਹ ਵੀ ਮੌਲੇਗਾ ਹਰੀ ਭਰੀ ਧਰਤੀ 'ਤੇ ।

## ਧੁੰਦ ਤੋਂ ਪਾਰ

ਮੇਰਾ ਫ਼ਿਕਰ ਨਾ ਕਰਨਾ
ਮੈਂ ਕਿਤੇ ਨਹੀਂ ਗਿਆ
ਅੰਗ ਸੰਗ ਹਾਂ ਧਾਡੇ
ਮੈਂ ਸ਼ਬਦਾਂ ਦੇ ਜੰਗਲ 'ਚ
ਨਾ ਉਲਝਿਆ ਹਾਂ, ਨਾ ਅਸਤਿਆ ਹੀ

ਮੈਂ ਬਸ ਉਸ ਪੂਜ ਪੁਸਤਕ ਦੇ ਸਨਮੁੱਖ ਹਾਂ
ਜਿਹੜੀ ਕਰਮ ਕਰਨ ਨੂੰ ਤਾਂ ਮਹਾਤਮ ਗਿਣਦੀ ਹੈ
ਪਰ ਫ਼ਲ ਦੀ ਇੱਛਾ ਨੂੰ ਪਾਪ ਦੱਸ ਕੇ
ਹੱਕ ਤੋਂ ਹੋੜਦੀ ਹੈ, ਨਿਆਂ ਤੋਂ ਵਰਜਦੀ ਹੈ
ਤੇ ਨਕਾਰਦੀ ਹੈ ਮਿਹਨਤ ਨੂੰ, ਮੁੜ੍ਹਕੇ ਨੂੰ
ਮੈਂ ਉਸ ਕੁਫ਼ਰ ਨੂੰ
ਉਸ ਝੂਠ ਨੂੰ ਮੁਖ਼ਾਤਿਬ ਹਾਂ
ਜਿਹੜਾ ਸਾਡੀ ਜਹਾਲਤ ਨੂੰ, ਜ਼ਲਾਲਤ ਨੂੰ
ਪਿਛਲੇ ਕਰਮਾਂ ਦਾ ਫ਼ਲ ਦੱਸਦਾ ਏ, ਤੇ ਛਲਦਾ ਹੈ
ਮੈਂ ਉਸ ਪਾਖੰਡ, ਉਸ ਦੰਭ ਦੇ ਸਾਹਮਣੇ ਹਾਂ
ਜਿਹੜਾ ਮਾਨਵ ਦੇ ਇਕ ਨੂਰ ਦਾ ਢੰਡੋਰਾ ਪਿੱਟਦਾ ਏ
ਤੇ ਖ਼ੁਦ ਰੰਗਾਂ ਤੇ ਨਸਲਾਂ ਦੇ ਜੋੜ 'ਚੋਂ
ਆਪਣੇ ਰੰਗ, ਆਪਣੀ ਨਸਲ ਨੂੰ ਵਡਿਆਉਂਦਾ ਏ
ਮੈਂ ਉਸ ਮੁਹਾਵਰੇ ਨਾਲ ਦੋ-ਚਾਰ ਹਾਂ
ਜਿਸਦਾ ਦਾਅਵਾ, ਸੱਤੀਂ ਵੀਹੀਂ ਸੌ ਗਿਣਦਾ ਹੈ
ਮੈਂ ਸ਼ਬਦਾਂ ਦੇ ਜੰਗਲ 'ਚ ਨਹੀਂ
ਅਰਥਾਂ ਦੀ ਤਹਿ ਤਕ, ਧਾਡੇ ਨਾਲ ਹਾਂ
ਧਾਡੇ ਅੰਗ-ਸੰਗ ਹਾਂ ।

## ਲਹਿਰਦੇ ਲਰਜ਼ਦੇ ਪਲ

ਤੈਨੂੰ ਤਾਂ ਸ਼ਾਇਦ ਵਿਸਰ ਗਏ ਹੋਣ
ਕੋਹਲੂ-ਗੇੜ 'ਚ ਉਲਝਦਿਆਂ-ਅਸਤਦਿਆਂ
ਭੁੱਲ ਗਏ ਹੋਣ
ਉਹ ਕੂਲ਼ੇ ਅਹਿਸਾਸਾਂ ਦੇ, ਲਵੇ-ਲਵੇ ਬਿੰਬ
ਜਦੋਂ ਦੁਨੀਆ ਤੇ ਦੀਨ ਤੋਂ ਉਹਲੇ
ਆਪਾਂ ਆਪੋ-ਆਪਣੀ, ਰਾਮ-ਕਾਰ ਉਲੰਘ ਕੇ
ਚੱਪਾ ਕੁ ਧਰਤੀ ਤੇ ਗਿੱਠ ਕੁ ਅੰਬਰ
ਆਪਣੇ ਲਈ ਸਿਰਜਿਆ ਸੀ
ਮੈਨੂੰ ਤੇਰਾ ਤਾਂ ਇਲਮ ਨਹੀਂ
ਪਰ ਧਰਤੀ ਦੀ ਸਹੁੰ
ਖਲਜਗਣਾਂ ਦੇ ਗਧੀ-ਗੇੜ 'ਚ ਵੀ
ਮੇਰੇ ਮਨ-ਮਸਤਕ ਦੇ ਚਿਤਰਪਟ 'ਤੇ
ਡੂੰਘੇ ਖੁਣੇ ਗਏ ਹੋਏ ਨੇ
ਧੁਰ ਅੰਦਰ ਕਿਤੇ
ਗੂੜ੍ਹੇ ਰੰਗੀਂ ਬੁਣੇ ਗਏ ਹੋਏ ਨੇ
ਤਪਦੀ ਉਮਰ ਦੇ, ਉਹ ਰਾਂਗਲੇ-ਸੁਰਾਂਗਲੇ ਛਿਣ
ਜਿਹਨਾਂ ਦਾ ਸਿਖਰ

ਨਾ ਜੰਡ ਦੀ ਸੰਘਣੀ ਛਾਂ ਸੀ
ਨਾ ਚਾਰ ਲਾਵਾਂ ਦੀ ਮੁਥਾਜੀ
ਯਕੀਨ ਕਰੀਂ
ਸਿਮਰਤੀਆਂ 'ਚ ਅੱਜ ਵੀ ਮਹਿਕ ਰਹੀ ਹੈ
ਕੇਸੂ ਦੇ ਫੁੱਲਾਂ ਵਾਂਗ ਟਹਿਕ ਰਹੀ ਹੈ
ਉਹ ਘੜੀ-ਅੱਜ ਵੀ ਉੱਥੇ ਖੜ੍ਹੀ
ਤੇ ਯਾਦਾਂ ਦੀਆਂ ਮੀਢੀਆਂ 'ਚ, ਗਈ ਹੈ ਜੜੀ
ਮੇਰੇ ਯਾਰ-ਸੱਚ ਜਾਣੀਂ
ਪੁਲ਼ਾਂ ਹੇਠੋਂ ਲੰਘ ਗਿਆ ਹੈ, ਭਾਵੇਂ ਬਹੁਤ ਪਾਣੀ
ਪਰ ਚੇਤਿਆਂ 'ਚ, ਅਜੇ ਵੀ ਲਿਸ਼ਕ ਰਹੀ ਹੈ
ਲਹਿਰਦੇ-ਲਰਜ਼ਦੇ, ਪਲਾਂ ਦੀ ਕਹਾਣੀ ।

## ਪਿੰਡ

ਅੰਬਰ ਹੁਣ ਵੀ ਪਿੰਡ ਉੱਤੇ
ਤਾਰਿਆਂ ਦਾ ਚੰਦੋਆ ਉਸੇ ਤਰ੍ਹਾਂ ਤਾਣਦਾ ਹੈ
ਪਰ ਤਾਰਿਆਂ ਦੀ ਲੋਅ
ਰੇਹਾਂ ਤੇ ਸਪਰੇਹਾਂ ਦੀ ਹਮਕ ਨੇ
ਪਲੀਤ ਕਰ ਦਿੱਤੀ ਹੈ
ਡੱਬ-ਖੜੱਬੀ ਹੋ ਰਹੀ ਹੈ
ਪਿੰਡ ਦੀ ਸਾਵੀ ਚਾਦਰ
ਤੇ ਬੱਚੇ ਗੂੜ੍ਹੇ ਰੰਗਾਂ ਦੀ ਤਲਾਸ਼ 'ਚ
ਦਰ-ਬ-ਦਰ ਖਾਕ ਛਾਣ ਰਹੇ ਹਨ।
ਪਿੰਡ ਹੁਣ ਉਸ ਰਾਜ ਕੁਮਾਰ ਦੀ
ਬਾਤ ਨਹੀਂ ਪਾਉਂਦਾ, ਕਥਾ ਨਹੀਂ ਛੇੜਦਾ
ਜਿਹੜਾ ਹੋਣੀਆਂ ਨਾਲ ਮੱਥਾ ਲਾਉਂਦਾ ਸੀ
'ਵੱਡੇ' ਖਿਡਾਰੀਆਂ ਤੇ ਸ਼ਿਕਾਰੀਆਂ ਨੂੰ
ਪੜ੍ਹਨੇ ਪਾਉਂਦਾ ਸੀ
ਪਿੰਡ ਤਾਂ ਬੱਸ ਹੁਣ ਆਲ੍ਹਣਾ ਬਚਾਉਂਦਾ ਹੈ
ਬੋਟਾਂ ਨੂੰ 'ਸੰਭਲ਼ਕੇ' ਰਹਿਣ ਦੇ
ਗੁਰ ਸਿਖਾਉਂਦਾ ਹੈ ।

ਪਿੰਡ ਹੁਣ ਕਥਾ 'ਚ ਆਈ
ਉਸ ਚੌਥੀ ਕੂਟ ਵਰਗਾ ਹੈ
ਜਿੱਥੇ ਨਾਇਕ ਨੇ ਕਦਮ ਕਦਮ
ਉਲਝਣਾ ਤੇ ਅਸਤਣਾ ਹੈ
ਪਰ ਪਿੰਡ ਨੇ ਕਥਾ-ਨਾਇਕ ਵਾਂਗ
ਫਤਹਿ ਦਾ ਪਰਚਮ

ਕਦੇ ਲਹਿਰਾ ਨਹੀਂ ਸਕਣਾ
ਭੌਂਅ ਭਾਂਡਾ ਗੰਵਾ ਕੇ ਵੀ
ਕੁਝ ਬਚਾ ਨਹੀਂ ਸਕਣਾ ।

ਪਿੰਡ ਨਮੋਸ਼ੀ 'ਚ ਮੂੰਹ ਲਕਾਉਂਦਾ ਹੈ
ਸਿਰ ਝੁਕਾ ਕੇ - ਪਾਸਾ ਵੱਟ ਕੇ
ਦਾੜ੍ਹੀ 'ਚ ਅੱਥਰੂ ਛਪਾਉਂਦਾ ਹੈ
ਹੁਬਕੀ ਹੁਬਕੀ ਰਿਸ ਰਿਹਾ ਹੈ
ਹਿਸ ਰਿਹਾ ਹੈ, ਪਿਸ ਰਿਹਾ ਹੈ
ਨਸ਼ੇੜੀ ਪੁੱਤ ਤੂੜੀ ਦੇ ਕੁੱਪ 'ਚੋਂ
ਪੁੜੀ ਟੋਲ਼ਦਾ-ਭਾਲ਼ਦਾ, ਖੁਦ ਗਵਾਚ ਗਿਆ ਹੈ
ਖੇਤ ਤੋਂ ਮੁੜਿਆ ਬਿਹਾਰੀ ਕਾਮਾ
ਪੁਲਿਸ ਦੀ ਪੜਤਾਲ ਬਾਰੇ ਦੱਸਦਾ ਹੈ
ਲੋਕ ਕਥਾ ਦਾ ਡਰਾਉਣਾ ਦੈਂਤ
ਖੋਲ੍ਹ ਕੇ ਪੂਰਾ ਜਬ੍ਹਾੜਾ
ਭਿੜੇ ਹੋਏ ਦਰਾਂ ਦੇ ਬਾਹਰ, ਹੱਸਦਾ ਹੈ।

ਪਿੰਡ ਦਾ ਮੱਥਾ ਠਣਕਿਆ ਹੈ
ਸਰਘੀ ਵੇਲ਼ੇ, ਬਾਣੀ ਪੜ੍ਹਨ ਵਾਲਾ ਭਾਈ
'ਵਿਹੜੇ' ਦੇ ਬਾਈਕਾਟ ਦਾ
ਫਤਵਾ ਪੜ੍ਹ ਰਿਹਾ ਹੈ
ਸਰਬੱਤ ਦਾ ਭਲਾ ਮੰਗਣ ਵਾਲੇ
ਗੁਰੂ ਘਰ ਦੇ ਅਰਦਾਸੀਏ ਸਿੰਘ ਦੀ ਥਾਂ
ਇਹ ਕਿਸਦੀ ਆਵਾਜ਼ ਆਈ ਹੈ
ਬਾਬੇ ਨਾਨਕ ਦੇ ਦਰਬਾਰ 'ਚ
ਅੱਜ ਕਿਹੜਾ ਭਾਈ ਹੈ

ਪਰਵਾਸੀਆਂ ਵੱਲੋਂ ਬਣਾਏ
ਪਿੰਡ ਦੇ ਵੱਡੇ ਗੇਟ ਦੀ ਓਟ 'ਚ
ਪੂਰਬੀਏ ਪਰਵਾਸੀ ਦੀ ਦੁਕਾਨ ਹੈ
ਵੱਖਰੀ ਜਿਹੀ ਰਹਿਤਲ
ਤੇ ਓਪਰੀ ਜਿਹੀ ਜ਼ੁਬਾਨ ਹੈ
ਉਹ ਆਪਣੇ ਭੇਤੀ ਨੂੰ, ਹੌਲ਼ੀ ਜਿਹੀ ਦੱਸਦਾ ਹੈ
"ਸਰਦਾਰ ਤੋ ਅਮਰੀਕਾ ਸੇ ਕਬ ਪਰਤੇ
ਬੀਬੀ ਜੀ ਭੀ ਨਹੀਂ ਜਾਨਤੀ
ਪਰ ਮੇਰੀ ਹਰ ਬਾਤ ਮਾਨਤੀ ਹੈ"
ਉਸਦੀਆਂ ਅੱਖਾਂ 'ਚ, ਤਾਜ਼ੇ ਫੁੱਲਾਂ ਦੀ ਆਬ

ਤੇ ਸਾਉਲ਼ੇ ਚਿਹਰੇ 'ਤੇ ਖੇੜਾ ਹੈ
ਹਰੇ ਇਨਕਲਾਬ ਤੋਂ ਬਾਅਦ ਦਾ ਦੌਰ ਹੈ
ਵਿਕਾਸ ਦਾ ਨਵਾਂ ਗੇੜਾ ਹੈ

ਮਾਤਮੀ ਸਫ ਵਾਂਗ ਵਿਛਿਆ ਪਿਆ ਪਿੰਡ
ਸੂਰਜ ਦੀ ਧੁੱਪ 'ਚ ਧੋਅ ਲੈਂਦਾ ਹੈ
ਆਪਣੀ ਹਾਰ ਦੀ ਨਮੋਸ਼ੀ
ਚਿੱਤਕਬਰੇ ਟੋਟੇ ਨਾਲ
ਸਾਫ ਕਰ ਲੈਂਦਾ ਹੈ ਆਪਣੀ ਕਾਇਆ
ਪੁਰੇ ਦੀ ਹਵਾ 'ਚ
ਧੂੜ ਤੇ ਧੁੰਦ ਵਾਂਗ ਉਡਦੀ ਰਹਿੰਦੀ ਹੈ
ਰਸਾਇਣ ਦੀ ਗੰਧ
ਤੇ ਸਵੇਰ ਅਜੇ ਵੀ
ਮਰੀਕੀਆਂ ਦੇ ਕਿੱਕਰ 'ਚ ਫਸੀ
ਕਿਤੇ ਦੂਰ ਫੜਫੜਾ ਰਹੀ ਹੈ।

## ਸ਼ੱਕਰ ਦਾ ਸ਼ਰਬਤ

ਗੁਰੂ ਬਾਬੇ ਦਾ ਜਨਮ ਪਰਵ ਹੈ
ਤੇ ਦਰਬਾਰ 'ਚ ਸ਼ਰਧਾ ਭਿੱਜੀਆਂ
ਰਸ-ਨੂਰ 'ਚ ਡੁੱਬੀਆਂ ਸੰਗਤਾਂ
ਹੁਲਾਰੇ 'ਚ ਨੇ
ਜੋਸ਼-ਜਕਾਰੇ 'ਚ ਨੇ
ਪਾਠੀ ਅਰਜਣ ਸਿੰਘ
ਭਾਈ ਮਰਦਾਨੇ ਦੀ ਸਾਖੀ ਸੁਣਾ ਰਿਹਾ ਹੈ
ਕੌੜੇ ਰੀਠਿਆਂ 'ਚ
ਅੰਮ੍ਰਿਤ ਦੀ ਰਸਨਾ ਦਰਸਾ ਰਿਹਾ ਹੈ
ਕਥਾ ਨਾਲ ਬਿਰਤੀ ਜੋੜਦਿਆਂ
ਜਰਬ ਜੋੜ ਤੋਂ ਮੂੰਹ ਮੋੜਦਿਆਂ
ਚੇਤਿਆਂ 'ਚ ਆ ਟਪਕਦਾ ਹੈ
ਛਾਂਗੇ ਸਰਪੰਚ ਦਾ ਕਾਮਾ
ਭਾਨੇ ਹੱਥੋਂ ਇਸੇ ਪਾਠੀ ਨੇ
ਛਬੀਲ ਵਾਲੇ ਦਿਨ
ਜਲ ਵਾਲਾ ਜੱਗ ਖੋਹਿਆ ਸੀ
ਸ਼ੱਕਰ ਦਾ ਸ਼ਰਬਤ
ਕੌੜਤੁੰਮੇ ਦਾ ਰਸ ਹੋਇਆ ਸੀ
ਭਾਈ ਮਰਦਾਨਾ ਰੀਠੇ ਛਕ ਰਿਹਾ ਹੈ
ਭਾਨੇ ਦਾ ਅੰਦਰ ਬਾਹਰ ਅਜੇ ਵੀ ਤਪ ਰਿਹਾ ਹੈ। 000

# ਮੇਰੀ ਸਿਰਜਣ ਪ੍ਰਕਿਰਿਆ: ਮਦਨ ਵੀਰਾ

ਜਦੋਂ ਮੈਂ ਆਪਣੀ ਕਵਿਤਾ ਦੀ ਮੁੱਢਲੀ ਪ੍ਰੇਰਨਾ ਜਾਂ ਸਿਰਜਣਾ ਦੇ ਆਰੰਭ ਬਾਰੇ ਸੋਚਦਾ ਹਾਂ ਤਾਂ ਮੈਨੂੰ ਆਪਣੇ ਆਲ਼ੇ ਦੁਆਲ਼ੇ ਜਾਂ ਪਰਿਵਾਰਕ ਪਿਛੋਕੜ 'ਚ ਪਹਿਲੀ ਨਜ਼ਰੇ ਕੁੱਝ ਇਹੋ ਜਿਹਾ ਨਜ਼ਰ ਨਹੀਂ ਆਉਂਦਾ ਜਿਸਨੇ ਮੈਨੂੰ ਕਵਿਤਾ ਲਿਖਣ ਲਈ ਪ੍ਰੇਰਿਆ ਹੋਵੇ। ਇਸ ਸਮੇਂ ਜਦੋਂ ਮੈਂ ਬੀਤੇ ਦੇ ਧੁੰਦਲਕੇ 'ਚੋਂ ਅਤੀਤ ਦੇ ਨੈਣ ਨਕਸ਼ ਲੱਭ ਕੇ, ਉਹਨਾਂ ਨਾਲ ਆਪਣੀ ਕਾਵਿ ਸਿਰਜਣਾ ਦੇ ਕੋਈ ਸਰੋਕਾਰ ਲੱਭ ਰਿਹਾ ਹਾਂ ਤਾਂ ਮੈਂ ਦੇਖ ਰਿਹਾ ਹਾਂ ਕਿ ਮੈਂ ਵੀ ਵਿਹੜੇ ਦੇ ਹੋਰ ਮੁੰਡਿਆਂ ਵਰਗਾ ਉਹਨਾਂ ਵਾਂਗ ਹੀ ਸਮਾਜਕ ਆਰਥਿਕ ਪਛੜੇਵੇ ਦਾ ਸ਼ਿਕਾਰ ਉਘੜ ਦੁਘੜਾ ਤੇ ਬੇਤਰਤੀਬਾ ਹੀ ਸੀ। ਖੇਡਣ ਕੁੱਦਣ ਤੇ ਧੌਲ਼ ਧੱਫਾ ਮਾਰਨ ਜਾਂ ਖਾਣ 'ਚ ਵੀ ਉਹਨਾਂ ਜਿਹਾ ਹੀ ਸੀ। ਪਰ ਛਪੇ ਹੋਏ ਅੱਖਰਾਂ ਨੂੰ ਪੜ੍ਹਨ ਦੀ ਭੁੱਖ ਤੇ ਸੁਣਨ ਵਾਲੀ ਗੱਲ ਵੱਲ ਵਿਸ਼ੇਸ਼ ਤਵੱਜੋ ਦੇਣ ਦੀ ਬਿਰਤੀ ਨੇ ਮੈਨੂੰ ਉਹਨਾਂ ਮੁੰਡਿਆਂ ਨਾਲੋਂ ਜ਼ਰੂਰ ਵੱਖਰਾ ਕੀਤਾ ਹੋਇਆ ਸੀ। ਮੇਰੇ ਬਾਬਾ ਜੀ (ਦਾਦਾ) ਨੂੰ ਸਾਧੂ ਦਇਆ ਸਿੰਘ ਆਰਿਫ ਦਾ 'ਜ਼ਿੰਦਗੀ ਬਿਲਾਸ' ਪੂਰਾ ਯਾਦ ਸੀ। ਮੇਰਾ ਇਕ ਤਾਇਆ ਹੀਰ ਵੀ ਗਾਇਆ ਕਰਦਾ ਸੀ। ਪਰ ਇਸ ਸਮੁੱਚੇ ਪਰਿਵਾਰ 'ਚੋਂ ਮੌਲਿਕ ਸਿਰਜਣਾ ਤੇ ਖਾਸ ਕਰਕੇ ਕਾਵਿ ਸਿਰਜਣਾ ਵਾਲਾ ਮਾਹੌਲ ਜਾਂ ਪ੍ਰੇਰਨਾ ਨਾਂ ਦਾ ਕਿਤੇ ਕੁੱਝ ਨਹੀਂ ਸੀ। ਕਵਿਤਾ ਵਰਗੀ ਗੱਲ ਤਾਂ ਉਦੋਂ ਹੋਰ ਵੀ ਓਪਰੀ ਹੋ ਜਾਂਦੀ ਹੈ ਜਦੋਂ ਆਲ਼ੇ ਦੁਆਲ਼ੇ ਅਨਪੜ੍ਹਤਾ, ਅਗਿਆਨਤਾ ਅਤੇ ਭਰਮਾਂ ਦਾ ਜਾਲ਼ ਬੜਾ ਸੰਘਣਾ ਹੋਵੇ।

ਉਹਨਾਂ ਦਿਨਾਂ 'ਚ ਘਰਾਂ ਦੇ ਜ਼ਰਬ – ਜੋੜਾਂ 'ਚੋਂ ਲਾਂਭੇ ਕੀਤੇ ਵਿਹਲੇ ਬਜ਼ੁਰਗ ਅਕਸਰ ਪਿੰਡ ਦੇ ਡੇਰੇ 'ਚ ਆ ਬੈਠਦੇ ਸਨ। ਇਹ ਡੇਰਾ, ਜਿੱਥੇ ਅੱਜਕਲ੍ਹ ਗੁਰਦੁਆਰਾ ਬਣਿਆ ਹੋਇਆ ਹੈ, ਉਦੋਂ ਘਰੋਂ ਬਾਹਰੋਂ ਧੱਕੇ ਗਏ ਲੋਕਾਂ ਦੀ ਸ਼ਰਣਗਾਹ ਸੀ, ਜਿੱਥੇ 'ਧਰਮ ਗੋਸ਼ਟ' ਤੇ ਨਰਕ ਸੁਰਗ ਦੀਆਂ ਸਾਖੀਆਂ ਮੈਂ ਅਕਸਰ ਆਪਣੇ ਦਾਦਾ ਜੀ ਨਾਲ ਸੁਣਦਾ ਸੀ। ਮੱਸਿਆ, ਸੰਗਰਾਦ ਜਾਂ ਸਾਲ ਛੇ ਮਹੀਨੇ ਬਾਅਦ ਜਦੋਂ ਇਸ ਡੇਰੇ 'ਤੇ ਕੋਈ ਦਿਨ ਦਿਹਾਰ ਮਨਾਇਆ ਜਾਂਦਾ ਤਾਂ ਸਾਨੂੰ ਚਾਅ ਚੜ੍ਹ ਜਾਂਦਾ। ਰਾਤ ਹੁੰਦਿਆਂ ਹੀ ਜਦੋਂ ਦੀਵੇ ਬੱਤੀ ਤੋਂ ਬਾਅਦ, ਇੱਥੇ ਰਟੇ ਰਟਾਏ ਧਾਰਮਿਕ ਸ਼ਬਦਾਂ ਦੀ ਧੁਨ ਛਿੜਦੀ ਤਾਂ ਮੁੰਡੀਰ ਪਲਾਂ 'ਚ ਇਕੱਠੀ ਹੋ ਜਾਂਦੀ। ਸਾਡੇ ਪਿੰਡ ਦਾ ਅਨਪੜ੍ਹ ਗਾਇਕ ਸ਼ੱਬਾ ਜੋ ਉਸ ਸੰਗੀਤ ਟੋਲੀ ਦਾ ਆਗੂ ਹੁੰਦਾ, ਗਾਉਂਦੇ ਸਮੇਂ ਵਜਦ ਵਿਚ ਆ ਕੇ ਅੱਖਾਂ ਮੀਟ ਲੈਂਦਾ। ਕਈ ਵਾਰ ਗਾਉਂਦੇ-ਗਾਉਂਦੇ 'ਖੇਡਣ' ਲੱਗ ਜਾਂਦਾ। ਉਸਦੀ ਆਵਾਜ਼ ਫਟ ਕੇ ਪਾਟੇ ਬਾਂਸ ਵਰਗੀ ਹੋ ਜਾਂਦੀ, ਸੁਰ ਉੱਖੜ ਜਾਂਦੀ, ਸਿਰ 'ਤੇ ਬੱਝਾ ਹੋਇਆ ਸਾਫਾ ਖੁੱਲ੍ਹ ਜਾਂਦਾ, ਵਾਲ਼ ਖਿੱਲਰ ਜਾਂਦੇ। ਗਾਉਣ ਵਾਲੀ ਟੋਲੀ ਦੇ ਬਾਕੀ ਮੈਂਬਰ ਲਗਾਤਾਰ ਗਾਉਂਦੇ ਰਹਿੰਦੇ। ਆਲ਼ੇ-ਦੁਆਲ਼ੇ ਬੈਠੇ ਬੱਚੇ ਅਤੇ ਔਰਤਾਂ ਰੋਣਾ ਸ਼ੁਰੂ ਕਰ ਦਿੰਦੇ। ਪਰ ਕੁਝ 'ਦਾਨੇ-ਬੀਨੇ' ਲੋਕ ਅਖੌਤੀ ਸ਼ਕਤੀ ਅੱਗੇ ਹੱਥ ਜੋੜ ਕੇ 'ਦੁਆ-ਬੰਦਗੀ' ਸ਼ੁਰੂ ਕਰ ਦਿੰਦੇ। ਉਸਤੋਂ ਬਾਅਦ ਇਹ ਕੀਰਤਨ ਮੰਡਲੀ ਇੱਥੇ ਹੀ ਕੀਰਤਨ ਸਮਾਪਤ ਕਰ ਦਿੰਦੀ। ਪਰ ਅਸੀਂ ਕੁਝ ਮੁੰਡੇ ਰਲ਼-ਮਿਲ਼ ਕੇ ਸ਼ੱਬੋ ਦੇ ਜੋੜੇ ਗੀਤਾਂ ਵਿਚ ਕੁਝ ਹੋਰ ਤੁਕਾਂ ਜੋੜਦੇ-ਜੋੜਦੇ ਉਸਦੀ ਮਾਂ ਦਾ ਨਾਂ ਵੀ ਤੁਕਾਂ ਵਿਚ ਜੋੜ ਦਿੰਦੇ। ਹਾਸੇ ਮਜ਼ਾਕ ਨਾਲ ਤੁਕਾਂ ਜੋੜਦੇ-ਜੋੜਦੇ ਮੈਂ ਤੇ ਮੇਰਾ ਆੜੀ ਦਰਸ਼ੀ ਸ਼ੱਬੇ ਦੇ ਗੀਤਾਂ ਨੂੰ ਚਣੌਤੀ ਦੇਣ ਲੱਗ ਪਏ।

ਮੈਨੂੰ ਯਾਦ ਹੈ ਕਿ ਮੈਂ ਆਪਣੀ ਪਹਿਲੀ ਕਵਿਤਾ 1980 'ਚ ਉਦੋਂ ਲਿਖੀ ਜਦੋਂ ਮੈਂ ਹਾਇਰ ਸੈਕੰਡਰੀ ਸਕੂਲ ਟਾਂਡਾ ਉੜਮੁੜ ਵਿਖੇ ਦਸਵੀਂ 'ਚ ਪੜ੍ਹਦਾ ਸੀ। ਇਸ ਕਵਿਤਾ ਦੀ ਸਿਰਜਣਾ ਪਿੱਛੇ ਭਾਈ ਵੀਰ ਸਿੰਘ ਦੀਆਂ ਸਿਲੇਬਸ 'ਚ ਪੜ੍ਹੀਆਂ ਰੁਬਾਈਆਂ ਦਾ ਪ੍ਰਭਾਵ ਸੀ। ਇਸ

ਕਵਿਤਾ ਦਾ ਖਿਆਲ ਮੇਰੇ ਮਨ 'ਚ ਉਸ ਸਮੇਂ ਆਇਆ ਸੀ, ਜਦੋਂ ਮੈਂ ਆਪਣੇ ਪਿੰਡ ਵਿਚ ਨਵੇਂ ਲੱਗਣ ਵਾਲੇ ਕਿੰਨੂਆਂ ਦੇ ਬਾਗ਼ ਦੀ ਨਰਸਰੀ 'ਚ ਮਾਲੀ ਨੂੰ ਬੂਟੇ ਪਿਉਂਦ ਕਰਦੇ ਦੇਖਿਆ ਸੀ। ਮਾਲੀ ਇਸ ਨਰਸਰੀ 'ਚ ਆਪਣੇ ਵੱਲੋਂ ਤਿਆਰ ਕੀਤੇ ਪੌਦੇ ਨੂੰ ਆਪ ਹੀ ਅੱਧ ਵਿਚਾਲ਼ਿਓਂ ਕੱਟ ਕੇ, ਦੁਫਾੜ ਕਰਕੇ, ਦੂਸਰੀ ਕਲਮ ਨਾਲ ਗੰਢ ਰਿਹਾ ਸੀ। ਮਾਲੀ ਦਾ ਇਹ ਕਰਮ ਮੇਰੇ ਲਈ ਕਰਾਮਾਤ ਵਾਲਾ ਸੀ। ਮੇਰੇ ਮਨ 'ਚ ਖਿਆਲ ਆਇਆ ਕਿ ਮਾਲੀ ਲਈ ਹੱਥੀਂ ਲਾਏ ਪੌਦੇ ਦਾ ਸਿਰ ਕਲਮ ਕਰਨਾ ਕਤਲ ਕਰਨ ਵਰਗੀ ਗੱਲ ਹੈ। ਪਰ ਉਸੇ ਪੌਦੇ ਨੂੰ ਪਿਉਂਦ ਲਾ ਕੇ ਮੁੜ ਹਰਾ-ਭਰਾ ਕਰਨਾ ਸਿਫਤੀ ਤਬਦੀਲੀ ਦਾ ਅਮਲ ਹੈ। ਮੈਂ ਇਸ ਘਟਨਾ ਨੂੰ ਦੋ ਹਿੱਸਿਆਂ 'ਚ ਵੰਡ ਕੇ ਪਹਿਲੀਆਂ ਚਾਰ ਸਤਰਾਂ 'ਚ ਪੌਦੇ ਦੇ ਉਸ ਦੁੱਖ ਨੂੰ ਬਿਆਨਿਆ ਜਿਸ ਵਿਚ ਉਹ ਆਪਣੇ ਪਾਲਕ ਤੇ ਮਾਲਕ ਅੱਗੇ ਆਪਣੇ ਦੁੱਖ ਰੋਂਦਾ ਹੈ ਅਤੇ ਅਗਲੀਆਂ ਚਾਰ ਸਤਰਾਂ 'ਚ ਮੈਂ ਮਾਲੀ ਦਾ ਪ੍ਰਤੀਕਰਮ ਪੇਸ਼ ਕੀਤਾ। ਇਨ੍ਹਾਂ ਰੁਬਾਈਆਂ ਵਿਚ ਮੈਂ ਭਾਵੇਂ ਤਕਨੀਕੀ ਪੱਖ ਤੋਂ ਬਹੁਤ ਸੁਚੇਤ ਨਹੀਂ ਸੀ, ਪਰ ਤੁਕਾਂਤ ਦਾ ਮੇਲ ਅਤੇ ਰਿਦਮ ਏਨਾ ਪ੍ਰਭਾਵਸ਼ਾਲੀ ਸੀ ਕਿ ਇਨ੍ਹਾਂ ਰੁਬਾਈਆ ਨੂੰ ਮੈਂ ਅੱਜ ਵੀ ਪਸੰਦ ਕਰਦਾ ਹਾਂ। ਮੈਨੂੰ ਮੇਰੇ ਪੰਜਾਬੀ ਅਧਿਆਪਕ ਐੱਸ.ਐੱਸ. ਕੰਵਰ ਨੇ ਸਲਾਹ ਦਿੱਤੀ ਕਿ ਮੈਂ ਸਕੂਲ ਲਾਇਬਰੇਰੀ ਵਿਚੋਂ ਕੁਝ ਪੁਸਤਕਾਂ ਲੈ ਕੇ ਪੜ੍ਹਾਂ। ਪਰ ਲਾਇਬਰੇਰੀ ਦੀ ਇੰਚਾਰਜ ਮੈਡਮ ਦਾ ਚਿਹਰਾ ਮੇਰੀ ਸ਼ਕਲ ਦੇਖ ਕੇ ਹੀ ਏਨਾ ਲਾਲ ਪੀਲ਼ਾ ਹੋ ਗਿਆ ਕਿ ਮੈਂ ਮੁੜ ਕਦੇ ਲਾਇਬਰੇਰੀ ਵੱਲ ਮੂੰਹ ਨਾ ਕਰ ਸਕਿਆ। ਉਂਝ ਉਹਨਾਂ ਦਿਨਾਂ 'ਚ ਮੈਂ ਹੋਰ ਕਵਿਤਾਵਾਂ ਵੀ ਲਿਖੀਆਂ ਪਰ ਰੁਬਾਈਆ ਵਰਗੀ ਗੱਲ ਨਹੀਂ ਸੀ ਬਣੀ। ਮੇਰੇ ਆੜੀ ਦਰਸ਼ਣ ਅਤੇ ਸੁਰਿੰਦਰ ਨੂੰ ਵੀ ਇਹ ਕਵਿਤਾਵਾਂ ਸ਼ੱਬੇ ਦੇ ਆਪ ਜੋੜੇ ਗੀਤਾਂ ਵਰਗੀਆਂ ਲਗਦੀਆਂ ਸਨ। ਉਹਨਾਂ ਅਨੁਸਾਰ ਇਹਨਾਂ ਕਵਿਤਾਵਾਂ ਵਿਚ ਤੁਕਾਂਤ ਤਾਂ ਜੁੜਦਾ ਸੀ ਪਰ ਕਵਿਤਾ ਨਹੀਂ ਸੀ।

ਦਸਵੀਂ ਦੀ ਪਰੀਖਿਆ ਮੁੱਕਣ ਤੋਂ ਦੋ-ਤਿੰਨ ਦਿਨ ਬਾਅਦ ਚੌਂਕੇ ਵਿਚ ਬੈਠੇ ਰੋਟੀ ਖਾਂਦੇ ਨੂੰ ਮੇਰੇ ਛੋਟੇ ਭਰਾ ਨੇ ਦੱਸਿਆ ਕਿ ਸਾਧੇ ਦਾ ਕੁੱਕੂ ਰਾਜ ਮਿਸਤਰੀ ਦਾ ਕੰਮ ਸਿੱਖਣ ਲਈ ਆਪਣੇ ਮਾਮੇ ਕੋਲ ਜਲੰਧਰ ਚਲਾ ਗਿਆ ਹੈ। ਕੁੱਕੂ ਪਹਿਲੀ ਜਮਾਤ ਤੋਂ ਲੈ ਕੇ ਹੁਣ ਤਕ ਮੇਰਾ ਜਮਾਤੀ ਰਿਹਾ ਸੀ। ਮੈਂ ਜਾਣਦਾ ਸੀ ਕਿ ਉਹ ਆਪਣੇ ਸ਼ਰਾਬੀ ਬਾਪ ਤੋਂ ਬਹੁਤ ਪ੍ਰੇਸ਼ਾਨ ਹੈ। ਉਹਨਾਂ ਦੇ ਘਰ ਵਿਚ ਹੁੰਦੀ ਕਾਟੋ-ਕਲੇਸ਼ ਤੋਂ ਸਾਰਾ ਵਿਹੜਾ ਵਾਕਫ ਸੀ। ਮੈਨੂੰ ਉਸਦਾ ਅਚਾਨਕ ਜਲੰਧਰ ਜਾਣਾ ਚੰਗਾ ਨਹੀਂ ਲੱਗਿਆ ਸੀ। ਪਰ ਸਭ ਤੋਂ ਬੁਰੀ ਇਹ ਗੱਲ ਸੀ ਕਿ ਕੁੱਕੂ ਨੇ ਜਾਣ ਤੋਂ ਦੋ ਦਿਨ ਪਹਿਲਾਂ ਤਕ ਇਹ ਭੇਦ ਮੇਰੇ ਕੋਲੋਂ ਲੁਕਾ ਕੇ ਰੱਖਿਆ ਅਤੇ ਛੋਟੇ ਨਾਲ ਇਹ ਗੱਲ ਸਾਂਝੀ ਕਰ ਲਈ ਸੀ। ਛੋਟੇ ਨੇ ਜਦੋਂ ਅਗਲੇ ਪਲ ਇਹ ਕਿਹਾ ਕਿ ਹੁਣ ਉਹ ਵੀ ਸਕੂਲ ਨਹੀਂ ਜਾਏਗਾ ਅਤੇ ਕੁੱਕੂ ਵਾਂਗ ਹੀ ਕੋਈ ਕੰਮ ਸਿੱਖੇਗਾ ਤਾਂ ਮੈਂ ਛੋਟੇ ਦੀ ਗੱਲ ਸੁਣਕੇ ਪ੍ਰੇਸ਼ਾਨ ਹੋ ਗਿਆ। ਸਾਰਾ ਟੱਬਰ ਉਸਦੇ ਇਸ ਫ਼ੈਸਲੇ ਤੋਂ ਖੁਸ਼ ਨਹੀਂ ਸੀ। ਉਸਦੀ ਗੱਲ ਸੁਣਨ ਤੋਂ ਪਹਿਲਾਂ ਹੀ ਬੀਬੀ ਨੇ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿੱਤਾ। ਰੌਲ਼ੇ-ਰੱਪੇ ਦੀ ਆਵਾਜ਼ ਸੁਣ ਕੇ ਡੰਗਰਾਂ ਦੀ ਹਵੇਲੀ 'ਚੋਂ ਭਾਪਾ ਦੌੜਾ-ਦੌੜਾ ਘਰ ਆ ਗਿਆ ਅਤੇ ਛੋਟੇ ਦੇ ਚਾਰ-ਪੰਜ ਚਪੇੜਾਂ ਧਰ ਦਿੱਤੀਆਂ। ਗੱਲ ਵਧਦੀ ਦੇਖ ਕੇ ਫਿਰ ਦਾਦੀ ਮਾਂ ਨੇ ਮੋਰਚਾ ਸੰਭਾਲ਼ ਲਿਆ। ਭਾਪੇ ਅਤੇ ਛੋਟੇ ਦੇ ਵਿਚਕਾਰ ਖੜ੍ਹ ਕੇ ਉਸਨੇ ਕਿਹਾ ਕਿ 'ਸਕੂਲ ਵਿਚ ਭੈਣਜੀਆਂ ਦੇ ਡੰਡੇ ਖਾਣ ਨਾਲੋਂ ਕਾਰੀਗਰਾਂ ਦੀ ਮਾਰ ਖਾਣੀ ਮਾੜੀ ਨਹੀਂ ਹੈ'। ਉਸ ਵੇਲ਼ੇ ਸਾਰਿਆਂ ਨੂੰ ਇਹ ਲੱਗਦਾ ਸੀ ਕਿ ਇਹ ਸਭ ਕੁਝ ਕੁੱਕੂ ਦੀ ਸਾਜ਼ਿਸ਼ ਦਾ ਸਿੱਟਾ ਹੈ । ਸੋ ਮੈਨੂੰ ਵੀ ਇਸ ਸਾਜ਼ਿਸ਼ ਦਾ ਹਿੱਸਾ ਮੰਨਦੇ ਹੋਏ ਉਸ ਸਮੇਂ ਚਪੇੜਾਂ ਤਾਂ ਨਹੀਂ ਪਈਆਂ ਪਰ ਗਾਲ਼ਾਂ ਦਾ ਪ੍ਰਸ਼ਾਦ ਬਰਾਬਰ ਮਿਲਿਆ।

ਥੁੜਾਂ ਟੁੱਟਾਂ ਤੇ ਉਦਰੇਵਿਆਂ ਨਾਲ ਲਿੱਬੜੇ-ਤਿੱਬੜੇ, ਉੱਘੜ-ਦੁੱਘੜੇ ਇਸ ਜੀਵਨ ਤੋਂ ਮੁਕਤੀ ਤਾਂ ਮੈਂ ਵੀ ਚਾਹੁੰਦਾ ਸੀ ਪਰ ਭਾਪੇ ਦੀ ਕੁੱਟ ਤੋਂ ਡਰਦਾ ਕੋਹਲੂ ਦੀ ਪੈੜ ਵਿਚ ਪੈਰ ਧਰ ਕੇ ਤੁਰਿਆ ਜਾ ਰਿਹਾ ਸੀ। ਹਾੜ੍ਹੀ ਸਾਉਣੀ ਹੀ ਨਹੀਂ ਸਗੋਂ ਹਰ ਦਿਨ ਬਗਾਨੇ ਖੇਤ ਬੰਨਿਆਂ ਉੱਤੇ

ਸੱਪਾਂ ਦੇ ਸਿਰ ਫਿਹੰਦੇ ਫਿਰਨਾ ਮੈਨੂੰ ਬਿਲਕੁਲ ਪਸੰਦ ਨਹੀਂ ਸੀ। ਇਸੇ ਕਰਕੇ ਮੈਂ ਖੇਤਾਂ ਵਿਚ ਕੰਮ ਕਰਨ ਦੀ ਥਾਂ ਕੋਈ ਪੜ੍ਹਾਈ ਲਿਖਾਈ ਵਾਲਾ ਕੰਮ ਕਰਨ ਬਾਰੇ ਸੋਚਦਾ ਸੀ। ਪਰ ਮੈਨੂੰ ਕੋਈ ਰਸਤਾ ਨਹੀਂ ਸੀ ਲੱਭ ਰਿਹਾ। ਮਾਸਟਰ ਗੁਰਮੀਤ ਸਿੰਘ ਕਹਿੰਦਾ ਹੁੰਦਾ ਸੀ ਕਿ ਦਸਵੀਂ ਤੋਂ ਬਾਅਦ ਕੰਮ ਕਾਰ ਦੇ ਕਈ ਰਸਤੇ ਖੁੱਲ੍ਹ ਜਾਣੇ ਹਨ। ਪਰ ਛੋਟਾ ਤਾਂ ਹਥਿਆਰ ਸੁੱਟੀ ਬੈਠਾ ਸੀ । ਘਰ ਵਿਚ ਬੋਲ-ਬੁਲਾਰਾ ਠੰਡਾ ਹੋਣ ਤੋਂ ਬਾਅਦ ਜਦ ਮੈਂ ਤੇ ਛੋਟਾ ਡੰਗਰਾਂ ਕੋਲ਼ ਸੌਣ ਲਈ ਗਏ ਤਾਂ ਮੈਂ ਉਸਨੂੰ ਔਖੇ ਸੌਖੇ ਦਸਵੀਂ ਤਕ ਪੜ੍ਹਦੇ ਰਹਿਣ ਲਈ ਕਿਹਾ ਪਰ ਉਹ ਆਪਣੇ ਨਿਰਣੇ 'ਤੇ ਅਡੋਲ ਸੀ। ਪਿਤਾ ਪੁਰਖੀ ਕੰਮ ਧੰਦੇ ਤੋਂ ਛੁਟਕਾਰਾ ਅਤੇ ਹੁਨਰ ਵੱਲ ਪੁੱਟੇ ਜਾਣ ਵਾਲੇ ਉਸਦੇ ਕਦਮਾਂ ਨੂੰ ਸਹਿਜ ਭਾਅ ਮੰਨਣਾ ਮੇਰੇ ਲਈ ਬਾਕੀ ਪਰਿਵਾਰ ਵਾਂਗ ਹਾਲ ਦੀ ਘੜੀ ਬਹੁਤ ਔਖਾ ਸੀ,ਕਿਉਂਕਿ ਮੈਂ ਜਾਣਦਾ ਸੀ ਕਿ ਮੁੱਢਲੀ ਪੜ੍ਹਾਈ ਤੋਂ ਬਾਅਦ ਕੋਈ ਵੀ ਕੰਮ ਵਧੀਆ ਸਿੱਖਿਆ ਜਾ ਸਕਦਾ ਹੈ। ਪਰ ਛੋਟਾ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ। ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆ ਰਹੀ। ਅੱਧੀ ਰਾਤ ਤੋਂ ਬਾਅਦ ਮੈਂ ਡੰਗਰਾਂ ਵਾਲੇ ਵਰਾਂਡੇ ਵਿਚ ਪਏ ਨੇ, ਚੰਨ ਦੀ ਚਾਨਣੀ ਵਿਚ 'ਗਿਰਵੀ' ਨਾਂ ਦੀ ਕਵਿਤਾ ਲਿਖੀ ਸੀ:

*ਦਿਨ ਵੀ ਗਿਰਵੀ ਰਾਤ ਵੀ ਗਹਿਣੇ*
*ਗਿਰਵੀ ਸੂਰਜ ਚੰਦ ਵੇ ਬੀਬਾ*
*ਨ੍ਹੇਰੇ ਦੀ ਗਰਕਣ ਵਿਚ ਖੁਭਿਆ*
*ਸਾਡਾ ਜੀਵਨ ਪੰਧ ਵੇ ਬੀਬਾ।*
*ਰਾਹ ਵਿਚ ਕੰਡੇ ਰਾਹ ਵਿਚ ਸੂਲ਼ਾਂ*
*ਹਰ ਇਕ ਮੋੜ 'ਤੇ ਨਾਕਾ*
*ਤੁਰਦੇ ਪੈਰਾਂ ਲਈ ਜ਼ੰਜੀਰਾਂ*
*ਚੱਲਦੇ ਸਾਹ 'ਤੇ ਡਾਕਾ।*
*ਸੌ ਦਰਵਾਜ਼ੇ ਸੌ-ਸੌ ਦਸਤਕ*
*ਹਰ ਦਰਵਾਜ਼ਾ ਬੰਦ ਵੇ ਬੀਬਾ।*
*ਨਾ ਸਾਡੇ ਰਾਹਾਂ ਵਿਚ ਜੁਗਨੂੰ*
*ਨਾ ਅੰਬਰ ਦੇ ਤਾਰੇ*
*ਆਪਣੀ ਰੱਤ ਦੀ ਲਾਟ 'ਚੋਂ ਕੱਢਣੇ*
*ਬੂੰਦ-ਬੂੰਦ ਉਜਿਆਰੇ*
*ਨਹੁੰਆਂ ਦੇ ਨਾਲ ਖੁਰਚ ਰਹੇ ਹਾਂ*
*ਨ੍ਹੇਰ ਦੀ ਕਾਲ਼ੀ ਕੰਧ ਵੇ ਬੀਬਾ।*

ਛੋਟੇ ਦੇ ਲੁਧਿਆਣੇ ਚਲੇ ਜਾਣ ਤੋਂ ਬਾਅਦ ਮੇਰੇ ਸਿਰ ਕੰਮ ਦਾ ਬੋਝ ਹੋਰ ਵਧ ਗਿਆ। ਦਸਵੀਂ ਤੋਂ ਬਾਅਦ ਮੈਂ ਹਾਇਰ ਸੈਕੰਡਰੀ ਵਿਚ ਦਾਖਲ ਤਾਂ ਹੋ ਗਿਆ ਪਰ ਇਹ ਸਾਲ ਮੇਰੇ ਲਈ ਬਹੁਤ ਚਣੌਤੀਆਂ ਵਾਲਾ ਸੀ। ਆਰਥਿਕ ਤੰਗੀਆਂ ਪਹਿਲਾਂ ਹੀ ਬਹੁਤ ਸਨ, ਨਵੀਂ ਬਿਪਤਾ ਉਸ ਵੇਲ਼ੇ ਆ ਗਈ ਜਦੋਂ ਭਾਪੇ ਦੀ ਸੱਜੀ ਅੱਖ ਅਚਾਨਕ ਖਰਾਬ ਹੋ ਗਈ। ਸਥਾਨਕ ਡਾਕਟਰਾਂ ਦੇ ਦਵਾ-ਦਾਰੂ ਤੋਂ ਲੈ ਕੇ 'ਪਿੱਤਰਾਂ ਦੀ ਭੁੱਲ-ਚੁੱਕ ਤਕ' ਕਈ ਟੋਟਕੇ ਅਜ਼ਮਾਏ ਗਏ। ਪਰ ਅੱਖ ਨੂੰ ਲੱਗਾ ਚੁਰਾਹੀਆ (ਸਾਡੇ ਪਿੰਡਾਂ ਵਿਚ ਇਹ ਵਹਿਮ ਮੰਨਿਆ ਜਾਂਦਾ ਹੈ ਕਿ ਚੁਰਸਤੇ ਦਾ ਟੂਣਾ ਲੰਘ ਜਾਣ ਕਾਰਨ ਅੱਖ ਦਾ ਰੋਗ ਲੱਗ ਜਾਂਦਾ ਹੈ) ਠੀਕ ਨਾ ਹੋਇਆ। ਜਦੋਂ ਮੈਂ ਪਿਤਾ ਨੂੰ ਲੈ ਕੇ ਹੁਸ਼ਿਆਰਪੁਰ ਵਿਖੇ ਅੱਖਾਂ ਦੇ ਡਾਕਟਰ ਬਾਲ ਕ੍ਰਿਸ਼ਨ ਕੋਲ਼ ਗਿਆ ਤਾਂ ਉਦੋਂ ਤਕ ਬਹੁਤ ਨੁਕਸਾਨ ਹੋ ਚੁੱਕਾ ਸੀ। ਭਾਪੇ ਦੀ ਨਜ਼ਰ ਕਾਫੀ ਘਟ ਗਈ ਸੀ। ਘਰ ਲਈ ਦੂਜਾ ਸਦਮਾ ਮੀਣੀ ਮੱਝ ਦੀ

ਅਚਾਨਕ ਹੋਈ ਮੌਤ ਸੀ। ਇਹ ਮੱਝ ਸਾਡੇ ਘਰ ਲਈ ਬਰਕਤ ਸੀ। ਘਰ ਦੀ ਖੁਰਲੀ 'ਤੇ ਭਾਵੇਂ ਦੋ ਸੂਣ ਵਾਲੀਆਂ ਲਵੇਰੀਆਂ ਬੱਝੀਆਂ ਹੋਈਆਂ ਸਨ ਪਰ ਅਸੀਂ ਜਾਣਦੇ ਸੀ ਕਿ ਪਹਿਲੇ ਸੂਏ ਵਾਲੀ ਪਲੂਣ ਵਹਿੜ ਉੱਤੇ ਤਾਂ ਆੜ੍ਹਤੀਏ ਪੂਰਨ ਚੰਦ ਦੀ ਅੱਖ ਟਿਕੀ ਹੋਈ ਸੀ। ਉਹ ਭਾਪੇ ਨੂੰ ਪਹਿਲਾਂ ਹੀ ਕਹਿ ਚੁੱਕਾ ਸੀ ਕਿ 'ਪ੍ਰੀਤਮਾ! ਇਸ ਵਹਿੜ ਦੀ ਬੌਅਲ਼ੀ ਤਾਂ ਪੰਡਤਾਂ ਦੇ ਨਿਆਣੇ ਖਾਣਗੇ'। ਪੂਰਨ ਚੰਦ ਕੋਲ਼ੋਂ ਭਾਪੇ ਨੇ ਭੂਆ ਦੀ ਧੀ ਦੇ ਵਿਆਹ ਵੇਲ਼ੇ ਨਾਨਕੀ ਸ਼ੱਕ ਲਈ ਪੈਸੇ ਫੜੇ ਹੋਏ ਸਨ। ਸਾਰੀ ਰਕਮ ਬਿਆਜ ਸਮੇਤ ਸਿਰ 'ਤੇ ਖੜ੍ਹੀ ਸੀ। ਦੂਜੀ ਬੂਰੀ ਝੋਟੀ ਦਰਸ਼ਣ ਡਰੈਵਰ ਤੋਂ ਅਧਿਆਰੇ 'ਤੇ ਲਈ ਹੋਈ ਸੀ, ਉਹਨੂੰ ਚੌਥਾ ਮਹੀਨਾ ਸੀ। ਪੱਕੀ ਗੱਲ ਸੀ ਕਿ ਸੂਣ ਤੋਂ ਪਹਿਲਾਂ ਹੀ ਦਰਸ਼ਣ ਨੇ ਖੁਰਲੀ ਤੋਂ ਇਸਦਾ ਸੰਗਲ਼ ਖੋਲ੍ਹ ਲੈਣਾ ਹੈ। ਤੀਜਾ ਸਦਮਾ ਸਾਂਝੇ ਘਰ ਦੀ ਵੰਡ ਦਾ ਸੀ। ਸਭ ਤੋਂ ਛੋਟੇ ਫੌਜੀ ਚਾਚੇ ਦੇ ਹਿੱਸੇ ਪੁਰਾਣਾ ਘਰ, ਦੂਜੇ ਦੇ ਹਿੱਸੇ ਪਸ਼ੂਆਂ ਵਾਲੀ ਹਵੇਲੀ ਅਤੇ ਭਾਪੇ ਦੇ ਹਿੱਸੇ ਫਿਰਨੀ ਵਾਲੀ 'ਬੈਠਕ' ਆਈ ਸੀ, ਜੋ ਵਿਹੜੇ ਤੋਂ ਬਾਹਰ ਸੀ।

ਮੇਰੀ ਬੀਬੀ ਇਸ ਵੰਡ ਤੋਂ ਖੁਸ਼ ਨਹੀਂ ਸੀ। ਅੰਦਰੋਂ ਅੰਦਰੀਂ ਤਾਂ ਭਾਪਾ ਵੀ ਆਪਣੇ ਭਰਾਵਾਂ ਤੋਂ ਬਹੁਤ ਔਖਾ ਸੀ ਪਰ ਮੂੰਹ ਤੋਂ ਕੁਝ ਬੋਲਦਾ ਨਹੀਂ ਸੀ। ਬੀਬੀ ਨੂੰ ਉਹਦੀ ਚੁੱਪ ਜ਼ਹਿਰ ਲੱਗਦੀ ਸੀ। ਮੈਨੂੰ ਵੀ ਇਸ 'ਨਵੇਂ ਘਰ' ਵਿਚ ਜਾ ਕੇ ਰਹਿਣਾ ਚੰਗਾ ਨਹੀਂ ਸੀ ਲੱਗਦਾ ਪਰ ਜਾਣਾ ਹੀ ਪੈਣਾ ਸੀ। ਮੈਂ ਛੋਟੇ ਹੁੰਦਿਆਂ ਆਪਣੀ ਦਾਦੀ ਕੋਲ਼ੋਂ ਦੇਸ਼-ਵੰਡ ਦੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ। ਘਰ ਦੀ ਇਹ ਵੰਡ ਵੀ ਮੈਨੂੰ 'ਸੰਤਾਲ਼ੀ' ਦੇ ਉਜਾੜੇ ਵਰਗੀ ਲਗਦੀ ਸੀ। ਇਸ 'ਨਵੇਂ ਘਰ' ਦੀ ਕੱਚੀ ਖੁਰਲੀ ਉੱਤੇ ਭਾਪੇ ਨੇ ਬਚਨੇ ਬੁਆੜ ਤੋਂ ਖਰੀਦੀ ਬੁੱਢੀ ਮੱਝ ਬੰਨ੍ਹ ਲਈ ਸੀ। ਇਸ ਮੱਝ ਲਈ ਸਿਆਲ਼ ਤੋਂ ਪਹਿਲਾਂ ਪਹਿਲਾਂ ਅਸੀਂ ਢਾਰੇ ਦਾ ਪ੍ਰਬੰਧ ਕਰਨਾ ਸੀ। ਇਸੇ ਢਾਰੇ ਦੇ ਦੂਜੇ ਖੂੰਜੇ ਵਿਚ ਮੇਰਾ ਮੰਜਾ ਬਿਸਤਰਾ ਹੋਣਾ ਸੀ, ਜਿੱਥੇ ਮੈਂ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਤੋਂ ਲੈ ਕੇ ਗੁਰਚਰਨ ਸਿੰਘ ਰਾਓ ਦੇ ਨਾਵਲ 'ਮਸ਼ਾਲਚੀ' ਤਕ ਦਾ ਪਾਠ, ਕਾਲਿਜ ਲਾਇਬਰੇਰੀ 'ਚੋਂ ਲੈ ਕੇ ਨਿੱਠ ਕੇ ਕਰਨਾ ਸੀ ।

ਸਰਕਾਰੀ ਕਾਲਿਜ ਟਾਂਡਾ ਉੜਮੁੜ ਵਿਖੇ ਜਦੋਂ ਮੈਂ ਬੀ.ਏ. ਭਾਗ ਦੂਜਾ ਦਾ ਵਿਦਿਆਰਥੀ ਸੀ ਤਾਂ ਮੇਰਾ ਇਕ ਜਮਾਤੀ ਮੁੰਡਾ ਅਚਾਨਕ ਇਕ ਸ਼ਾਮ ਆਪਣਾ ਨਵਾਂ ਸਕੂਟਰ ਲੈ ਕੇ ਮੇਰੇ ਘਰ ਆ ਗਿਆ। ਉਸਦੇ ਦੱਸਣ ਅਨੁਸਾਰ ਉਹ ਸਾਡੇ ਪਿੰਡ ਦੇ ਪੋਲਟਰੀ ਫਾਰਮ ਤੋਂ ਮੁਰਗਾ ਲੈਣ ਆਇਆ ਸੀ ਤੇ ਚਾਹੁੰਦਾ ਸੀ ਕਿ ਮੈਂ ਉਹ ਮੁਰਗਾ ਫੜ ਕੇ ਉਸਦੇ ਸਕੂਟਰ ਦੇ ਪਿੱਛੇ ਬੈਠਾਂ। ਮੈਂ ਉਸ ਸਮੇਂ ਟੋਕੇ 'ਤੇ ਪੱਠੇ ਕੁਤਰ ਰਿਹਾ ਸੀ। ਮੇਰੇ ਕਰਨ ਵਾਲੇ ਹੋਰ ਵੀ ਕਈ ਕੰਮ ਸੀ ਜਿਹੜੇ ਰਾਤ-ਬਰਾਤੇ ਮੈਨੂੰ ਹੀ ਕਰਨੇ ਪੈਣੇ ਸੀ ਕਿਉਂਕਿ ਭਾਪੇ ਦੀ ਨਜ਼ਰ ਘਟ ਗਈ ਸੀ। ਪਰ ਉਸਨੇ ਮੇਰੀ ਬੀਬੀ ਅੱਗੇ ਤਰਲਾ ਕਰਦਿਆਂ ਕਿਹਾ ਕਿ ਉਹ ਮੈਨੂੰ ਮੁੜਦੇ ਪੈਰੀਂ ਵਾਪਸ ਛੱਡ ਜਾਏਗਾ। ਸੋ ਮੈਂ ਉਸਦੇ ਨਾਲ ਤੁਰ ਪਿਆ। ਉਸਦੇ ਘਰ ਜਾ ਕੇ ਮੈਨੂੰ ਪਤਾ ਲੱਗਾ ਕਿ ਉਹ ਮੈਨੂੰ ਮੁਰਗਾ ਵੱਢਣ ਲਈ ਨਾਲ ਲੈਕੇ ਆਇਆ ਸੀ। ਉਸਦਾ ਪਿਤਾ ਆਪ ਘਰ ਨਹੀਂ ਸੀ ਅਤੇ ਪੋਲਟਰੀ ਫਾਰਮ ਵਾਲਾ ਨੇਪਾਲੀ ਮੁੰਡਾ ਉਸ ਦਿਨ ਸ਼ਹਿਰ ਗਿਆ ਹੋਇਆ ਸੀ। ਸਾਡੇ ਵਿਹੜੇ ਦਾ ਜਾਗਰ ਦੀਵਾਲੀ ਅਤੇ ਵਿਸਾਖੀ 'ਤੇ ਬੱਕਰਾ ਵੱਢਿਆ ਕਰਦਾ ਸੀ। ਸ਼ਾਇਦ ਉਹਦੇ ਮਨ ਵਿਚ ਸੀ ਕਿ ਝਟਕਾ ਕਰਨ ਵਿਚ ਮੈਨੂੰ ਕੋਈ ਉਜ਼ਰ ਨਹੀਂ ਹੋਵੇਗਾ। ਉਸਦੇ ਘਰ ਵਿਚ ਉਸਦੀ ਭੂਆ ਦੇ ਮੁੰਡੇ ਹਿਸਾਰ ਤੋਂ ਆਏ ਹੋਏ ਸਨ ਜੋ ਕੱਦ-ਕਾਠ ਵਿਚ ਸਾਡੇ ਦੋਹਾਂ ਨਾਲੋਂ ਉੱਚੇ-ਲੰਬੇ ਸਨ। ਮੇਰਾ ਜਮਾਤੀ ਵੀ ਮੇਰੇ ਨਾਲੋਂ ਸਰੀਰਕ ਤੌਰ 'ਤੇ ਤਕੜਾ ਸੀ। ਫਿਰ ਤਾਂ ਮੁਰਗਾ ਉਹ ਆਪ ਵੀ ਵੱਢ ਸਕਦੇ ਸਨ। ਪਤਾ ਨਹੀਂ ਕਿਉਂ ਉਹ ਮੈਨੂੰ ਇਸ ਪਾਪ ਦਾ ਭਾਗੀ ਬਣਾਉਣਾ ਚਾਹੁੰਦਾ ਸੀ। ਸਾਡੇ ਘਰ ਵਿਚ ਕਦੇ ਵੀ ਮੀਟ ਨਹੀਂ ਸੀ ਬਣਦਾ, ਉਂਝ ਵੀ ਕਿਸੇ ਜਾਨਵਰ ਦੀ ਹੱਤਿਆ ਕਰਨੀ ਮੈਨੂੰ ਕਿਸੇ ਪਾਪ ਤੋਂ ਘੱਟ ਨਹੀਂ ਸੀ ਲੱਗਦੀ। ਪਰ ਮੇਰਾ ਜਮਾਤੀ ਤਾਂ ਮੁਰਗਾ ਵੱਢਣ ਲਈ ਲਿਸ਼ਕਦੇ ਦਾਤਰ ਦੀ ਹੱਥੀ ਮੈਨੂੰ ਧੱਕੇ ਨਾਲ

ਫੜਾ ਰਿਹਾ ਸੀ । ਮੇਰੇ ਅੰਦਰ ਦਾ ਮਲੂਕ ਬੰਦਾ ਖਿਆਲਾਂ ਵਿਚ ਹੀ ਉਸ ਘਟਨਾ ਨਾਲ ਗੁੱਥਮ-ਗੁੱਥਾ ਹੋ ਰਿਹਾ ਸੀ। ਪਰ ਮੈਂ ਕਿਸੇ ਵਿਚਕਾਰਲੇ ਰਸਤੇ ਦੀ ਤਲਾਸ਼ ਵਿਚ ਸੀ। ਅਚਾਨਕ ਆਪਣੇ ਅੰਦਰਲੀ ਆਵਾਜ਼ ਨੂੰ ਪਛਾਣ ਕੇ ਸੁਣ ਕੇ ਮੇਰੀ ਹਉਮੈ, ਜਿਹੜੀ ਲਗਾਤਾਰ ਲਤਾੜੀ ਜਾ ਰਹੀ ਸੀ, ਅਗਲੇ ਪਲ ਹੀ ਚੇਤੰਨ ਹੋ ਗਈ। ਇਸ ਊਰਜਾ ਦੇ ਵੇਗ ਵਿਚ ਮੈਂ ਇਨਕਾਰ ਦੀ ਸੁਰ ਵਿਚ ਸਿੱਧਾ ਤਣ ਗਿਆ ਅਤੇ ਦਾਤਰ ਵਗਾਹ ਕੇ ਪੱਕੇ ਫਰਸ਼ ਉੱਤੇ ਮਾਰਿਆ। ਉਸਦੀ ਮਾਂ ਬੱਦਲ ਵਾਂਗ ਗਰਜਦੀ ਅੰਦਰੋਂ ਬਾਹਰ ਆਉਂਦੀ ਕਹਿਣ ਲੱਗੀ, 'ਸੁਣਿਆ ਸੀ ਕਿ ਮਜ਼੍ਹਬੀ ਤਾਂ ਕਿਸੇ ਦਾ ਸਿਰ ਮੂਲ਼ੀ ਵਾਂਗ ਵੱਢ ਸਕਦੇ ਨੇ, ਤੂੰ ਤਾਂ ਮੁਰਗਾ ਵੱਢਣ ਲਈ ਰੀਂ-ਰੀਂ ਕਰਨ ਡਿਆਂ'। ਉਸਦੇ ਇਹ ਤੇਜ਼ਾਬੀ ਬੋਲ ਮੇਰੀ ਰੂਹ ਨੂੰ ਛਾਨਣੀ ਕਰ ਗਏ। ਹਿਸਾਰ ਤੋਂ ਆਇਆ ਹੱਟਾ-ਕੱਟਾ ਗੱਭਰੂ ਮੇਰੀ ਤੁਰੇ ਆਉਂਦੇ ਦੀ ਪਿੱਠ ਪਿੱਛੇ ਕਹਿ ਰਿਹਾ ਸੀ, 'ਜੇ ਘਰ ਨੀਵਾਂ ਹੋਵੇ ਤਾਂ ਊਠਾਂ ਵਾਲਿਆਂ ਨਾਲ ਯਾਰਾਨੇ ਨਹੀਂ ਲਾਈਦੇ'। ਮੈਂ ਪਿੱਛੇ ਮੁੜ ਕੇ ਆਪਣੇ ਜਮਾਤੀ ਵੱਲ ਦੇਖਿਆ ਤਾਂ ਉਸਦੇ ਚਿਹਰੇ 'ਤੇ ਮੇਰੇ ਪ੍ਰਤੀ ਨਫ਼ਰਤ ਦੀ ਪਰਤ ਸਾਫ ਨਜ਼ਰ ਆ ਰਹੀ ਸੀ। ਮੇਰਾ ਮਨ ਨਮੋਸ਼ੀ ਅਤੇ ਗਲਾਨੀ ਨਾਲ ਭਰਿਆ ਪਿਆ ਸੀ ਤੇ ਪੈਰਾਂ 'ਚ ਬੇਬਸੀ ਤੇ ਲਾਚਾਰੀ ਦੀ ਪੀੜ ਸੀ। ਮੈਂ ਭਰੇ ਮਨ ਨਾਲ ਪਿੰਡ ਨੂੰ ਵਾਪਸ ਪਰਤ ਰਿਹਾ ਸੀ, ਲੱਤਾਂ ਵਿਚ ਸਾਹ ਸੱਤ ਨਹੀਂ ਸੀ। ਘਰ ਆ ਕੇ ਮੈਂ ਆਪਣੀ ਬੀਬੀ ਨੂੰ ਇਹ ਤਾਂ ਨਹੀਂ ਕਿਹਾ ਕਿ ਉਹਨਾਂ ਨੇ ਮੈਨੂੰ ਮੁਰਗਾ ਵੱਢਣ ਲਈ ਸੱਦਿਆ ਸੀ ਪਰ ਇਹ ਜ਼ਰੂਰ ਦੱਸਿਆ ਕਿ ਮੈਂ ਉੱਥੋਂ ਤੁਰ ਕੇ ਆਇਆ ਹਾਂ। ਬੀਬੀ ਨੇ ਮੈਨੂੰ ਅੱਗੇ ਤੋਂ ਐਹੋ ਜਿਹੇ ਕਿਸੇ ਜਮਾਤੀ ਦਾ ਸਾਥ ਕਰਨ ਤੋਂ ਵਰਜਿਆ ਸੀ। ਬਾਹਰ ਕਿਣ-ਮਿਣ ਸ਼ੁਰੂ ਹੋ ਗਈ ਸੀ। ਮੈਨੂੰ ਰੋਟੀ ਦੇ ਕੇ ਬੀਬੀ ਚੌਂਕੇ 'ਚੋਂ ਭਾਂਡੇ-ਟੀਂਡੇ ਸਾਂਭਣ ਲੱਗ ਪਈ ਤੇ ਮੈਂ ਰੋਟੀ ਖਾ ਕੇ ਆਪਣੇ ਨਾਲ ਹੋਈ ਸੱਜਰੀ ਦੁਰਘਟਨਾ ਦਾ ਲੇਖਾ-ਜੋਖਾ ਕਰਨ ਲੱਗ ਪਿਆ। ਬਾਕੀ ਟੱਬਰ ਤਾਂ ਅੰਦਰ ਪੈ ਕੇ ਸੌਂ ਚੁੱਕਿਆ ਸੀ ਪਰ ਮੈਂ ਪਸ਼ੂਆਂ ਵਾਲੇ ਉਸ ਢਾਰੇ ਵਿਚ, ਜਿੱਥੇ ਮੇਰਾ ਮੰਜਾ ਪਿਆ ਹੋਇਆ ਸੀ, ਜਾ ਕੇ ਬੇਚੈਨੀ ਵਿਚ ਲੇਟ ਗਿਆ। ਮਨ ਵਿਚ ਸ਼ਰਮਿੰਦਗੀ ਇਸ ਗੱਲ ਦੀ ਸੀ ਕਿ ਮੈਂ ਆਪਣੇ ਦੋਸਤ ਜਾਂ ਉਸਦੀ ਮਾਂ ਨੂੰ ਕੋਈ ਦੋ-ਟੁੱਕ ਜਵਾਬ ਕਿਉਂ ਨਹੀਂ ਦਿੱਤਾ? ਆਪਣੇ ਨਾਲ ਹੋਈ ਇਸ ਵਧੀਕੀ ਦਾ ਮੂੰਹ 'ਤੇ ਵਿਰੋਧ ਕਿਉਂ ਨਹੀਂ ਕੀਤਾ? ਕਿਉਂ ਨਹੀਂ ਉਹ ਦਾਤਰ ਉਸ ਮੁੰਡੇ ਦੇ ਮੌਰਾਂ 'ਚ ਮਾਰਿਆ ਜਦੋਂ ਉਹ ਮੈਨੂੰ ਮੇਰੇ ਨੀਵੇਂ ਬੂਹੇ ਦਾ ਮਿਹਣਾ ਦੇ ਰਿਹਾ ਸੀ? ਇਹ ਦ੍ਰਿਸ਼ ਮੁੜ ਮੁੜ ਕੇ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ ਤੇ ਮੈਂ ਵਾਰ-ਵਾਰ ਭੁੱਲਣ ਦਾ ਯਤਨ ਕਰ ਰਿਹਾ ਸੀ। ਉਸ ਰਾਤ ਲਿਸ਼ਕਦਾ ਦਾਤਰ ਬਿਜਲੀ ਦੀ ਲਿਸ਼ਕ ਨਾਲ ਵਾਰ ਵਾਰ ਲਿਸ਼ਕਿਆ ਤੇ ਵਾਰ ਵਾਰ ਮੇਰੇ ਅੰਦਰੋਂ ਉਹ ਮਲੂਕ ਮੁੰਡਾ ਲਿਸ਼ਕਦੇ ਦਾਤਰ ਨੂੰ ਵਗਾਹ ਕੇ ਮਾਰਦਾ, ਮੇਰੇ ਮਨ ਮਸਤਕ 'ਤੇ ਉੱਕਰਿਆ ਗਿਆ। ਪਸ਼ੂਆਂ ਦੇ ਇਸ ਢਾਰੇ ਦੇ ਦੂਜੇ ਕੋਨੇ 'ਚ ਮੈਂ ਆਪਣੇ ਆਪ ਨਾਲ ਜ਼ਰਬ-ਜੋੜ ਹੋ ਰਿਹਾ ਸੀ। ਬੁੱਢੀ ਮੱਝ ਦੀਆਂ ਲਿਸ਼ਕਦੀਆਂ ਅੱਖਾਂ ਮੈਂ ਲਾਲਟੈਨ ਦੇ ਨਿੰਮ੍ਹੇ ਚਾਨਣ 'ਚ ਹੁੰਗਾਰਾ ਭਰਦੀਆਂ ਦੇਖੀਆਂ। ਸਲਾਭੇ ਕਾਗ਼ਜ਼ਾਂ ਦੀ ਥੱਬੀ ਸਿਰ੍ਹਾਣੇ 'ਤੇ ਅਡੋਲ ਪਈ ਸੀ ਪਰ ਮੈਨੂੰ ਕਲਮ ਨਹੀਂ ਸੀ ਲੱਭ ਰਹੀ। ਕਿਹੋ ਜਿਹਾ ਸਮਾਂ ਸੀ ਕਿ ਲਿਸ਼ਕਦਾ ਦਾਤਰ ਤਾਂ ਨਜ਼ਰ ਆ ਰਿਹਾ ਸੀ ਪਰ ਕਲਮ ਕਿਤੇ ਦੂਰ ਪਈ ਸੀ। ਭਰੇ ਮਨ ਨਾਲ ਮੈਂ ਇੱਧਰ ਉੱਧਰ ਨਜ਼ਰ ਘੁਮਾਈ ਤਾਂ ਬੰਦ ਕਿਤਾਬ 'ਚ ਪਈ ਪੈੱਨ ਦੀ ਜੀਭ ਨਜ਼ਰ ਆਈ। ਮੇਰੀ ਸਾਰੀ ਨਮੋਸ਼ੀ ਤੇ ਗੁੱਸਾ ਕਾਗ਼ਜ਼ ਦੇ ਕੋਰੇ ਵਰਕੇ 'ਤੇ ਹਰਫ਼ ਹਰਫ਼ ਹੋ ਕੇ ਫੈਲ ਗਿਆ। ਪਤਾ ਨਹੀਂ ਕਦੋਂ ਅੱਖ ਲੱਗੀ ਤੇ ਮੈਂ ਕਦੋਂ ਸੁੱਤਾ।

*ਊਠਾਂ ਵਾਲੇ ਮੇਰੇ ਯਾਰੋ*
*ਮੈਂ ਹਾਂ ਨੀਵੇਂ ਬੂਹੇ ਵਾਲਾ*
*ਨਾਲ ਤੁਹਾਡੇ ਤੁਰ ਨਹੀਂ ਸਕਦਾ*
*ਉਂਝ ਵੀ ਧਾਡੇ ਸਾਥ 'ਚ ਤੁਰਿਆਂ*

*ਮੇਰਾ ਆਪਣਾ ਆਪ ਗਵਾਚੇ*
*ਆਪਾ ਹੋਰ ਵੀ ਬੌਨਾ ਜਾਪੇ।*
*ਇਕ ਪੱਬ ਧਾਡਾ ਧਰਤੀ ਉੱਤੇ*
*ਦੂਜਾ ਪੈਰ ਸਾਗਰ ਦੀ ਹਿੱਕ 'ਤੇ*
*ਨਜ਼ਰ ਤੁਸਾਂ ਦੀ ਤਾਰੇ ਤੋੜੇ*
*ਮੈਂ ਮਿੱਟੀ 'ਚੋਂ ਦਾਣੇ ਫੋਲਾਂ*
*ਮੇਰਾ ਧਾਡਾ ਕਾਹਦਾ ਨਾਤਾ।*
*ਕੀ ਰਿਸ਼ਤਾ ਕੀ ਸਾਕਾਚਾਰੀ*
*ਮੇਰੀ ਧਾਡੀ ਕਾਹਦੀ ਯਾਰੀ ।*

ਇਹ ਉਹ ਦਿਨ ਸਨ, ਜਦੋਂ ਆਰਥਿਕ ਲੋੜਾਂ 'ਚ ਘਿਰੇ ਘਰ ਲਈ ਮੇਰੇ ਮਾਂ ਬਾਪ ਦਾ ਲਹੂ ਪਸੀਨਾ ਕਾਫੀ ਨਹੀਂ ਸੀ। ਮੇਰੇ ਸਮੇਤ ਬਾਕੀ ਟੱਬਰ ਵੀ ਖੇਤ ਮਜ਼ਦੂਰੀ ਦੇ ਨਾਲ ਹਿੱਸੇ-ਭਿਆਲ਼ੀ ਦੀ ਖੇਤੀ 'ਚ ਦਿਨ ਰਾਤ ਇਕ ਕਰ ਰਿਹਾ ਸੀ। ਪਰ ਫਿਰ ਵੀ ਹਰ ਹਾੜ੍ਹੀ ਸਾਉਣੀ ਭੜੋਲੇ ਊਣੇ ਤੇ ਸੱਖਣੇ ਰਹਿੰਦੇ ਸਨ। ਇਨ੍ਹਾਂ ਊਣੇ ਭੜੋਲਿਆਂ ਅਤੇ ਸੱਖਣੇ ਦਧੂਨਿਆਂ ਨੇ ਸਭ ਤੋਂ ਪਹਿਲਾਂ ਮੇਰੇ ਮਨ 'ਚ 'ਕਿਰਤ' ਅਤੇ ਦਸਾਂ ਨੌਂਹਾਂ ਦੀ ਕਮਾਈ 'ਚ ਬਰਕਤ ਵਾਲੇ ਸਿਧਾਂਤ ਨੂੰ ਹਲੂਣਿਆ। ਇਸ ਹਲੂਣੇ ਦੀ ਪਹਿਲੀ ਝਲਕ ਮੈਂ ਸਿਲੇਬਸ ਵਿਚ ਲੱਗੀ ਬਾਵਾ ਬਲਵੰਤ ਦੀ ਕਵਿਤਾ 'ਬਾਗ਼ੀ' ਪੜ੍ਹਦਿਆਂ ਮਹਿਸੂਸ ਕੀਤੀ। ਫਿਰ ਮੋਹਨ ਸਿੰਘ ਦੀ 'ਜੱਟੀਆਂ ਦਾ ਗੀਤ' ਅਤੇ ਅੰਮ੍ਰਿਤਾ ਪ੍ਰੀਤਮ ਦੀ 'ਕਿੱਕਰਾਂ ਵੇ ਕੰਡਿਆਲਿਆ' ਵਰਗੀਆਂ ਕਵਿਤਾਵਾਂ 'ਚੋਂ ਮੈਨੂੰ ਆਲ਼ਾ ਦੁਆਲ਼ਾ ਦਿਸਣ ਲੱਗ ਪਿਆ। ਕਾਲਿਜ ਲਾਇਬਰੇਰੀ 'ਚ ਮੈਂ ਸੰਤੋਖ ਸਿੰਘ ਧੀਰ ਤੋਂ ਤੁਰ ਕੇ ਜੁਝਾਰਵਾਦੀ ਕਵਿਤਾ ਤਕ ਦੇ ਪੜਾਅ ਨੂੰ ਨਿੱਠ ਕੇ ਪੜ੍ਹਿਆ। ਜਗਤਾਰ, ਪਾਸ਼, ਫਤਿਹਜੀਤ, ਲਾਲ ਸਿੰਘ ਦਿਲ, ਹਲਵਾਰਵੀ ਅਤੇ ਸੁਰਜੀਤ ਪਾਤਰ ਦਾ ਜੋ ਕੁਝ ਵੀ ਲਾਇਬਰੇਰੀ ਵਿਚ ਪਿਆ ਸੀ, ਮੈਂ ਪੜ੍ਹ ਲਿਆ। ਹਿੰਦੀ ਵਾਲੇ ਸੈਕਸ਼ਨ ਵਿਚ ਮੈਨੂੰ ਕੁਮਾਰ ਵਿਕਲ ਦੀਆਂ ਕਵਿਤਾਵਾਂ ਮਿਲ ਗਈਆਂ। ਸਮੁੱਚਾ ਸ਼ਿਵ ਕੁਮਾਰ ਵੀ ਮੈਂ ਇਹਨਾਂ ਦਿਨਾਂ ਵਿਚ ਪੜ੍ਹ ਲਿਆ। ਕਾਲਿਜ ਦਾ ਲਾਬਿਰੇਰੀਅਨ ਕਈ ਕਿਤਾਬਾਂ ਆਪ ਲੱਭ ਕੇ ਮੇਰੇ ਅੱਗੇ ਰੱਖ ਦਿੰਦਾ। ਉਹ ਕਿਸੇ ਸਮੇਂ ਵਿਦਿਆਰਥੀ ਜੱਥੇਬੰਦੀ ਪੀ.ਐੱਸ.ਯੂ. ਦਾ ਮੈਂਬਰ ਰਿਹਾ ਸੀ। ਉਸ ਨੇ ਹੀ ਮੈਨੂੰ ਜਸਵੰਤ ਸਿੰਘ ਕੰਵਲ ਦੇ ਨਾਵਲ 'ਪੂਰਨਮਾਸ਼ੀ' ਦੀ ਦੱਸ ਪਾਈ ਸੀ। ਬਾਅਦ ਵਿਚ ਮੈਂ ਕੰਵਲ ਦੇ ਸਾਰੇ ਨਾਵਲ ਪੜ੍ਹੇ ਸੀ। ਸਰਕਾਰੀ ਕਾਲਿਜ ਟਾਂਡਾ ਉੜਮੁੜ ਦੀ ਇਸ ਲਾਈਬਰੇਰੀ ਵਿਚ ਮੈਂ ਪੰਜਾਬੀ ਅਤੇ ਹਿੰਦੀ ਸੈਕਸ਼ਨ ਦੀ ਸਮੁੱਚੀ ਫਿਕਸ਼ਨ ਅਤੇ ਕਵਿਤਾ ਨੂੰ ਇਸ ਤਰ੍ਹਾਂ ਟੱਕਰਿਆ ਜਿਸ ਤਰ੍ਹਾਂ ਪਾਸ਼ ਦੇ ਸ਼ਬਦਾਂ ਵਿਚ ਜੋਤਾ ਲਾ ਕੇ ਆਇਆ ਬਲ਼ਦ ਖੁਰਲੀ 'ਚ ਪਏ ਪੱਠਿਆਂ ਨੂੰ ਟੱਕਰਦਾ ਹੈ।

ਅੰਮ੍ਰਿਤਾ ਪ੍ਰੀਤਮ ਦੀ ਸਿਲੇਬਸ ਵਿਚ ਲੱਗੀ ਕਵਿਤਾ 'ਅੰਨਦਾਤਾ' ਦਾ ਸੱਚ ਮੇਰੇ ਆਲ਼ੇ ਦੁਆਲ਼ੇ ਵਿਚਰ ਰਿਹਾ ਸੀ । ਇਨ੍ਹਾਂ ਹੀ ਦਿਨਾਂ 'ਚ ਸਾਡੇ ਇਲਾਕੇ ਵਿਚ ਇਕ ਨੌਜਵਾਨ ਲੜਕੀ ਦਾ ਕਤਲ ਹੋ ਗਿਆ। ਪਿੰਡ ਦੇ ਨੇੜਲੇ ਚੋਅ 'ਚ ਕੁੜੀ ਦੀ ਅਲਫ ਨੰਗੀ ਵੱਢੀ-ਟੁੱਕੀ ਲਾਸ਼ ਪਈ ਸੀ। ਇਸ ਲਾਸ਼ ਦੇ ਇਕ ਪਾਸੇ ਰੱਜੇ ਪੁੱਜੇ ਤੇ ਹੰਕਾਰੇ ਹੋਏ ਸਰਦਾਰਾਂ ਦਾ ਫਾਰਮ ਹਾਊਸ ਸੀ ਅਤੇ ਦੂਜੇ ਪਾਸੇ ਧਾਰਮਿਕ ਸਥਾਨ। ਇਸ ਘਟਨਾ ਤੋਂ ਬਾਅਦ ਮੇਰੇ ਮਨ ਵਿਚ ਵਿਹੜੇ ਦੀਆਂ ਉਹਨਾਂ ਕੁੜੀਆਂ ਦੇ ਚਿਹਰੇ ਘੁੰਮਣ ਲੱਗ ਪਏ ਜੋ ਵੱਡੇ ਘਰਾਂ ਵਿਚ 'ਗੋਹਾ ਕੂੜਾ' ਕਰਦਿਆਂ ਕਰਦਿਆਂ 'ਹਿੱਕ ਧੱਕੇ' ਦਾ ਸ਼ਿਕਾਰ ਹੋ ਜਾਂਦੀਆਂ ਨੇ। ਕਈ ਦਿਨ ਮੇਰੇ ਮਨ 'ਚ ਉੱਥਲ-ਪੁੱਥਲ ਮੱਚੀ ਰਹੀ। ਮੈਂ ਕਈ ਰਾਤਾਂ ਸੌਂ ਨਾ ਸਕਿਆ। ਚੋਅ ਵਿਚ ਪਈ ਕੁੜੀ ਦੀ ਅਲਫ-ਨੰਗੀ ਲਾਸ਼ ਮੇਰੀ ਆਤਮਾ ਨੂੰ ਵੰਗਾਰ ਰਹੀ ਸੀ। ਉਸ ਘਟਨਾ ਨੂੰ ਲੈ ਕੇ ਮੈਂ ਦੋ ਕਵਿਤਾਵਾਂ ਲਿਖੀਆਂ। ਇਕ ਕਵਿਤਾ ਤਾਂ ਉਸੇ ਮਹੀਨੇ ਹੀ ਅੰਮ੍ਰਿਤਾ

ਪ੍ਰੀਤਮ ਦੇ ਰਸਾਲੇ 'ਨਾਗਮਣੀ' ਵਿਚ 'ਦੀਪੋ' ਦੇ ਨਾਂ ਹੇਠ ਛਪੀ ਅਤੇ ਦੂਜੀ ਕਵਿਤਾ 'ਨਵਾਂ ਜ਼ਮਾਨਾ' ਵਿਚ ਛਪੀ, ਜੋ ਮੇਰੀ ਕਾਵਿ ਪੁਸਤਕ 'ਭਾਖਿਆ' ਵਿਚ ਵੀ ਸ਼ਾਮਲ ਹੈ।

ਆਪਣੀ ਜ਼ਿੰਦਗੀਆਂ ਦੀਆਂ ਤਮਾਮ ਕੌੜੀਆਂ ਫਿੱਕੀਆਂ ਘਟਨਾਵਾਂ ਵਿਚੋਂ, ਜਿਸ ਘਟਨਾ ਨੇ ਮੈਨੂੰ ਸਭ ਤੋਂ ਵੱਧ ਉਦਾਸ ਕੀਤਾ, ਉਹ ਇਕ ਧਾਰਮਿਕ ਸਥਨ ਵਿਚ ਲੰਗਰ ਲਈ ਬੈਠੇ ਮੇਰੇ ਵਿਹੜੇ ਦੇ ਲੋਕਾਂ ਨੂੰ ਆਪਣੇ ਘਰੋਂ ਬਰਤਨ ਲੈ ਕੇ ਆਉਣ ਦੇ ਬਹਾਨੇ ਪੰਗਤ 'ਚੋਂ ਉਠਾਉਣਾ ਸੀ। ਸਮਾਜੀ ਵਿਤਕਰੇ ਦੀ ਗੱਲ ਤਾਂ ਪਿੰਡ 'ਚ ਉਦੋਂ ਵੀ ਉੱਠੀ ਸੀ ਜਦੋਂ ਪਿੰਡ ਦੇ ਰਜਵਾੜਿਆਂ ਨੇ (ਜਿਨ੍ਹਾਂ ਦੀ ਅਗਵਾਈ ਮੇਰੇ ਪਿੰਡ 'ਚ ਗ਼ੈਰ ਸਰਕਾਰੀ ਕਾਲਿਜ ਦਾ ਪੰਜਾਬੀ ਭਾਸ਼ਾ ਦਾ 'ਗੁਰਮੁੱਖ' ਲੈਕਚਰਾਰ ਕਰ ਰਿਹਾ ਸੀ) ਵਾਢੀਆਂ ਦੇ ਦਿਨਾਂ 'ਚ ਕਣਕਾਂ ਦੀ ਕੁਤਰਾਈ ਲਈ ਲੱਗੀਆਂ ਮਸ਼ੀਨਾਂ ਉੱਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੇਰ ਦਾਣੇ ਵਧਾਉਣ ਦੀ ਮੰਗ ਨੂੰ ਗ਼ੈਰ ਵਾਜਬ ਦੱਸ ਕੇ, ਪਿੰਡ ਦੇ ਕਾਮਿਆਂ ਦੀ ਖੇਤ-ਬੰਨੇ ਜਾਣ ਉੱਤੇ ਰੋਕ ਦਾ ਦਾਬਾ ਮਾਰਿਆ ਸੀ। ਪਰ ਗੁਰੂ ਦੇ ਲੰਗਰ 'ਚੋਂ ਜਦੋਂ, ਬੰਦਿਆਂ ਨੂੰ ਬਹਾਨੇ ਨਾਲ ਬਾਹਰ ਤੋਰਿਆ ਤਾਂ ਮੈਨੂੰ, ਸਵੇਰੇ-ਸ਼ਾਮ ਸਰਬੱਤ ਦਾ ਭਲਾ ਮੰਗਣ ਵਾਲਾ ਉਹ ਭਾਈ ਬਹੁਤ ਬੁਰਾ ਲੱਗਿਆ ਜਿਸਨੇ ਅਖੌਤੀ ਨੀਵੀਂ ਜਾਤ ਬਰਾਦਰੀ ਦੇ ਲੋਕਾਂ ਨੂੰ ਪੰਗਤ 'ਚੋਂ ਉਠਾਇਅ ਸੀ। ਮੇਰੇ ਮਨ 'ਚ ਕਈ ਚਿਰ ਪੰਗਤ 'ਚੋਂ ਉਠਾਏ ਗਏ ਉਹਨਾਂ ਵਿਅਕਤੀਆਂ ਦੇ ਨਮੋਸ਼ੇ ਚਿਹਰੇ ਘੁੰਮਦੇ ਰਹੇ। ਮੈਂ ਅੱਜ ਤਕ ਉਸ ਭਾਈ ਦੇ ਚਿਹਰੇ ਨੂੰ ਵੀ ਨਾ ਵਿਸਾਰ ਸਕਿਆ ਜਿਸ 'ਚੋਂ ਅਚਾਨਕ 'ਜੱਟ-ਮਨੂ' ਪ੍ਰਗਟ ਹੋ ਗਿਆ ਸੀ। ਇਹ ਘੜੀਆਂ ਸਨ ਜਦੋਂ ਮੈਂ 'ਕਿਤਾਬੀ' ਸਬਕ ਦੀ ਥਾਂ ਉਹਨਾਂ ਤਲਖ਼ ਹਕੀਕਤਾਂ ਦੇ ਰੂ-ਬ-ਰੂ ਹੋ ਰਿਹਾ ਸੀ ਜਿਨ੍ਹਾਂ ਦੀ ਮਾਰ ਕਈ ਪੁਸ਼ਤਾਂ ਤਕ ਸੀ। ਜ਼ਮੀਨੀ ਸਚਾਈ ਦੀਆਂ ਇਨ੍ਹਾਂ ਤੰਦਾਂ ਨੇ ਹੀ ਮੇਰੇ ਮਨ 'ਚ ਮੁਨਕਰੀ ਅਤੇ ਨਾਬਰੀ ਦੀ ਸੁਰ ਨੂੰ ਗਤੀ ਦਿੱਤੀ ਸੀ। ਮੌਜੂਦਾ ਪ੍ਰਬੰਧ 'ਚ ਜਿੱਥੇ ਆਮ ਆਦਮੀ ਨੂੰ ਆਰਥਿਕ ਵਸੀਲਿਆਂ ਦੀ ਘਾਟ ਸਦਕਾ ਹੀਣਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਉੱਥੇ ਸਮਾਜਕ ਜੀਵਨ ਵਿਚ ਵੀ ਨਿਮਨ-ਜਾਤ ਦਾ ਮਿਹਣਾ ਮੱਥੇ 'ਤੇ ਕਲੰਕ ਵਾਂਗ ਚਿਪਕਿਆ ਰਹਿੰਦਾ ਹੈ। ਆਪਣੀਆਂ ਕਵਿਤਾਵਾਂ 'ਪੈਰ' 'ਨਮਾਣੇ' 'ਬੇਨਾਂਵਾਂ' 'ਘੋੜਾ' 'ਰਿਸ਼ਤਾ ਨਾਤਾ' 'ਕੀੜੀ ਦਾ ਆਟਾ' 'ਕਚਹਿਰੀ' 'ਪਛਾਣ' ' ਬੇਵਤਨਾ' ਅਤੇ 'ਆਹਮਣੇ-ਸਾਹਮਣੇ' 'ਚ ਮੈਂ ਇਸੇ ਸਮੱਸਿਆ ਨਾਲ ਦੋ-ਚਾਰ ਹੋਇਆ ਹਾਂ ।

ਜਦੋਂ 'ਭਾਖਿਆ' ਛਪੀ ਤਾਂ ਉਹਨਾਂ ਦਿਨਾਂ 'ਚ ਹੀ ਮੇਰੀ ਇਕ ਇੰਟਰਵਿਊ 'ਇੰਡੀਅਨ ਐਕਸਪ੍ਰੈੱਸ' ਨੇ ਛਾਪੀ। ਮੁਲਾਕਾਤੀ ਨੇ ਸਵਾਲ ਪੁੱਛਦਿਆਂ ਮੈਨੂੰ ਕਿਹਾ ਕਿ ਤੁਹਾਡੀਆਂ ਕੁਝ ਕਵਿਤਾਵਾਂ ਪੜ੍ਹ ਕੇ ਲੱਗਦਾ ਹੈ ਕਿ ਤੁਸੀਂ ਡਾ.ਅੰਬੇਦਕਰ ਤੋਂ ਪ੍ਰਭਾਵਤ ਹੋ ਪਰ ਕੁਝ ਕਵਿਤਾਵਾਂ ਵਿਚ ਮਾਰਕਸ ਦਾ ਪ੍ਰਭਾਵ ਹੈ। ਮੈਂ ਜਦੋਂ ਉਸਨੂੰ ਇਹ ਦੱਸਿਆ ਕਿ ਇਨ੍ਹਾਂ ਕਵਿਤਾਵਾਂ ਦੀ ਸਿਰਜਣਾ ਵੇਲੇ ਮੈਂ ਨਾ ਤਾਂ ਡਾ.ਅੰਬੇਦਕਰ ਨੂੰ ਪੜ੍ਹਿਆ ਸੀ ਤੇ ਨਾ ਹੀ ਮਾਰਕਸ ਨੂੰ, ਤਾਂ ਉਹ ਮੰਨਣ ਲਈ ਤਿਆਰ ਨਹੀਂ ਸੀ। ਆਪਣੇ ਵਿਦਿਆਰਥੀ ਜੀਵਨ 'ਚ ਮੈਂ ਭਾਵੇਂ ਖੱਬੇ-ਪੱਖੀ ਵਿਦਿਆਰਥੀ ਜੱਥੇਬੰਦੀ ਦੇ ਕਾਫੀ ਨਜ਼ਦੀਕ ਰਿਹਾ, ਪਰ ਮੈਂ ਸਿਧਾਂਤਕ ਗਿਆਨ ਦੇ ਪੱਖੋਂ ਡੰਗ-ਟਪਾਊ ਹੀ ਕਿਹਾ ਜਾ ਸਕਦਾ ਸੀ। ਸਥਿਤੀ ਸ਼ਾਇਦ ਅੱਜ ਵੀ ਪਹਿਲੇ ਵਾਲੀ ਹੀ ਹੈ। ਹੁਣ ਭਾਵੇਂ ਮੈਂ ਡਾ. ਅੰਬੇਦਕਰ ਨੂੰ ਵੀ ਸਮਝਣ ਦੀ ਕੋਸ਼ਿਸ਼ ਵਿਚ ਹਾਂ ਤੇ ਮਾਰਕਸਵਾਦ ਬਾਰੇ ਵੀ ਥੋੜ੍ਹਾ ਬਹੁਤਾ ਗਿਆਨ ਰੱਖਦਾ ਹਾਂ। ਪਰ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਇਨ੍ਹਾਂ ਦੋਹਾਂ ਵਿਦਵਾਨਾਂ 'ਚੋਂ ਕਿਸ ਦਾ ਪ੍ਰਭਾਵ ਵਧੇਰੇ ਕਬੂਲਿਆ ਹੈ। ਸ਼ਾਇਦ ਇਸੇ ਕਰਕੇ ਮੇਰੇ ਮਾਰਕਸੀ ਮਿੱਤਰ ਮੈਨੂੰ ਅੰਬੇਦਕਰਵਾਦੀ ਕਹਿ ਦਿੰਦੇ ਹਨ ਅਤੇ ਡਾ.ਅੰਬੇਦਕਰ ਨਾਲ ਸੰਬੰਧਤ ਦੋਸਤ ਮੈਨੂੰ ਮਾਰਕਸੀ ਕਹਿ ਲੀਕੋਂ ਪਾਰ ਦਾ ਸਮਝਦੇ ਹਨ। 000

***(82-ਸ਼ਾਲੀਮਾਰ ਨਗਰ, ਜੋਧਾਮੱਲ ਰੋਡ, ਹੁਸ਼ਿਆਰਪੁਰ***

***ਫੋਨ: 94176-83796 email : madanveera@yahoo.com )***

## ਸੱਥਰ: ਕਹਾਣੀ: ਹਰਪ੍ਰੀਤ ਸਿੰਘ ਚਨੂੰ

*1981-82 ਦੌਰਾਨ ਜਦੋਂ 'ਸੱਖਣਾ ਆਦਮਕੱਦ ਸ਼ੀਸ਼ਾ' , 'ਸਤਾਹ ਉੱਤੋਂ ਲੰਘਦੀ ਹਵਾ', 'ਨਰਮੇ ਦੇ ਫੰਬੇ' ਅਤੇ 'ਹੌਲ਼ੀ ਹੌਲ਼ੀ ਸਰਕਦੀ ਧੁੱਪ' ਵਰਗੀਆਂ ਕਹਾਣੀਆਂ 'ਸਿਰਜਣਾ' ਦੇ ਪੰਨਿਆਂ ਵਿਚ ਛਪੀਆਂ ਸਨ ਤਾਂ ਕਹਾਣੀ ਕਹਿਣ ਦੇ ਹੁਨਰ ਵਿਚ ਕਮਾਲ ਦੀ ਮੁਹਾਰਤ ਵਾਲੇ ਲੇਖਕ ਵਜੋਂ ਹਰਪ੍ਰੀਤ ਸਿੰਘ ਨੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਉਦੋਂ ਵਿਦਵਾਨ ਆਲੋਚਕਾਂ ਨੇ ਉਸਦੀ ਭਰਵੀਂ ਚਰਚਾ ਅਤੇ ਪ੍ਰਸ਼ੰਸਾ ਕੀਤੀ ਸੀ। ਪਰ ਕੁਝ ਕੁ ਚਮਤਕਾਰੀ ਕਹਾਣੀਆਂ ਲਿਖਣ ਪਿੱਛੋਂ ਉਹ ਕਿਧਰੇ ਗੁੰਮ ਗੁਆਚ ਗਿਆ। ਹੁਣ ਚਾਰ ਦਹਾਕਿਆਂ ਮਗਰੋਂ ਉਹ ਮੁੜ ਕਹਾਣੀ ਲਿਖਣ ਵੱਲ ਅਹੁਲ਼ਿਆ ਹੈ ਅਤੇ ਅਬੋਹਰ ਵੱਲ ਦੇ ਆਪਣੇ ਪਿੰਡ ਚਨੂੰ ਦਾ ਨਾਂ ਆਪਣੇ ਨਾਉਂ ਨਾਲ ਜੋੜ ਕੇ ਸਾਹਮਣੇ ਆਇਆ ਹੈ। ਹਰਪ੍ਰੀਤ ਸਿੰਘ ਚਨੂੰ ਦੀ ਪੁਨਰ ਆਮਦ ਦਾ ਸੁਆਗਤ ਹੈ ਅਤੇ ਪੇਸ਼ ਹੈ ਉਸਦੀ ਨਵੀਂ ਕਹਾਣੀ।*

ਵਾਖਰੂ ! ਬਖਸ਼ੀਂ, ਹੇ ਸੱਚੇ ਪਾਤਸ਼ਾ।

ਕਹਿੰਦੇ ਹੋਏ ਪਹਿਲਾਂ ਬੁੱਢੇ ਮਿਸਤਰੀ ਸੁਰਜਨ ਸਿੰਹੁ ਨੇ ਖੰਘ ਕੇ ਗਲ਼ਾ ਸਾਫ਼ ਕੀਤਾ। ਫੇਰ ਸਾਹਮਣੇ ਖੜ੍ਹੀ ਤਕਰੀਬਨ ਡੇਢ ਸਦੀ ਦੀ ਅਉਧ ਹੰਢਾਅ ਚੁੱਕੀ ਹਵੇਲੀ ਦੇ ਬਨੇਰੇ ਵਾਲੇ ਕਿੰਗਰਿਆਂ ਤੋਂ ਲੈ ਕੇ ਹੇਠਾਂ ਤਕ ਡੂੰਘੀ ਨੀਝ ਨਾਲ ਤੱਕਿਆ। ਉਪਰਲੀ ਮੰਜ਼ਲ ਦੇ ਝਰੋਖੇ-ਨੁਮਾ ਛੋਟੀਆਂ ਬਾਰੀਆਂ, ਉਨ੍ਹਾਂ ਦੀਆਂ ਡੱਬੀਦਾਰ ਜੋੜੀਆਂ, ਬਾਰੀਆਂ ਦੇ ਅੱਗੇ ਬਣੇ ਗੋਲ਼ ਵਾਧਰਿਆਂ 'ਤੇ ਖੜ੍ਹਵੇਂ ਦਾਅ ਸਰੀਏ ਦੇ ਬਣੇ ਜੰਗਲ਼ੇ। ਵਾਧਰਿਆਂ ਥੱਲੇ ਰੰਗ ਬਰੰਗੇ ਲਾਟੂਆਂ ਦੀ ਪਾਲ਼। ਮੀਂਹਾਂ, ਹਨੇਰੀਆਂ ਤੇ ਵਕਤ ਦੇ ਥਪੇੜੇ ਸਹਿੰਦੀ, ਹੌਲ਼ੀ-ਹੌਲ਼ੀ ਕਾਈ ਨਾਲ ਸਿਆਹ ਪੈ ਚੁੱਕੀ ਹਵੇਲੀ।

ਵੱਡੇ, ਮਹਿਰਾਬ ਵਾਲੇ ਦਰਵਾਜ਼ੇ ਦੇ ਦੋਵੇਂ ਭਾਰੀ ਭਰਕਮ ਕਿਵਾੜ, ਜਿਨ੍ਹਾਂ ਦੇ ਬਾਹਰਲੇ ਪਾਸੇ ਪਿੱਤਲ ਦੇ ਸੁੰਬੇ ਵਰਗੇ ਕਿੱਲ ਫੁੱਲੀਆਂ ਨਾਲ ਜੜੇ ਹੋਏ ਸਨ। ਪਿੱਤਲ ਦੇ ਹੀ ਸੰਗਲ਼ੀ ਵਾਲੇ ਕੁੰਡੇ-ਕੁਲਫ਼ ਸਨ।

ਦੋਹੇਂ ਕੌਲ਼ਿਆਂ ਦੇ ਅੰਦਰਵਾਰ ਦੋ ਚੌਕੜੀਆਂ ਬਣੀਆਂ ਹੋਈਆਂ ਸਨ ਜਿਨ੍ਹਾਂ ਦਾ ਫਰਸ਼ ਲਾਲ ਪੱਥਰ ਦਾ ਸੀ। ਚੌਕੜੀਆਂ ਦੇ ਨਾਲ ਢੋਅ ਵਾਲੇ ਵੱਡੇ ਮੂੜ੍ਹੇ ਪਏ ਸਨ।

ਇਕ ਪਾਸੇ ਮੂੜ੍ਹੇ ਉੱਤੇ ਬੈਠੇ ਲੰਬੜਦਾਰ ਅਮਰ ਸਿੰਹੁ ਵੱਲ ਦੇਖ ਕੇ ਉਹਦਾ ਹਉਕਾ ਨਿੱਕਲ ਗਿਆ। ਅਮਰ ਸਿੰਹੁ ਦੇ ਹਲਕੇ ਬਦਾਮੀ ਰੰਗ ਦੀ ਪੱਗ, ਕਲੀਆਂ ਵਾਲਾ ਚਿੱਟਾ ਕੁੜਤਾ ਅਤੇ ਤੇੜ ਬਦਾਮੀ ਰੰਗ ਦਾ ਡੱਬੀਆਂ ਵਾਲਾ ਚਾਦਰਾ ਬੰਨ੍ਹਿਆ ਹੋਇਆ ਸੀ। ਉੱਤੇ ਗਰਮ ਸਰਜ ਦੀ ਵਾਸਕਟ ਪਾਈ ਹੋਈ ਸੀ। ਸਾਰੇ ਵਸਤਰ ਅੱਧਘਸੇ ਜਿਹੇ ਸਨ।

ਪੀਲ਼ੀ ਪੈ ਚੁੱਕੀ ਚਿੱਟੀ ਉਲਝੀ ਹੋਈ ਦਾੜ੍ਹੀ, ਗੋਰੇ ਰੰਗ ਵਾਲਾ ਝੁਰੜੀਆਂ ਭਰਿਆ ਚਿਹਰਾ, ਵੱਡਾ ਸਾਰਾ ਨੱਕ ਤੇ ਨਿੱਕੀਆਂ ਕਾਲ਼ੀਆਂ ਅੱਖਾਂ ਜਿਹੜੀਆਂ ਹੁਣ ਸੁੱਕ ਚੁੱਕੇ ਅੱਥਰੂਆਂ ਕਰਕੇ ਸਥਿਰ ਹੋਈਆਂ, ਹਵੇਲੀ ਦੇ ਸਾਹਮਣੇ ਖੁਲ੍ਹੇ ਚੌਂਹਟੇ (ਚੁਗਾਨ) ਵਿਚ ਵਿਛੇ ਹੋਏ ਸੱਥਰ ਉੱਤੇ ਬੈਠੇ ਲੋਕਾਂ ਵੱਲ ਟਿਕ-ਟਿਕੀ ਬੰਨ੍ਹ ਕੇ ਵੇਖ ਰਹੀਆਂ ਸਨ।

ਹਵੇਲੀ ਦੇ ਅੰਦਰ ਵੱਡੇ ਦਲਾਨ-ਨੁਮਾ ਦਰਵਾਜ਼ੇ ਅਤੇ ਪਿੱਛੇ ਵਿਹੜੇ ਵਿਚ ਬੈਠੀਆਂ ਔਰਤਾਂ ਕਦੇ ਰੋਣ, ਕਦੇ ਉੱਚੀ ਕਦੇ ਹੌਲ਼ੀ ਵੈਣ ਪਾਉਣ ਲੱਗ ਪੈਂਦੀਆਂ ਸਨ। ਕਦੇ ਗੱਲਾਂ ਦੀ ਘੁਸਰ-ਮੁਸਰ ਸ਼ੁਰੂ ਹੋ ਜਾਂਦੀ ਸੀ। ਔਰਤਾਂ ਵਿਚਕਾਰ ਮ੍ਰਿਤਕ ਗੁਰਕੀਰਤ 'ਗੈਰੀ' ਦੀ ਦੇਹ, ਚਿੱਟੀ ਚਾਦਰ ਥੱਲੇ ਵਾਣ ਦੇ ਮੰਜੇ ਉੱਤੇ ਵਿਛੇ ਬਿਸਤਰੇ ਉੱਤੇ ਪਈ ਸੀ। ਮੰਜੇ ਦੇ ਪਾਇਆਂ ਥੱਲੇ ਪਾਣੀ ਦੀਆਂ ਕਟੋਰੀਆਂ ਭਰ ਕੇ ਰੱਖੀਆਂ ਹੋਈਆਂ ਸਨ। ਉਪਰ ਨਿੰਮ ਦੇ ਪੱਤਿਆਂ ਨਾਲ ਭਰੀਆਂ ਟਹਿਣੀਆਂ, ਮ੍ਰਿਤਕ ਦੇਹ ਦੇ ਆਸੇ-

ਪਾਸੇ ਰੱਖੀਆਂ ਹੋਈਆਂ ਸਨ। ਮ੍ਰਿਤਕ ਅਮਰ ਸਿੰਘ ਲੰਬੜਦਾਰ ਦਾ ਪੋਤਰਾ ਸੀ।

ਹਵੇਲੀ ਦੇ ਸਾਹਮਣੇ ਚੌਂਹਟੇ ਵਿਚ ਪਿੰਡ ਦੇ ਹਰ ਵਰਗ ਦੇ ਲੋਕਾਂ, ਸ਼ਰੀਕ, ਜ਼ਿਮੀਂਦਾਰ, ਕਾਮੇ, ਕਿਰਤੀ, ਰਿਸ਼ਤੇਦਾਰਾਂ, ਦਾ ਇਕੱਠ ਪਲ-ਪਲ ਵਧਦਾ ਜਾਂਦਾ ਸੀ। ਅਮਰ ਸਿੰਘ ਨਾਲ ਉਨ੍ਹਾਂ ਦੀ ਦਿਲੀ ਹਮਦਰਦੀ ਉਨ੍ਹਾਂ ਦੀਆਂ ਗੱਲਾਂ-ਬਾਤਾਂ ਅਤੇ ਮੁਰਝਾਏ ਚਿਹਰਿਆਂ 'ਤੇ ਸਪਸ਼ਟ ਦਿਸਦੀ ਸੀ।

'ਲੈ ਕੋਈ ਮਾੜੇ ਵਰਗੀ ਮਾੜੀ ਗੱਲ! ਕਮਲ਼ਿਆ, ਇਹ ਕੋਈ ਮਰਨ ਦੀ ਉਮਰ ਸੀ, ਤੇ ਉੱਤੋਂ ਅਮਰ ਸਿੰਘ ਦੀ 'ਵਸਥਾ ਵੇਖ, ਹੈ ਕੋਈ ਭਲਾ ਏਡਾ ਦੁੱਖ ਝੱਲਣ ਵਾਲੀ? ਹੇ ਮਾਲਕਾ ਬਗਸੀਂ!'

'ਖਾਨਦਾਨ ਇਉਂ ਨੀ ਖਤਮ ਹੁੰਦੇ ਵੇਖੇ? ਦਾਦਾ ਬੈਠਾ, ਪੁੱਤ ਪੋਤਰਾ ਤੁਰ ਗਏ।'

'ਨਸ਼ਾ ਵੀਰਾ ਕੀਹਨੂੰ ਛੱਡਦਾ ਐ? ਨਾ ਖਾਨਦਾਨ, ਨਾ ਉਮਰ, ਨਾ ਜੈਦਾਤ, ਕੁਛ ਨੀ ਓਏ ਬਚਦਾ।'

'ਆਹ ਤਾਂ ਜਿਊਂਦੀ ਜਾਗਦੀ ਮਿਸਾਲ ਹੈ ਯਾਰ। ਐਡੀ ਕਰੜੀ ਸੱਟ ਲੰਬੜਦਾਰ ਨਹੀਂ ਸਹਿੰਦਾ ਗਾ।'

ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਹੋਈ ਜਾਂਦੀਆਂ ਸਨ।

ਚੌਂਹਟੇ ਦੇ ਸੱਜੇ ਪਾਸੇ, ਹਵੇਲੀ ਦੇ ਸਾਹਮਣੇ, ਗੁਰਦੁਆਰੇ ਦੀ ਵਿਸ਼ਾਲ ਇਮਾਰਤ ਸੀ। ਵੱਡੀ ਸੰਗਮਰਮਰੀ ਡਿਉੜੀ ਜਿਸ ਉੱਤੇ ਦਾਨੀ ਸੱਜਣਾਂ ਦੇ ਨਾਂ ਪੱਥਰ 'ਤੇ ਉੱਕਰੇ ਹੋਏ ਸਨ। ਦਰਬਾਰ ਹਾਲ, ਲੰਗਰ ਘਰ, ਉੱਚੇ ਝੂਲਦੇ ਨਿਸ਼ਾਨ ਸਾਹਿਬ ਦੇ ਥੱਲੇ ਬਿਰਾਜਮਾਨ ਸੀ।

'ਲੈ ਵੇਖ! ਜਿੱਡੀ ਸ਼ਾਨ ਹੁਣ ਏਸ ਗੁਰੂ ਘਰ ਦੀ ਹੈ, ਏਵੇਂ ਹੀ ਕਦੇ ਏਸ ਹਵੇਲੀ ਦੀ ਹੁੰਦੀ ਸੀ।'ਬੁੱਢੇ ਮਿਸਤਰੀ ਸੁਰਜਨ ਸਿੰਘ, ਜਿਸ ਦੇ ਦਾਦੇ ਗੱਜਣ ਸਿੰਘ ਨੇ ਹਵੇਲੀ ਦੀ ਉਸਾਰੀ ਕਰਵਾਈ ਸੀ, ਗੱਲ ਛੇੜ ਦਿੱਤੀ।

'ਗੁਰਦੁਆਰੇ ਵਾਲਾ ਥਾਂ ਵੀ ਏਹਨਾਂ ਸਰਦਾਰਾਂ ਦਾ ਸੀ। ਵੱਡੀ ਸਾਰੀ ਲੰਮੀ ਸਵਾਤ ਤੂੜੀ ਵਾਸਤੇ ਪਾਈ ਸੀ। ਅੱਗੇ ਬਰਾਂਡਾ ਪਸ਼ੂਆਂ ਵਾਸਤੇ ਪਾਇਆ ਸੀ। ਸੀ ਤਾਂ ਕੱਚੀਆਂ ਇੱਟਾਂ ਦੀ ਚਿਣਾਈ ਪਰ ਚੀਕਣੀ ਮਿੱਟੀ ਦੀ ਲਪਾਈ ਅੱਜਕੱਲ੍ਹ ਦੇ ਪਲਸਤਰ ਨਾਲੋਂ ਚੰਗੀ ਸੀ। ਅਜੇ ਵਰਤੋਂ ਵਿਚ ਨਹੀਂ ਲਿਆਂਦੀ ਸੀ ਕਿ ਕਿਤੇ ਕੋਈ 'ਕਾਲੀਆਂ ਦੀ ਲਹਿਰ ਚੱਲੀ ਸੀ। ਉਸ ਦੀ ਸੁਣਾ-ਸੁਣਾਈ ਲਹਿਰ ਆਪਣੇ ਏਧਰ ਵੀ ਜ਼ੋਰ ਫੜ ਗਈ। ਇਨ੍ਹਾਂ ਲੰਬੜਦਾਰਾਂ ਨੇ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਨਾਲ ਲਿਆ ਅਤੇ ਸਵਾਤ ਬਰਾਂਡੇ ਸੰਵਾਰ ਕੇ, ਰੰਗ-ਰੋਗਨ ਕਰ ਕੇ ਸਜਾ ਦਿੱਤੇ, ਸਵਾਤ ਦੀਆਂ ਕੜੀਆਂ-ਲਟੈਣਾਂ ਦੀ ਛੱਤ ਥੱਲੇ ਬਾਗ, ਫੁਲਕਾਰੀਆਂ ਲਾ ਕੇ ਵਧੀਆ ਵੇਖਣ ਜੋਗ ਬਣਾ ਦਿੱਤਾ। ਤੇ ਮਾਹਾਰਾਜ ਦਾ ਪ੍ਰਕਾਸ਼ ਡੇਰੇ 'ਚੋਂ ਲਿਆ ਕੇ ਇੱਥੇ ਕਰਵਾ ਦਿੱਤਾ। ਹੌਲ਼ੀ-ਹੌਲ਼ੀ ਹੁਣ ਵੇਖ ਕੀ ਆਲੀਸ਼ਾਨ ਗੁਰੂਘਰ ਬਣ ਗਿਆ। ਜ਼ੈਲਦਾਰ ਸੁੰਦਰ ਸਿੰਘ ਤਾਂ ਬੜੇ ਭਲੇ ਦੇ ਕੰਮ ਕੀਤੇ ਸੀ।'

ਹਵੇਲੀ 'ਚ ਇਕੱਠ ਵਧ ਗਿਆ ਸੀ। ਪਾਣੀ-ਧਾਣੀ ਪਿਲਾਉਣ ਲਈ ਬਰਤਨ ਘਟ ਗਏ।

"ਜਾਓ ਓਏ! ਗੁਰੂ ਘਰੋਂ ਦੋ ਟੋਕਰੇ ਭਾਂਡਿਆਂ ਦੇ ਚੁੱਕ ਲਿਆਓ।" ਜੱਥੇਦਾਰ ਹਾਕਮ ਸਿੰਘ ਨੇ ਕੰਮ ਧੰਦੇ 'ਚ ਲੱਗੇ ਮੁੰਡਿਆਂ ਨੂੰ ਕਿਹਾ। ਆਪ ਉਠ ਕੇ ਛੋਟਾ ਸਿੰਘ ਢਿੱਲੋਂ ਕੋਲ਼ ਆ ਬੈਠਾ ਜਿਹੜਾ ਹਵੇਲੀ ਵਾਲਿਆਂ ਦੀ ਜ਼ਮੀਨ ਠੇਕੇ ਉੱਤੇ ਵਾਹੁੰਦਾ ਸੀ। ਛੋਟਾ ਸਿੰਘ ਹਵੇਲੀ ਦੇ ਗਵਾਂਢ 'ਚ ਹੀ ਰਹਿੰਦਾ ਸੀ। ਪਹਿਲਾਂ ਬਹੁਤ ਗ਼ਰੀਬੀ ਕੱਟੀ। ਗੱਡੇ-ਬਲ਼ਦਾਂ ਨਾਲ ਭਾੜਾ ਵਾਹ ਕੇ ਡੰਗ ਟਪਾਉਂਦਾ ਸੀ ਪਰ ਫੇਰ ਤਕਦੀਰ ਨੇ ਪਾਸਾ ਪਲਟਿਆ, ਚਾਰੇ ਮੁੰਡੇ ਕਾਮੇ ਨਿਕਲੇ ਤੇ ਹੁਣ ਰੱਜਿਆ ਪੁੱਜਿਆ ਢਿੱਲੋਂ ਜੱਟ ਬਣ ਗਿਆ ਸੀ।

"ਛੋਟਾ ਸਿੰਹਾਂ ਬਾਈ ਸਸਕਾਰ ਦਾ ਟਾਈਮ-ਟੂਮ, ਕੋਈ ਹੋਰ ਬੰਦੋਬਸਤ ਦਾ ਪੁੱਛਿਆ ਬਾਬੇ ਅਮਰ ਸਿੰਘ ਨੂੰ?"

"ਬਈ ਖਾਲਸਿਆ! ਪੁੱਛਿਆ ਤਾਂ ਨਹੀਂ ਪਰ ਦਿਸਦਾ ਹੀ ਐ, ਆਪਾਂ ਨੂੰ ਹੀ ਸਭ ਕੁਛ

ਕਰਨਾ ਪਊ। ਬਾਬਾ ਤਾਂ ਵਿਚਾਰਾ ਬੈਠਣ ਜੋਗਾ ਹੀ ਹੈ। ਬੁੜ੍ਹੀਆਂ ਦਾ ਤੈਨੂੰ ਪਤਾ ਹੀ ਹੈ, ਆਪ ਮੁਹਾਰੇ ਹੀ ਚਲਦੀਆਂ ਹੁੰਦੀਆਂ। ਲਗਦਾ ਹਵੇਲੀ 'ਚੋਂ ਤਾਂ ਲੱਕੜ ਬਾਲਣ ਵੀ ਨਹੀਂ ਜੁੜਨਾ। ਤੂੰ ਹਾਕਮ ਸਿੰਹਾਂ, ਗੁਰੂ ਘਰ 'ਚੋਂ ਚਾਹ-ਪਾਣੀ ਤੇ ਪ੍ਰਸ਼ਾਦੇ ਦਾ ਇੰਤਜ਼ਾਮ ਕਰਵਾ, ਬਾਹਰੋਂ ਦੂਰੋਂ ਸਾਕ-ਸਕੀਰੀ ਵਾਲੇ ਆਉਣਗੇ। ਮੈਂ ਮੁੰਡੇ ਨੂੰ ਲੱਕੜ ਲੈਣ ਵਾਸਤੇ ਆਰੇ ਉਤੇ ਟਰਾਲੀ ਭੇਜਦਾਂ।"

ਉਨ੍ਹਾਂ ਦੀਆਂ ਗੱਲਾਂ ਸੁਣਦਾ, ਨਾਲ ਬੈਠਾ, ਗੁੱਜਰ ਖੁਰੀਆਂ ਵਾਲੇ ਮਜ਼ਹਬੀ ਸਿੱਖਾਂ ਦਾ ਮੁੰਡਾ ਆਵਦਾ ਰਾਗ ਅਲਾਪਣ ਲੱਗ ਪਿਆ, "ਲੈ ਤਾਇਆ, ਦੁਨੀਆਂ ਆਵਦਾ ਕਿੱਤਾ ਕਰਨੋਂ ਹਟ ਗਈ। ਪੁੱਛ ਕਿਵੇਂ? ਜ਼ਮੀਨਾਂ ਵਾਲਿਆਂ ਨੇ ਵਾਹੀ ਖੇਤੀ ਛੱਡ 'ਤੀ, ਵਿਹਲੇ ਸੱਥਾਂ 'ਚ ਬੈਠੇ ਤਾਸ ਖੇਡਦੇ ਰਹਿੰਦੇ। ਆਥਣੇ ਛਿਪਦੇ ਤੋਂ ਪਹਿਲਾਂ ਦਾਰੂ ਭਾਲ਼ਦੇ ਆ ਤੇ ਹੋਰ ਜਿਹੜੇ ਪੁੱਠੇ ਕੰਮੀਂ ਪਏ, ਉਨ੍ਹਾਂ ਦਾ ਤਾਂ ਨਾਂ ਈ ਕੀ ਲੈਣਾ।

"ਹੁਣ ਮੈਨੂੰ ਵੇਖ, ਬਾਪੂ ਮੇਰੇ ਦੇ ਅਸੀਂ ਚਾਰ ਪੁੱਤ ਸਾਂ। ਬਾਪੂ ਹੱਥੀਂ ਆਹਰਣ ਪਾਉਂਦਾ ਤੇ ਖੁਰੀਆਂ ਬਣਾਉਂਦਾ, ਕੋਈ ਪੱਖਾ ਗੇੜਦਾ, ਕੋਈ ਸੱਟ ਲਾਉਂਦਾ। ਦਿਹਾੜੀ ਦੱਪੇ ਦਾ ਕੰਮ ਵੀ ਚੱਲ ਪੈਂਦਾ ਸੀ। ਫੇਰ ਵੱਡਾ ਕਹਿੰਦਾ, ਮੈਥੋਂ ਨੀ ਇਹ ਸਿਆਪਾ ਹੁੰਦਾ, ਖੁਰੀਆਂ-ਨੌਂਹਾਂ ਵਾਲਾ, ਮੈਂ ਤਾਂ ਸ਼ਹਿਰ 'ਚ ਰਕਸ਼ਾ ਚਲਾਊਂਗਾ। ਜਦੋਂ ਦਾ ਅੱਡਾ ਮੰਡੀ 'ਚੋਂ ਬਾਹਰ ਗਿਆ, ਪੂਰਾ ਕੰਮ ਚਲਦਾ ਰਕਸ਼ੇ ਦਾ ਓਥੇ। ਚਲੋ ਮੰਡੀ ਵਗ ਗਿਆ। ਕ੍ਰਿਆਏ 'ਤੇ ਲੈ ਕੇ ਰਕਸ਼ਾ ਵਾਹੁਣ ਲੱਗ ਪਿਆ, ਅੱਧੀ ਕਮਾਈ ਟੁੱਟ-ਭੱਜ ਤੇ ਕ੍ਰਿਆਇਆ ਖਾ ਲਿਆ ਕਰੇ। ਉੱਤੋਂ ਤਿੰਨ ਪਹੀਏ ਭੂੰਡ ਜੇ ਚੱਲ ਪਏ। ਅਹੁ ਫਿਰਦਾ ਐ ਭੁੱਖਾ ਮਰਦਾ।

"ਦੂਜੇ ਦੋਵੇਂ ਸੇਠਾਂ ਦੇ ਟਰੈਕਟਰ 'ਤੇ ਡਰੈਵਰੀ ਕਰਨ ਲੱਗ ਪਏ। ਚਲੋ ਆਵਦੇ ਟੱਬਰਾਂ ਦੇ ਜਿਵੇਂ ਕਿਮੇਂ ਢਿੱਡ ਪਾਲ਼ੀ ਜਾਂਦੇ ਐ। ਮੇਰਾ ਬਾਪੂ ਆਂਹਦਾ, ਕੋਈ ਮੇਰੇ ਆਲ਼ਾ ਪੰਥ ਵੀ ਫੜੂਗਾ ਥੋਡੇ 'ਚੋਂ?

"ਮਖਿਆ ਲੈ ਬਾਪੂ ਮੈਂ ਚੱਕਦਾ ਹਾਂ ਤੇਰਾ ਪਾਨਾਂ ਵਾਲਾ ਬੀੜਾ। ਵੇਖ ਲੈ ਤਾਇਆ, ਉਹ ਹੱਥੀਂ ਖੁਰੀਆਂ ਬਣਾ ਕੇ ਬਲ਼ਦਾਂ ਘੋੜਿਆਂ ਦੇ ਪੈਰੀਂ ਲਾਉਂਦਾ ਸੀ, ਨੌਂਹ ਲਾਹੁੰਦਾ ਸੀ, ਮੈਨੂੰ ਸਭ ਕੁਛ ਮੰਡੀਓਂ ਬਣਿਆ ਬਣਾਇਆ ਮਿਲ ਜਾਂਦਾ ਐ। ਕੇਰਾਂ ਤਾਂ ਕੰਮ ਦਬ ਗਿਆ ਸੀ ਜਦੋਂ ਤਾਂਗੇ ਤੇ ਰਿਹੜਿਆਂ ਦੀ ਥਾਂ ਟੈਂਪੂ ਮੋਟਰਾਂ ਚੱਲ ਪਏ।

ਪਰ ਫੇਰ ਕਰਨੀ ਮਹਾਰਾਜ ਦੀ ਐਸਾ ਪਾਸਾ ਪਲਟਿਆ, ਜ਼ਿਮੀਂਦਾਰਾਂ ਤੇ ਸਰਦਾਰਾਂ ਨੇ, ਵਾਹੀ ਛੱਡ 'ਤੀ ਤੇ ਘੋੜੀਆਂ, ਵਛੇਰੇ, ਸਾਹਨ ਘੋੜੇ ਰੱਖ ਲਏ। ਹੁਣ ਵਾਰੀ ਨੀ ਆਉਂਦੀ। ਬੁਕਿੰਗ ਰਹਿੰਦੀ, ਕਦੇ ਕਿਸੇ ਸਰਦਾਰ ਦੇ ਸ਼ਟੱਡ ਫਾਰਮ 'ਤੇ, ਤੇ ਕਦੇ ਕਿਸੇ ਜ਼ਿਮੀਂਦਾਰ ਦੇ ਤਬੇਲੇ। ਜੇ ਝੂਠ ਲਗਦੈ ਤਾਂ ਜਾ ਕੇ ਵਿਹੜੇ 'ਚ ਮੇਰਾ ਕੋਠੀ ਅਰਗਾ ਘਰ ਵੇਖ ਲੈ। ਦਿਨ ਫਿਰਦਿਆਂ ਦਾ ਪਤਾ ਨਹੀਂ ਲੱਗਾ। ਬਸ ਆਵਦਾ ਕਿੱਤਾ ਕੰਮ ਨਾ ਛੱਡੋ, ਲੱਗੇ ਰਹੋ।"

"ਆਹੋ! ਸੱਤ ਬਚਨ ਠੀਕ ਐ ਤੇਰੀ ਗੱਲ ਪਰ ਹੁਣ ਜਿਹੜੇ ਛੱਡ ਗਏ ਸੋ ਛੱਡ ਗਏ।" ਜੱਗਾ ਮਿਸਤਰੀ ਸਿਰੋਪੇ ਦੇ ਲੜ ਨਾਲ ਮੱਥਾ ਪੂੰਝਦਾ ਹੋਇਆ ਬੋਲਿਆ ਜਿਹੜਾ ਸੇਪੀ ਦਾ ਕੰਮ ਛੱਡ ਕੇ ਗੁਰਦੁਆਰੇ 'ਚ ਗਜ਼ਾ ਕਰਨ ਦੀ ਸੇਵਾ ਕਰਨ ਲੱਗ ਪਿਆ ਸੀ।

ਗੁਰਦੁਆਰੇ ਦੇ ਸਾਹਮਣੇ ਵਾਲੀ ਗਲ਼ੀ ਵਿਚੋਂ ਇਕ ਪੁਰਾਣੀ ਜਿਹੀ ਜੀਪ ਖੜ-ਖੜ ਕਰਦੀ ਚੌਂਹਟੇ 'ਚ ਦਾਖਲ ਹੋਈ। ਉਸ ਵਿਚੋਂ ਮਧਰੀ ਕਾਠੀ ਦੇ ਇਕ ਬਜ਼ੁਰਗ ਨੂੰ ਸਹਾਰਾ ਦੇ ਕੇ ਉਤਾਰਿਆ ਗਿਆ। ਫੇਰ ਚਾਰ ਪੰਜ ਬੁੜ੍ਹੀਆਂ ਚੁੰਨੀ ਦਾ ਪੱਲਾ ਸੰਵਾਰਦੀਆਂ ਹੋਈਆਂ ਉੱਤਰੀਆਂ ਤੇ ਰੋਂਦੀਆਂ ਹੋਈਆਂ ਹਵੇਲੀ ਵੱਲ ਚੱਲ ਪਈਆਂ। ਬਜ਼ੁਰਗ ਦੇ ਚਿੱਟੀ ਪੱਗ, ਚਿੱਟਾ ਕੁੜਤਾ ਚਾਦਰਾ ਤੇ ਪੈਰੀਂ ਧੌੜੀ ਖੱਲ ਦੀ ਜੁੱਤੀ ਪਾਈ ਹੋਈ ਸੀ। ਇਕ ਹੱਥ ਵਿਚ ਖੂੰਡਾ ਫੜਿਆ ਹੋਇਆ ਸੀ। ਉਸ ਨੂੰ ਸਹਾਰਾ ਦੇ ਕੇ ਜੀਪ ਚਲਾਉਣ ਵਾਲਾ ਮੁੰਡਾ ਹੌਲ਼ੀ-ਹੌਲ਼ੀ ਹਵੇਲੀ ਦੇ ਦਰਵਾਜ਼ੇ ਤਕ ਲੈ ਆਇਆ। ਇਕ ਮੂੜ੍ਹਾ ਅਮਰ ਸਿੰਹੁ ਦੇ ਕੋਲ਼ ਸਰਕਾ ਕੇ ਉਸ ਉੱਤੇ ਬਿਠਾਉਣ ਦਾ ਯਤਨ ਕੀਤਾ ਪਰ ਬਜ਼ੁਰਗ ਖੜ੍ਹ ਕੇ ਮ੍ਰਿਤਕ ਜਵਾਨ ਦੀ

ਪਈ ਹੋਈ ਦੇਹ ਵੱਲ ਧਾਹੁਣ ਦਾ ਜਤਨ ਕਰਦਾ, ਉੱਚੀ ਸਾਰੀ ਧਾਹ ਮਾਰ ਕੇ, ਘੱਗੀ ਜਿਹੀ ਆਵਾਜ਼ 'ਚ ਬੋਲਿਆ, "ਪੱਟੇ ਗਏ ਓ ਮੁਲਖਾ! ਕਿਤੋਂ ਦੇ ਨਹੀਂ ਰਹੇ। ਕਿੱਥੇ ਜਾਵਾਂ ਓ ਲੋਕੋ ਇਸ ਉਮਰੇ? ਕੋਈ ਵਾਹ ਨੀ ਓਏ ਜਾਂਦੀ। ਪਹਿਲਾਂ ਮੈਨੂੰ ਕਿਉਂ ਨਾ ਚੁੱਕ ਲਿਆ ਓ ਡਾਢਿਆ?"

ਢਾਰਸ ਦੇ ਕੇ ਉਹ ਨੂੰ ਮੂੜ੍ਹੇ 'ਤੇ ਬਿਠਾ ਦਿੱਤਾ ਗਿਆ। ਭੱਜ ਕੇ ਪਾਣੀ ਦਾ ਗਿਲਾਸ ਲਿਆ ਕੇ ਪਿਲਾਉਣ ਦੀ ਕੋਸ਼ਿਸ਼ ਕੀਤੀ ਗਈ। "ਵੇਖੋ ਜਾਰੋ! ਛੀ ਸਾਲ ਹੋਏ, ਪਹਿਲਾਂ ਮੇਰਾ ਪੁੱਤ, ਐਸ ਕੁੜੀ ਦਾ ਪਿਓ, ਅਣ-ਆਈ ਤੁਰ ਗਿਆ। ਚੰਗਾ ਭਲਾ ਆਵਦੀ ਕਬੀਲਦਾਰੀ ਹੋੜ੍ਹੀ ਫਿਰਦਾ ਸੀ। ਪਰ ਮੇਰੇ ਗਲ਼ ਜੋ ਪੈਣੀ ਸੀ।"

"ਕੀ ਗੱਲ ਬਣਗੀ ਸੀ ਮਾਸੜਾ?" ਕੋਈ ਜਣਾ ਬੋਲਿਆ।

"ਬਣਨਾ ਕੀ ਸੀ ਭਾਈ, ਪਿੰਡ ਦੇ ਮੁੰਡੇ, ਚੋਟਾਲਿਆਂ ਵੰਨੀਂ ਕਿਤੇ ਕੌਡੀ ਵੇਖਣ ਗਏ ਸੀ। ਉੱਥੋਂ ਈ ਦਾਰੂ ਦਾ ਡੱਕਿਆ ਡਕਾਇਆ ਆਇਆ, ਛੱਤ 'ਤੇ ਜਾ ਕੇ ਸੌਂ ਗਿਆ। ਪਛਾਬ ਕਰਨ ਉਠਿਆ, ਨਸ਼ੇ 'ਚ ਪਤਾ ਈਂ ਨੀ ਲੱਗਿਆ, ਜਿਧਰ ਬਨੇਰਾ ਛੋਟਾ ਸੀ, ਓਧਰ ਨੂੰ ਤੁਰ ਗਿਆ, ਉੱਤੋਂ ਦੀ ਧੌਣ ਪਰਨੇ ਗਲ਼ੀ 'ਚ ਜਾ ਡਿੱਗਿਆ। ਖੜਾਕ ਸੁਣ ਕੇ ਜਦੋਂ ਤਾਈਂ ਭੱਜ ਕੇ ਗਏ, ਵੇਖਿਆ, ਮਣਕਾ ਟੁੱਟ ਗਿਆ, ਥਾਏਂ ਰਹਿ ਗਿਆ।"

"ਟਰਾਲੀ 'ਚ ਪਾ ਕੇ ਸਰਸੇ ਤਾਂ ਲੈ ਗਏ ਸੀ ਪਰ ਡਾਕਟਰ ਕਹਿੰਦਾ, ਜਿਵੇਂ ਆਏ ਓ, ਉਵੇਂ ਲੈ ਜਾਓ। ਜੇ ਪੁਲਿਸ ਨੂੰ ਪਤਾ ਲੱਗ ਗਿਆ ਤਾਂ ਐਵੇਂ ਦੋ ਦਿਨ ਪੋਸਟਮਾਰਟਮ, ਮੁਲਾਜਿਹਿਆਂ 'ਚ ਖੱਜਲ਼ ਖੁਆਰ ਹੁੰਦੇ ਫਿਰੋਗੇ।... ਹੁਣ ਉਹਦੀ ਕਬੀਲਦਾਰੀ ਵੀ ਮੇਰੇ ਜਿੰਮੇ ਪੈ ਗਈ ਤੇ ਆਹ ਜਿਹੜੀ ਮੇਰੀ ਪੋਤੀ ਨਾਲ ਭਾਣਾ ਵਰਤ ਗਿਆ, ਇਹ ਵੀ ਮੇਰੇ ਉੱਤੇ ਆ ਪਈ।"

"ਕੋਈ ਨੀ ਬਜ਼ੁਰਗਾ, ਹੌਂਸਲਾ ਰੱਖ।"

"ਕਾਹਦਾ ਹੌਂਸਲਾ, ਚਲੋ ਇਹ ਮੁੰਡਾ, ਪ੍ਰਾਉਣਾ ਜਿਹੋ ਜਾ ਵੀ ਸੀ, ਨਸ਼ਈ, ਸ਼ਰਾਬੀ, ਕਬਾਬੀ, ਘਰੇ ਤਾਂ ਆਉਂਦਾ ਸੀ। ਮਾਂ ਨੂੰ ਘਰ ਵਾਲੀ ਨੂੰ ਛੋਟੇ ਜੁਆਕ ਨੂੰ ਕੋਈ ਆਸਰਾ ਤਾਂ ਸੀ। ਕੋਈ 'ਡੀਕ ਤਾਂ ਸੀ, ਬੀ ਘਰ ਆਊਗਾ। ਉਹ ਵੀ ਲੋਕੋ ਮੁੱਕ ਗਈ।"

"ਕੋਈ ਨੀ ਮਾਸੜਾ, ਸਬਰ ਈ ਕਰਨਾ ਪੈਣਾ। ਆਹ ਛੋਟੇ ਬੱਚੇ 'ਤੇ ਮਾਲਕ ਸੱਚੇ ਪਾਤਸ਼ਾਹ ਮਿਹਰ ਕਰੂ। ਦਿਨਾਂ 'ਚ ਨਾਲ ਰਲਜੂ।"

ਜਿਹੜਾ ਮੁੰਡਾ ਬਜ਼ੁਰਗ ਨੂੰ ਸਹਾਰਾ ਦੇ ਕੇ ਲਿਆਇਆ ਸੀ, ਉਸ ਨੇ ਸਾਰਿਆਂ ਵੱਲ ਵੇਖ ਕੇ ਦਰਵਾਜੇ ਦੀ ਡਿਉੜੀ 'ਚ ਬੈਠੇ ਬੰਦਿਆਂ ਵੱਲ ਝਾਕ ਕੇ ਪੁੱਛਿਆ, "ਪਰ ਜੀ ਗੱਲ ਕੀ ਬਣੀ?"

"ਗੱਲ ਕੀ ਬਣਨੀ ਸੀ ਭਾਈ, ਕੱਲ੍ਹ ਇਕ ਮਿਸਤਰੀਆਂ ਦਾ ਮੁੰਡਾ, ਇਕ ਵਿਰਕਾਂ ਦੇ ਅਗਵਾੜ 'ਚੋਂ ਗੁਰਦੇਵ ਲੰਮੇ ਦਾ ਮੁੰਡਾ ਤੇ ਤੀਜਾ ਇਹ 'ਕਾਕਾ', ਦੁਪਹਿਰ ਵਾਲੀ ਚਾਹ ਪੀ ਕੇ ਵਿਰਕਾਂ ਦੀ ਮਰੂਤੀ 'ਤੇ ਬਠਿੰਡੇ ਨੂੰ ਤੁਰ ਗਏ। ਅਖੇ, ਟਰੈਕਟਰ ਦਾ ਡੈੱਕ ਲੈਣ ਚੱਲੇ ਹਾਂ। ਉੱਥੇ ਕੋਈ ਅੱਗ ਸਵਾਹ ਖਾ ਲਈ, ਜਾਂ ਕੋਈ ਟੀਕਾ ਟੱਪਾ ਲਾ ਲਿਆ, ਰੱਬ ਜਾਣੇ! ਇਹ ਕਾਕਾ ਆਂਹਦਾ, ਮੈਨੂੰ ਤਾਂ ਨੀਂਦ ਆਉਂਦੀ ਐ। ਮਗਰਲੀ ਸੀਟ ਉੱਤੇ ਜਾ ਕੇ ਪੈ ਗਿਆ। ਦੂਜੇ ਉੱਤਰ ਕੇ ਬਜ਼ਾਰ 'ਚ ਵੜ ਗਏ। ਜਦੋਂ ਆਂਹਦੇ ਆ ਕੇ ਵੇਖਿਆ, ਇਹਦਾ ਘੂਕ ਸੁੱਤੇ ਪਏ ਦਾ ਘੋਰੜੂ ਜਿਹਾ ਵੱਜੀ ਜਾਂਦਾ ਸੀ। ਉਠਾਉਣ ਦੀ ਕੋਸ਼ਿਸ਼ ਕੀਤੀ, ਉਠਣਾ ਕੀ ਸੀ। ਘਬਰਾ ਕੇ ਪਿੰਡ ਨੂੰ ਭੱਜ ਪਏ। ਰਾਹ 'ਚ ਹੀ ਕਿਤੇ ਪੂਰਾ ਹੋ ਗਿਆ ਹੋਣਾ। ਐਥੇ ਆ ਕੇ ਟੀ.ਟੀ. ਮਾਸ਼ਟਰ ਦੇ ਡਾਕਟਰ ਮੁੰਡੇ ਨੇ ਨਬਜ਼ ਵੇਖ ਕੇ ਕਿਹਾ, ਇਹ ਤਾਂ ਚੱਲ ਵਸਿਆ।"

"ਬਸ ਐਨੀ ਕਥਾ ਵਾਰਤਾ ਹੈ ਭਾਈ! ਕੀ ਬਾਤਾਂ ਪਾਈਏ।"

ਹਵੇਲੀ ਦੇ ਦੂਜੇ ਕੌਲ਼ੇ ਨਾਲ ਬੈਠਾ ਭਾਈਚਾਰੇ 'ਚੋਂ ਲਗਦਾ ਅੱਧਖੜ ਜਿਹਾ ਬੰਦਾ, ਕਲਫ ਲਾਈ, ਲਾਪਰੀ ਹੋਈ ਦਾੜ੍ਹੀ 'ਤੇ ਹੱਥ ਫੇਰਦਾ ਬੋਲਿਆ, "ਉਂ ਮਾਸੜ ਜੀ, ਗੁਰਕੀਰਤ ਪਹਿਲਾਂ ਹਿੰਮਤੀ ਤੇ ਸਿਰੜੀ ਬਹੁਤ ਸੀ। ਨਰਮੇ ਦਾ ਸਿਲਾ ਨਬੇੜ, ਛਟੀਆਂ ਪੱਟ ਪਟਵਾ ਕੇ, ਵਾਹਣ ਨੂੰ

ਸਚਿਆਰੀ ਬੁੜ੍ਹੀ ਦੇ ਚੌਂਕੇ ਵਾਂਗ ਸੁਆਰਨ ਤੋਂ ਲੈ ਕੇ ਕਣਕ ਬੀਜਣ ਤਕ, ਦਿਨ ਰਾਤ ਇਕ ਕਰ ਦਿੰਦਾ ਸੀ। ਜਦੋਂ ਵੇਖਣਾ, ਏਹਨੇ ਖੇਤ ਹੋਣਾ ਪਰ ਮਗਰੋਂ ਜਾ ਕੇ ਤਾਂ ਹੁਣ ਬਾਹਲਾ ਈ ਘੌਲ਼ੀ ਹੋ ਗਿਆ ਸੀ। ਖੇਤ ਗੇੜਾ ਮਾਰਨ ਈ ਨਹੀਂ ਜਾਂਦਾ ਸੀ।"

ਡਿਉੜੀ ਦੇ ਅੱਗੇ, ਚੌਹਟੇ 'ਚ ਬੈਠੇ ਬੰਦਿਆਂ 'ਚੋਂ ਢਿੱਲੀ ਜਿਹੀ ਪੱਗ ਅਤੇ ਮੋਟੀ ਜਿਹੀ ਲੋਈ ਦੀ ਬੁੱਕਲ਼ ਮਾਰੀ ਇਕ ਮੱਸ ਫੁਟ ਜਿਹਾ, ਜਿਹਦਾ ਮੂੰਹ ਹੜ੍ਹਬਾਂ ਕੋਲ਼ੋਂ ਚੌੜਾ ਤੇ ਠੋਡੀ ਕੋਲ਼ੋਂ ਤਿੱਖਾ ਹੋ ਜਾਂਦਾ ਸੀ, ਰਗਾਂ ਜੀਆਂ ਖਰਰਾਅ ਕੇ ਬੋਲਿਆ, "ਅੱਗੇ ਨਸ਼ਾ ਮਿਲਦਾ ਸੀ ਕੰਚ ਵਰਗਾ, ਸ਼ੁੱਧ, ਤੇ ਬੰਦਾ ਖਾ ਕੇ ਮੱਲੋ-ਮੱਲੀ ਕੰਮ ਕਰਨ ਨੂੰ ਪੈਂਦਾ ਸੀ, ਹੁਣ ਨਸ਼ਿਆਂ 'ਚ ਹੀ ਦਮ ਨਹੀਂ ਰਿਹਾ, ਘੌਲ਼ੀ ਤਾਂ ਫੇਰ ਹੋਣਾ ਹੀ ਸੀ। ਪਰਾਰ ਸਾਲ ਅਸੀਂ ਹਜੂਰ ਸਾਹਿਬ ਦੀ ਜਾਤਰਾ ਕਰਨ ਗਏ ਸੀ। 'ਕੇਰਾਂ ਦਿੱਲੀ ਦਾ ਬਾਡਰ ਟੱਪ ਜਾ, 'ਗਾਹਾਂ ਧੁਰ ਤਕ ਨਸ਼ਾ ਮਿਲਦਾ ਹੈ। ਬਸ ਕੀ ਪੁੱਛਦਾ ਐਂ? ਢਾਬਿਆਂ 'ਤੇ ਹੀ ਪੋਸਤ ਦੇ ਠੇਕੇ ਐ। ਤੜਕੇ ਇਕ 'ਕਾਰਡ' ਲਾ ਲੈ, ਸਾਰੀ ਦਿਹਾੜੀ ਬੰਦਾ ਭਮੀਰੀ ਬਣਿਆ ਫਿਰਦੈ। ਆਪਣੇ ਏਥੇ ਮਿਲਦੀ ਐ ਅੱਗ ਸਵਾਹ।" ਜਦੋਂ ਉਸ ਦੀ ਇਸ ਬੇਮੌਕਾ ਗੱਲ ਦਾ ਕਿਸੇ ਨੇ ਹੁੰਗਾਰਾ ਨਾ ਭਰਿਆ, ਲੋਕਾਂ ਦੇ ਚਿਹਰਿਆਂ 'ਤੇ ਰੁੱਖੀ ਜਿਹੀ ਭਾਅ ਦੇਖ ਕੇ ਉਸ ਨੇ ਲੋਈ ਦੀ ਬੁੱਕਲ਼ 'ਚ ਮੂੰਹ ਨੂੰ ਨੀਵਾਂ ਕਰ ਕੇ ਲੁਕੋ ਜਿਹਾ ਲਿਆ।

ਫੱਗਣ ਦੇ ਪਿਛਲੇ ਪੱਖ ਦੇ ਦਿਨ ਸਨ। ਹਵਾ ਹਲਕੀ ਹਲਕੀ ਰੁਮਕ ਰਹੀ ਸੀ। ਧੁੱਪ ਬਹੁਤੀ ਤਿੱਖੀ ਤਾਂ ਨਹੀਂ ਸੀ ਪਰ ਜਦੋਂ ਸੂਰਜ ਥੋੜ੍ਹਾ ਉੱਚਾ ਹੋਇਆ ਤਾਂ ਸੱਥਰ 'ਤੇ ਬੈਠੇ ਲੋਕ ਕੰਧਾਂ ਦੇ ਪਰਛਾਵਿਆਂ ਵੱਲ ਸਰਕਣ ਲੱਗ ਪਏ। ਕਈ ਪਾਸੇ ਟੋਲੀਆਂ ਜਿਹੀਆਂ ਬਣ ਗਈਆਂ।

ਮਿਸਤਰੀ ਸੁਰਜਨ ਸਿੰਹੁ ਨੇ ਕੰਧ ਨਾਲ ਢਾਸਣਾ ਲਾਉਂਦਿਆਂ ਹੋਇਆਂ ਛੋਟਾ ਸਿੰਹੁ ਢਿੱਲੋਂ ਤੋਂ ਇਕ ਵਾਰ ਫੇਰ, ਸਸਕਾਰ ਦੇ ਟਾਈਮ ਤੇ ਇੰਤਜ਼ਾਮ ਬਾਰੇ ਪੁੱਛਿਆ। ਉਨ੍ਹਾਂ ਨੇ ਹਾਕਮ ਸਿੰਹੁ ਖਾਲਸੇ ਨੂੰ ਵੀ 'ਵਾਜ ਮਾਰ ਲਈ। ਹੌਲ਼ੀ-ਹੌਲ਼ੀ ਆਪਸ ਵਿਚ ਘੁਸਰ-ਮੁਸਰ ਕਰਨ ਲੱਗ ਪਏ। ਆਖੀਰ ਹਾਕਮ ਸਿੰਹੁ ਖਾਲਸੇ ਨੇ ਸਾਰਿਆਂ ਨੂੰ ਸੁਣਾਉਂਦਿਆਂ ਉੱਚੀ ਆਵਾਜ਼ 'ਚ ਕਿਹਾ, "ਲੱਗ ਜਾਣਗੇ ਦੋ-ਢਾਈ ਘੰਟੇ ਹੋਰ ਭਾਈ। ਰਾਜਸਥਾਨ ਵਾਲਿਆਂ ਦਾ ਫੋਨ ਤਾਂ ਆ ਗਿਆ, ਵਈ ਉਹ ਚੱਲ ਪਏ ਪਰ ਵਾਟ ਦੂਰ ਦੀ ਐ।"

"ਚਲੋ ਬਾਈ, ਟੈਮ ਜਿਹੜਾ ਲੱਗਣੈ ਉਹ ਤਾਂ ਲੱਗਣਾ ਈ ਐ, ਕਿਹੜਾ ਬਾਹਲ਼ੇ ਕਰੜੇ ਕੰਮ ਦੀ ਰੁੱਤ ਐ। ਟੱਪ ਜੂ ਗੱਲਾਂ ਬਾਤਾਂ 'ਚ।" ਛੋਟੇ ਢਿੱਲੋਂ ਨੇ ਕਿਹਾ।

ਫਿਰ ਕੁਝ ਚਿਰ ਚੁੱਪ ਵਰਤੀ ਰਹੀ। ਹੌਲ਼ੀ-ਹੌਲ਼ੀ ਲੋਕ ਆਪੋ-ਆਪਣੀਆਂ ਗੱਲਾਂ ਵਿਚਾਰਾਂ ਵਿਚ ਲੱਗ ਪਏ।

ਗੁੱਜਰ ਖੁਰੀਆਂ ਵਾਲੇ ਦੇ ਮੁੰਡੇ ਜੰਟੇ ਤੋਂ ਰਿਹਾ ਨਾ ਗਿਆ। ਸੁਰਜਨ ਸਿੰਹੁ ਤੇ ਛੋਟੇ ਢਿੱਲੋਂ ਵੱਲ ਮੂੰਹ ਭਵਾ ਕੇ ਚੌਂਕੜੀ ਮਾਰਦਿਆਂ ਕਹਿਣ ਲੱਗਿਆ, "ਕੰਮ ਬਾਬਾ ਜੀ ਹੁਣ 'ਕੱਲੀ ਵਾਹੀ ਖੇਤੀ ਦੇ ਹੀ ਨੀ ਰਹਿਗੇ, ਜ਼ਿਮੀਂਦਾਰਾਂ ਸਰਦਾਰਾਂ ਨੇ ਹੋਰ ਵਥੇਰੇ ਧੰਦੇ ਪਰੁੰਨ ਰੱਖੇ ਆ। ਲੈ ਤੈਨੂੰ ਮੈਂ ਦੱਸਾਂ, ਪਿੱਛੇ ਜਿਹੇ ਮੈਂ ਅਵਲ ਖੁਰਾਨੇ ਵੰਨੀਂ ਇਕ ਦੋ ਪਿੰਡਾਂ 'ਚ ਘੋੜੀਆਂ ਦੇ ਨਹੁੰ ਲਾਹੁਣ ਗਿਆ ਸੀ। ਮੁੜਦਾ ਹੋਇਆ ਮੈਂ ਗੁਰਚਰਨ ਸਿੰਹੁ ਮਾਨ ਦੇ ਘਰੇ ਗਿਆ। ਮਾਨ ਸਾਹਬ ਦਾ ਕਾਕਾ ਜੀ, ਮੈਨੂੰ ਵੇਖ ਕੇ ਜਾਣੀ ਬਾਗੋ-ਬਾਗ ਹੋ ਗਿਆ।"

"ਆ ਬਈ ਜੰਟਿਆ, ਬੜੇ ਦਰਸ਼ਨ ਦਿੱਤੇ ਅੱਜ ਤਾਂ ਤੂੰ!"

"ਮੈਂ ਕਿਹਾ, ਚਲੋ ਆਏ ਹਾਂ ਤਾਂ ਕਾਕਾ ਜੀ ਕੋਲ਼ ਵੀ ਹੋ ਚੱਲੀਏ। ਵੇਖਦੇ ਜਾਈਏ, ਬਈ ਘੋੜੀਆਂ ਦੇ ਨਹੁੰ ਸੰਵਾਰਨ ਵਾਲੇ ਹੋ ਗਏ ਕਿ ਨਹੀਂ।"

ਕਾਕੇ ਨੇ ਪਾਲ਼ੀ ਨੂੰ ਆਵਾਜ਼ ਮਾਰ ਕੇ ਨੁਕਰੀ ਘੋੜੀ ਥੜ੍ਹੇ ਕੋਲ਼ ਮੰਗਵਾ ਲਈ। ਖੈਰ! ਨਹੁੰ ਤਾਂ ਸੰਵਾਰਨ ਵਾਲੇ ਅਜੇ ਨਹੀਂ ਸੀ ਹੋਏ ਪਰ ਇਕ ਅਚਰਜ ਚੀਜ਼ ਹੋਰ ਵੇਖਣ ਨੂੰ ਮਿਲੀ। ਘੋੜੀ ਅਜੇ ਥੜ੍ਹੇ ਕੋਲ਼ ਖੜ੍ਹੀ ਕੰਨ ਹਿਲਾ ਕੇ ਫੁਰ-ਫੁਰ ਕਰੀ ਜਾਂਦੀ ਸੀ, ਜਦੋਂ ਧਾਰ ਕੱਢਣ ਵਾਲੇ ਬਹਾਦਰ ਨੇ

ਸੱਤ-ਅੱਠ ਸੇਰ ਦੀ ਦੁੱਧ ਦੀ ਝੱਗੋ-ਝੱਗ ਹੋਈ ਬਾਲਟੀ ਥੜ੍ਹੇ 'ਤੇ ਲਿਆ ਕੇ ਰੱਖਤੀ। ਕਾਕਾ ਆਂਹਦਾ, "ਥੜ੍ਹੇ 'ਤੇ ਨਾ ਰੱਖ, ਏਹਦੇ ਮੁਹਰੇ ਰੱਖ। ਧਰਮਪੁਰ ਵਾਲਿਆਂ ਦੇ ਨੁਕਰੇ ਤੋਂ ਭਰਾਈ ਐ। ਵੇਖੀਂ, ਦੁੱਧ ਵਰਗਾ ਚਿੱਟਾ ਬੱਚਾ ਦੇਊਗੀ।" ਘੋੜੀ ਚੀਂਘ ਲਾ ਕੇ ਮਿੰਟਾਂ 'ਚ ਖਿੱਚ ਗਈ।

ਕੋਈ ਜਣਾ ਬੋਲਿਆ, "ਜਾਰ ਇਹ ਦੁੱਧ ਵਾਲੀ ਗੱਲ ਤਾਂ ਝੂਠੀ ਈ ਐ। ਤੂੰ ਪੁੱਛ ਕਿਵੇਂ? ਆਹ ਥਰਾਜ ਵਾਲੇ ਸੇਮੇ ਕੇ ਬੰਤੇ ਨੇ ਨੁਕਰੀ ਨੂੰ ਬਥੇਰਾ ਦੁੱਧ ਪਿਆਇਆ, ਬਈ ਚਿੱਟਾ ਬੱਚਾ ਦੇਊਗੀ। ਪਤਾ ਓਦੋਂ ਲੱਗਿਆ, ਬਈ ਘੋੜੀ ਤਾਂ ਖਾਲੀ ਨਿਕਲਗੀ।"

"ਸਹੀ ਗੱਲ ਹੈ ਤੇਰੀ, ਬਥੇਰੇ ਵਾਰੀ ਇਉਂ ਹੋ ਜਾਂਦਾ।"

ਕੱਟੀ ਗਈ ਗੱਲ ਦੀ ਤਾਰ ਜੋੜਦਿਆਂ ਜੰਟਾ ਆਂਹਦਾ, "ਲੈ ਹੋਰ ਸੁਣ! ਜਦੋਂ ਮੈਂ ਕਾਕੇ ਕੋਲ਼ੋਂ ਚਾਹ ਪੀ ਕੇ ਪੁੱਠਾ ਮੁੜਿਆ ਤਾਂ ਵੇਖਿਆ, ਵੱਡਾ ਮਾਨ ਸਾਹਬ, ਆਪ ਗਰਚਰਨ ਸਿੰਹੁ ਨੇ ਖੁੱਲ੍ਹੇ ਵਿਹੜੇ 'ਚ ਚਾਲ਼ੀ-ਪੰਜਾਹ ਲੋਟਣੇ, ਚੀਨੇ ਕਬੂਤਰ ਛੱਡ ਰੱਖੇ ਸੀ। ਸਰਦਾਰ ਹਰੀ-ਕੱਚ ਮੂੰਗੀ ਦਾ ਭਰੇ ਬਾਟੀਆ, ਤੇ ਕਬੂਤਰਾਂ ਅੱਗੇ ਖਿੰਡਾ ਦੇਵੇ। ਤਿੰਨ ਚਾਰ ਬਾਟੀਏ ਪਾ ਕੇ ਮੇਰੇ ਵੱਲ ਵੇਖਿਆ। ਮੈਂ ਕਬੂਤਰਾਂ ਵੱਲ ਵੇਖ-ਵੇਖ ਸਿਫਤਾਂ ਕਰੀ ਜਾਂਦਾ ਸੀ।

ਮੈਂ ਕਿਹਾ, "ਸਰਦਾਰ ਜੀ ਮੂੰਗੀ ਬੜੀ ਵਧੀਆ ਐ, ਘਰ ਦੀ ਹੋਈ ਲਗਦੀ ਐ। ਖੁੱਲ੍ਹੀ ਡੁਲ੍ਹੀ ਵਰਤਾਈ ਜਾਂਦੇ ਓ।"

"ਨਹੀਂ ਜੰਟਿਆ, ਮੰਡੀਓਂ ਮੁੱਲ ਲਿਆਂਦੀ ਐ ਦੋ ਬੋਰੀਆਂ, ਐਤਕੀਂ ਸਾਲ਼ੀ ਮਹਿੰਗੀ ਬਹੁਤ ਹੋਈ ਪਈ ਐ।"

"ਲੈ ਦੱਸੋ, ਹੁਣ ਆਂਹਦੇ ਇਹ ਵਾਹੀ ਖੇਤੀ ਨਾਲ ਜੁੜੇ ਧੰਦੇ ਐ।"

"ਛੱਡ ਪਰੇ, ਤੂੰ ਦੱਸ ਜੰਟਿਆ, ਕੀ ਰੇਟ ਕਰ ਰੱਖਿਆ ਆਵਦੇ ਕੰਮ ਦਾ।"

"ਅੱਗੇ ਤਾਂ ਮੈਂ ਤੇ ਬਾਪੂ ਲੈਂਦੇ ਸੀ ਦਸ ਰੁਪਈਏ ਖੁਰ ਦੇ, ਖੁਰੀ ਸਮੇਤ ਨਹੁੰ ਲਵਾਈ। ਹੁਣ ਘੋੜੀ ਦਾ ਪੰਜ ਸੌ ਵੀ ਲੈ ਲਈਦਾ। ਸਾਰੇ ਕੰਮ ਦਾ।"

"ਕਮਾਲ ਐ ਯਾਰ, ਐਨਾ ਮਹਿੰਗਾ ਹੋ ਗਿਆ ਸੌਦਾ?"

"ਐਂ ਆ ਨਾ ਖਾਲਸਾ, ਪਹਿਲਾਂ ਘੋੜੀ ਹੁੰਦੀ ਸੀ, ਪੰਜ ਸੌ, ਹਜ਼ਾਰ ਦੀ। ਹੁਣ ਕੀਮਤ ਅੱਪੜ ਗਈ ਲੱਖਾਂ ਨੂੰ। ਨਾਲੇ ਹੁਣ ਦੇਸੀ ਸੰਦ-ਸੱਪਾ ਨਹੀਂ ਚਲਦਾ। ਹੁਣ ਪੱਕੇ ਮਸ਼ੀਨੀ ਚੀਨ ਦੇ ਬਣੇ ਸੰਦ ਚਲਦੇ ਐ। ਜਾਨਵਰ ਨੂੰ ਪਤਾ ਕੀ ਲੱਗ ਜੇ ਬਈ ਨਹੁੰ ਲਈ ਜਾਂਦੇ ਐ।"

ਹਵੇਲੀ ਦੇ ਅੰਦਰ ਬੈਠੀਆਂ ਔਰਤਾਂ ਵਿਚੋਂ ਇਕ ਲੰਮੇ ਕੱਦ ਦੀ, ਖੁੱਲ੍ਹੀ ਡੀਲ ਡੌਲ ਵਾਲੀ ਚੰਦ ਕੁਰ ਸੰਧਣੀ, ਅੱਖਾਂ ਮਲ਼ਦੀ ਤੇ ਨੱਕ ਪੂੰਝਦੀ ਹੋਈ ਉੱਠੀ ਤੇ ਬਾਹਰ ਨੂੰ ਨਿਕਲਦੀ ਹੋਈ ਨਾਲ ਵਾਲੀਆਂ ਨੂੰ ਬੋਲੀ, "ਅਜੇ ਟੈਮ ਲੱਗਜੂ, ਮੈਂ 'ਕੇਰਾਂ ਪਸ਼ੂਆਂ ਨੂੰ ਪਾਣੀ ਪਿਲ਼ਾ ਕੇ ਕਿੱਲਾ ਬਦਲ ਆਵਾਂ।"

ਚੌਂਹਟੇ ਦੇ ਦੂਜੇ ਪਾਸੇ ਜ਼ਰਾ ਕੁ ਪਿਛਾਂਹ ਹਟਵੇਂ ਬੈਠੇ ਪੰਜ ਸੱਤ ਮੁੰਡੇ ਚੁੱਪ ਕਰ ਕੇ ਨੀਝ ਲਾਈ, ਆਪੋ ਆਪਣੇ ਮੋਬਾਈਲ ਉੱਤੇ ਠੂੰਗਾ ਜਿਹੀ ਮਾਰੀ ਜਾਂਦੇ ਸਨ। ਚੰਦ ਕੁਰ ਸੰਧਣੀ ਜਦੋਂ ਉਨ੍ਹਾਂ ਕੋਲ਼ ਦੀ ਲੰਘੀ ਤਾਂ ਰਿਹਾ ਨਾ ਗਿਆ, ਆਦਤ ਮੁਤਾਬਕ ਟੁੱਟ ਕੇ ਪੈ ਗਈ, "ਵੇਖੀਂ ਨੀ ਕਮੂਤ ਕਿਸੇ ਥਾਂ ਦੇ, ਕੋਈ ਕੰਮ ਨੀ ਏਨ੍ਹਾਂ ਨੂੰ। ਨਾ ਵੇਖਣਾ ਨਾ ਪੇਖਣਾ, ਬਈ ਕਿਹੋ ਜਿਹੀ ਥਾਂ ਬੈਠੇ ਆਂ। ਕਿਵੇਂ ਕਾਲ਼ੇ ਛਿੱਤਰ ਜਿਹੇ ਨੂੰ ਚੰਬੜੇ ਪਏ ਐ। ਬ-ਛਰਮ ਕਿਤੋਂ ਦੇ।"

ਮੁੰਡਿਆਂ ਦੇ ਚਿਹਰਿਆਂ 'ਤੇ ਕਚਿਆਈ ਦੀ ਭਾਹ ਜਿਹੀ ਆ ਗਈ। ਸਾਰਿਆਂ ਨੇ ਸਿਰ ਗੋਡਿਆਂ ਵਿਚ ਲੈ ਲਏ।

ਜੈਦਾਂ ਦਾ ਕੰਤਾ ਨਾਲਦਿਆਂ ਨੂੰ ਸੁਣਾ ਕੇ ਆਂਹਦਾ, "ਆਹ ਜਿਹੜੀ ਮੁੰਡੀਰ ਨੂੰ ਅੰਬੋ ਸੰਧਣੀ ਸਬਕ ਸਿਖਾ ਕੇ ਗਈ ਐ ਨਾ, ਇਹ ਸਾਰੇ ਕੰਜਰ, ਪੰਡਤ ਦੀ ਦੁਕਾਨ ਤੋਂ ਉਂਗਲ ਵਰਗੀਆਂ ਦੋ-ਦੋ ਰੁਪਈਆਂ ਦੀਆਂ ਚਿਲਮਾਂ ਜਿਹੀਆਂ ਲੈ ਲੈਂਦੇ ਆ, ਨਾਲ ਸਿਗਰਟਾਂ ਦੀ ਡੱਬੀ। ਫੇਰ ਕੁੱਤੇ, ਛੁੱਟੀ ਪਿੱਛੋਂ ਸਕੂਲ ਜਾ ਕੇ ਸਿਗਰਟ ਪੀਂਦੇ ਨਹੀਂ, ਉਹਦਾ ਤਮਾਕੂ ਚਿਲਮ 'ਚ ਪਾ ਲੈਂਦੇ ਐ। ਉਸ

'ਚ ਫੇਰ ਇਹ ਸੁਖੇ (ਭੰਗ) ਦੀ ਕੰਡ ਦੀ ਮੈਲ਼ ਜਿਹੀ ਦੀ ਗਰੋਲੀ ਵੱਟ ਕੇ, ਉੱਤੇ ਅੱਗ ਦੀ ਅੰਗਿਆਰੀ ਰੱਖ ਕੇ, ਫੇਰ ਜਦੋਂ ਸੂਟਾ ਖਿੱਚਦੇ ਆ, ਤਾਂ ਅੱਖਾਂ ਇਕ ਦਮ ਲਾਲ ਝਰੰਗ ਹੋ ਜਾਂਦੀਆਂ। ਫੇਰ ਇਹ ਉਤਲੀ 'ਵਾਅ 'ਚ ਹੀ ਖੇਡਦੇ ਐ। ਆਹ ਕਾਕਾ 'ਗੈਰੀ' ਵੀ ਇਨ੍ਹਾਂ ਦਾ ਸੰਗੀ-ਸਾਥੀ ਹੁੰਦਾ ਸੀ ਉੱਥੇ।"

ਚੌਂਹਟੇ ਦੀ ਪਿਛਲੇ ਵਾਲੀ ਗਲ਼ੀ ਵਿਚੋਂ ਇਨੋਵਾ ਕਾਰ ਆਈ ਤੇ ਉਸ ਵਿਚੋਂ ਮੰਡੀ ਵਾਲੇ ਚਾਰ ਸੇਠ ਉੱਤਰੇ। ਮਾਵੇ ਲੱਗੇ ਦੁੱਧ ਚਿੱਟੇ ਪਰੈੱਸ ਕੀਤੇ ਕੁੜਤੇ ਪਜਾਮੇ, ਉੱਤੋਂ ਦੀ ਵਾਸਕਟਾਂ ਪਾਈਆਂ ਹੋਈਆਂ। ਇਕ ਮੁੰਡਾ ਪੈਂਟ ਸ਼ਰਟ ਪਾਈ ਤੇ ਕਾਲ਼ੀਆਂ ਐਨਕਾਂ ਲਾਈ ਮਗਰ ਤੁਰਿਆ ਆਉਂਦਾ ਸੀ। ਦੂਰੋਂ ਹੀ ਹੱਥ ਜੋੜਦੇ ਉਹ ਅਮਰ ਸਿੰਹੁ ਵੱਲ ਵਧੇ। ਉਹਦੇ ਪੈਰੀਂ ਹੱਥ ਲਾਏ, ਉਹਦੇ ਹੱਥਾਂ ਨੂੰ ਫੜ ਕੇ ਘੁੱਟਿਆ, ਡੂੰਘੇ ਅਫਸੋਸ ਦਾ ਇਜ਼ਹਾਰ ਕੀਤਾ, ਦੋ ਮਿੰਟ ਉੱਥੇ ਖੜ੍ਹੇ ਰਹੇ, ਫੇਰ ਪਿਛਾਂਹ ਆ ਕੇ ਗੁਰਦੁਆਰੇ ਦੇ ਬਰਾਂਡੇ ਵਾਲੇ ਥੜ੍ਹੇ ਕੋਲ਼ ਵਿਛੀਆਂ ਚਿੱਟੀਆਂ ਚਾਦਰਾਂ 'ਤੇ ਬੈਠ ਗਏ।

ਸੇਠਾਂ ਵਿਚੋਂ ਪਹਿਲਾਂ ਸਭ ਤੋਂ ਵੱਡੇ ਨਿਆਮਤ ਚੰਦ, ਜਿਸ ਦੇ ਸਿਰ 'ਤੇ ਚਿੱਟੇ ਮਲਮਲ ਦੀ ਪਗੜੀ ਪਿੱਛੇ ਲੰਮਾ ਲੜ ਛੱਡ ਕੇ ਬੰਨ੍ਹੀ ਹੋਈ ਸੀ, ਨੇ ਪਹਿਲਾਂ ਨੱਕ ਵਿਚੋਂ ਖੰਘਾਰ ਨੂੰ ਖਿੱਚ ਦੇ ਮੂੰਹ ਵਿਚ ਲਿਆ ਤੇ ਫੇਰ ਬੈਠੇ ਨੇ ਹੀ ਪਰੇ ਕੱਚੇ ਥਾਂ 'ਤੇ ਵਗਾਹ ਮਾਰਿਆ। ਖੰਘੂਰਾ ਮਾਰ ਕੇ ਗਲ਼ਾ ਸਾਫ ਕੀਤਾ ਤੇ ਨਾਲ ਦੇ ਬਨਾਰਸੀ ਦਾਸ ਵੱਲ ਵੇਖ ਕੇ ਬੋਲਿਆ, "ਅਹੁ ਵੇਖ ਹਵੇਲੀ ਦੇ ਖੱਬੇ ਪਾਸੇ, ਹੈਸ ਚੌਂਤਰੇ ਦੇ ਪਿਛਲੇ ਪਾਸੇ ਜਿਹੜੀ ਛੋਟੀ ਜਿਹੀ ਕੋਠੀ ਦਿਸਦੀ ਐ, ਇੱਥੇ ਆਪਣਾ ਪੁਰਾਣਾ ਘਰ ਹੁੰਦਾ ਸੀ। ਹਵੇਲੀ ਨਾਲ ਕੰਧ ਸਾਂਝੀ ਸੀ। ਅਗਲੇ ਪਾਸੇ ਆਪਣੀ ਆੜ੍ਹਤ ਦੀ ਦੁਕਾਨ ਸੀ। ਦੁਕਾਨ 'ਤੇ ਚੁਬਾਰਾ ਸੀ। ਪਿਛੇ ਖੁੱਲ੍ਹਾ ਵਿਹੜਾ, ਬਰਾਂਡਾ ਤੇ ਕਮਰੇ। ਚਾਰੇ ਭਰਾ ਅਸੀਂ ਤੇ ਨਾਲ ਬਾਈ ਜੀ ਤੇ ਬੇਬੇ 'ਕੱਠੇ ਰਹਿੰਦੇ ਸਾਂ। ਬੜੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸੀ। ਦੁਕਾਨ 'ਤੇ ਚਾਰ ਜਣੇ ਆ ਗਏ, ਦੋ ਉਠ ਗਏ। ਆਥਣੇ ਦੁਕਾਨ ਮੂਹਰੇ ਚੌਂਤਰੇ 'ਤੇ ਚੌਂਹਟੇ 'ਚ ਵੀਹ-ਵੀਹ ਬੰਦੇ ਬੈਠੇ, ਗਈ ਰਾਤ ਤਕ ਗੱਲਾਂ ਮਾਰੀ ਜਾਂਦੇ। ਹਵੇਲੀ 'ਚ ਸਾਰੇ ਟੱਬਰ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਸੀ। ਐਵੇਂ ਬਾਈ ਜੀ ਨੇ ਵੇਚਤਾ। ਵੇਚਣ ਨਾਲ ਹੀ ਪਿੰਡ ਛੁੱਟ ਗਿਆ।"

ਬਨਾਰਸੀ ਕਹਿੰਦਾ, "ਇਹ ਤਾਂ ਥੋਡੀ ਪਿੰਡ 'ਚ ਬਹੁਤ ਵੱਡੀ ਜੱਦੀ ਨਿਸ਼ਾਨੀ ਸੀ। ਮੰਡੀ 'ਚ ਸੁਖ ਤਾਂ ਹੈਗਾ, ਪਰ ਪਿੰਡ 'ਚ ਸ਼ਾਹਾਂ ਦੇ ਘਰ ਦੀ ਇੱਜ਼ਤ ਬਹੁਤ ਹੁੰਦੀ ਐ।"

ਨਿਆਮਤ ਚੰਦ ਦਾ ਕਾਲ਼ੀਆਂ ਐਨਕਾਂ ਵਾਲਾ ਮੁੰਡਾ ਕਦੋਂ ਦਾ ਹਵੇਲੀ ਨੂੰ ਨੀਝ ਲਾ ਕੇ ਵੇਖੀ ਜਾਂਦਾ ਸੀ। ਆਂਹਦਾ, "ਡੈਡੀ, ਇਮਾਰਤ ਤਾਂ ਆਲੀਸ਼ਾਨ ਸੀ, ਪਰ ਇਨ੍ਹਾਂ ਤੋਂ ਇਹਦੀ ਮੇਨਟੇਨੈਂਸ ਨਹੀਂ ਹੋਈ। ਹੁਣ ਤਾਂ ਜ਼ਰ-ਜ਼ਰ ਹੋਈ ਪਈ ਐ, ਹੁਣ ਤਾਂ ਇਹ ਇਕ ਕੰਮ ਕਰ ਸਕਦੇ ਐ। ਆਹ ਜਿਹੜੀਆਂ ਲੱਕੜ ਦੀਆਂ ਜੋੜੀਆਂ, ਡੱਬੀਦਾਰ, ਡਿਜ਼ਾਈਨਦਾਰ, ਇਨ੍ਹਾਂ ਦੀ ਦਿੱਲੀ ਵਿਚ ਬੜੀ ਮੰਗ ਐ, ਪੁੱਛੋ ਨਾ ਬੱਸ! ਸਾਰੇ ਵੱਡੇ ਸ਼ਾਹੂਕਾਰਾਂ ਦੇ ਨਵੇਂ ਬੰਗਲਿਆਂ ਵਿਚ ਇਨ੍ਹਾਂ ਨੂੰ ਰੈਨੋਵੇਟ ਕਰਕੇ ਲਾਉਂਦੇ ਐ। ਬਸ ਮਹਿਲ ਹੀ ਲਗਦੇ ਐ। ਇਨ੍ਹਾਂ ਜੋੜੀਆਂ ਦੇ ਮੂੰਹ ਮੰਗੇ ਪੈਸੇ ਵੱਟੀਦੇ ਐ।"

"ਕਿੱਥੇ ਦਿੱਲੀ ਤੇ ਕਿੱਥੇ ਆਪਣਾ ਪਿੰਡ, ਤਿੰਨ ਸੌ ਮੀਲ ਦੂਰ, ਕੀ ਗੱਲਾਂ ਕਰਦੈਂ ਕਾਕਾ। ਕਮਲ਼ਾ ਕਿਸੇ ਥਾਂ ਦਾ ਨਾ ਹੋਵੇ।" ਨਿਆਮਤ ਚੰਦ ਦੇ ਅਸ਼ੋਕੀ ਨੂੰ ਟੋਕਿਆ।

"ਨਹੀਂ ਡੈਡੀ, ਰੋਹਤਕ ਵੰਨੀਂ ਦੇ ਖਾਤੀ, ਆਪਣੇ ਐਧਰ ਸਾਰੇ ਪਿੰਡਾਂ ਵਿਚ ਫਿਰਦੇ ਐ। ਆਪਣੇ ਲੋਕਾਂ ਨੂੰ ਇਨ੍ਹਾਂ ਦੇ ਮੁੱਲ ਦਾ ਪਤਾ ਨਹੀਂ, ਉਹ ਇਕੋ ਵਾਰੀ ਹਜ਼ਾਰਾਂ ਦੀ ਗੁੱਟੀ ਸਿੱਟਦੇ ਐ ਤੇ ਚੂਲ਼ਾਂ ਲੁਹਾ ਕੇ ਅਹੁ ਜਾਂਦੇ ਆ।"

"ਜੇ ਹੁਣ ਬਾਬੇ ਅਮਰ ਸਿੰਹੁ ਹੋਰੀਂ ਹਵੇਲੀ ਨੂੰ ਡਿਸਮੈਂਟਲ ਕਰ ਦੇਣ ਤਾਂ ਸਾਰੇ ਕਾਸੇ ਦਾ ਤਿੰਨ ਚਾਰ ਲੱਖ ਵੱਟਿਆ ਜਾਊ। ਜਗ੍ਹਾ ਆਵਦੀ ਹੈਗੀ ਐ, ਛੋਟੀ ਜਿਹੀ ਕੋਠੀ ਪਾ ਕੇ ਆਰਾਮ ਨਾਲ ਰਹਿਣ।"

ਐਤਕੀਂ ਬਨਾਰਸੀ ਦਾਸ ਨੇ ਮੁੰਡੇ ਨੂੰ ਟੋਕਿਆ, "ਸ਼ੁਕਰ ਕਰ ਕਿਸੇ ਨੇ ਤੇਰੀ ਗੱਲ ਸੁਣੀ

ਨਹੀਂ, ਤੂੰ ਪੁੱਤ ਇੱਥੇ ਸੱਥਰ 'ਤੇ ਬੈਠਾ ਏਂ, ਕਿਸੇ ਕਲੱਬ 'ਚ ਨਹੀਂ ਆ ਗਿਆ। ਵੱਡਾ ਹਵੇਲੀ ਢਹਾਉਣ ਵਾਲਾ। ਸਿਆਣੀ ਗੱਲ ਕਰੀਦੀ ਹੁੰਦੀ ਐ, ਜਿਹੋ ਜੇ ਥਾਂ ਬੈਠੇ ਹੋਈਏ, ਉਸ ਭਾਂਤ ਦੀ ਕਹਾਣੀ ਪਾਈਏ, ਆਈ ਸਮਝ?"

ਰਾਜਸਥਾਨ ਵਾਲਿਆਂ, ਕਾਕੇ ਦੇ ਨਾਨਕਿਆਂ ਦੇ ਆਉਣ ਨਾਲ ਤਕਰੀਬਨ ਸਾਰੇ ਸਾਕ ਸੰਬੰਧੀ, ਰਿਸ਼ਤੇਦਾਰ, ਮਿੱਤਰ ਪਹੁੰਚ ਚੁੱਕੇ ਸਨ। ਛੋਟਾ ਸਿੰਹੁ ਢਿੱਲੋਂ ਤੇ ਹਾਕਮ ਸਿੰਹੁ ਖਾਲਸਾ ਉੱਠੇ ਤੇ ਹਵੇਲੀ ਅੰਦਰ ਜਾ ਕੇ ਔਰਤਾਂ ਨੂੰ ਪਾਸੇ ਹੋਣ ਲਈ ਕਿਹਾ।

"ਚਲੋ ਭਾਈ ਬੀਬੀਓ, ਸਬਰ ਕਰੋ, ਕਰਨਾ ਹੀ ਪੈਣਾ। ਉਠੋ ਪਾਸੇ ਹੋਵੋ। ਕਾਕੇ ਨੂੰ ਇਸ਼ਨਾਨ ਕਰਵਾਈਏ। ਸਸਕਾਰ ਦੀ ਤਿਆਰੀ ਕਰੀਏ। ਦਿਨ ਛੋਟੇ ਐ, ਲੋਕਾਂ ਨੇ ਮੁੜ ਕੇ ਦੂਰ-ਦੁਰਾਡੇ ਤਣ ਪੱਤਣ ਵੀ ਲੱਗਣੈ। ਆਓ ਮੁੰਡਿਓ, ਸ਼ੇਰੋ! ਚੁੱਕੋ ਮੰਜਾ। ਇਕ ਜਣਾ ਗੁਰੂਘਰ 'ਚੋਂ ਭੱਜ ਕੇ ਸਿੜ੍ਹੀ ਚੁੱਕ ਲਿਆਓ।"

ਹਵੇਲੀ 'ਚ ਇਕ ਵਾਰੀ ਫੇਰ ਬੂ-ਕੁਰਲਾਹਟ ਜਿਹਾ ਪੈ ਗਿਆ। ਕੁਝ ਲੋਕ ਬਾਹਰੋਂ ਅੰਦਰ ਮ੍ਰਿਤਕ ਨੂੰ ਇਸ਼ਨਾਨ ਕਰਾਉਣ ਚਲੇ ਗਏ। ਕੁਝ ਲੋਕ ਅੰਦਰੋਂ ਬਾਹਰ ਆ ਕੇ ਕੰਧਾਂ ਨਾਲ ਲੱਗ ਕੇ ਖਲੋ ਗਏ ਤੇ ਅਰਥੀ ਦਾ ਇੰਤਜ਼ਾਰ ਕਰਨ ਲੱਗ ਪਏ। ਫੇਰ ਗੁਰਦੁਆਰੇ ਦੇ ਗ੍ਰੰਥੀ ਭਾਈ ਸਾਹਬ ਨੇ ਅਰਦਾਸ ਕੀਤੀ ਤੇ ਕਾਕੇ ਗੁਰਕੀਰਤ ਦੀ ਅਰਥੀ ਨੂੰ ਉਸ ਦੇ ਪੰਜ ਕੁ ਸਾਲਾਂ ਦੇ ਬਾਲ ਮੁੰਡੇ ਦਾ ਹੱਥ ਲਵਾ ਕੇ ਸ਼ਰੀਕੇ ਦੇ ਭਰਾ ਭਤੀਜਿਆਂ ਨੇ ਚੁੱਕ ਲਿਆ।

ਲੋਕਾਂ ਦਾ ਵੱਡਾ ਹਜੂਮ ਅਰਥੀ ਦੇ ਪਿੱਛੇ-ਪਿੱਛੇ ਸ਼ਮਸ਼ਾਨ ਵੱਲ ਚੱਲ ਪਿਆ। ਔਰਤਾਂ ਦੇ ਰੋਣ ਦੀ ਆਵਾਜ਼, ਲੋਕਾਂ ਦੀਆਂ ਸੋਗੀ ਗੱਲਾਂ, ਹਜੂਮ ਦੇ ਪੈਰਾਂ ਨਾਲ ਉਡਦੀ ਧੂੜ, ਸਾਰੇ ਕੁਝ ਦਾ ਵਾ-ਵਰੋਲ਼ਾ ਜਿਹਾ ਪਿੰਡ ਦੇ ਛਿਪਦੇ ਪਾਸੇ ਜਾਂਦੇ ਰਾਹ ਵੱਲ ਹੋ ਲਿਆ। ਦੁਪਹਿਰ ਢਲਣ ਲੱਗ ਪਈ ਸੀ।

ਅਮਰ ਸਿਹੁੰ ਪੋਤਰੇ ਦੀ ਅੰਤਿਮ ਯਾਤਰਾ ਨਾਲ ਨਹੀਂ ਗਿਆ। ਕਈਆਂ ਨੇ ਆਖਿਆ, ਜੀਪ ਮੋਟਰ ਵਗੈਰਾ 'ਚ ਲੈ ਚਲਦੇ ਹਾਂ ਪਰ ਉਹ ਹੱਥਾਂ ਦੇ ਇਸ਼ਾਰੇ ਨਾਲ ਮਨ੍ਹਾਂ ਕਰਦਾ ਰਿਹਾ। ਅਖੀਰ ਉਸ ਕੋਲ਼ ਸੁਰਜਨ ਸਿੰਹੁ ਮਿਸਤਰੀ ਬੈਠ ਗਿਆ। ਕੋਲ਼ੇ ਉਸ ਨੇ ਖੁਰੀਆਂ ਵਾਲੇ ਜੰਟੇ ਨੂੰ ਸੱਦ ਕੇ ਬਿਠਾ ਲਿਆ।

"ਲੈ ਆਪਾਂ ਲੰਬੜਦਾਰ ਕੋਲ਼ ਰਹਿਨੇ ਆਂ। ਮੈਥੋਂ ਵੀ ਤੁਰਿਆ ਨਹੀਂ ਜਾਂਦਾ।"

"ਚੰਗਾ ਬਾਬਾ! ਇਕੋ ਗੱਲ ਐ, ਸਾਰਿਆਂ ਨੇ ਉੱਥੇ ਕੀ ਕਰਨੈ", ਆਂਹਦਿਆਂ ਜੰਟਾ ਅਮਰ ਸਿੰਹੁ ਦੇ ਪੈਰਾਂ ਕੋਲ਼ ਆ ਕੇ ਬੈਠ ਗਿਆ।

"ਲੰਬੜਦਾਰ ਕੋਲ਼ ਹੁਣ ਕੀ ਗੱਲ ਕਰੀਏ? ਇਹ ਤਾਂ ਵਿਚਾਰਾ ਬੋਲ਼ੀ ਕੰਧ ਐ। ਨਾ ਸੁਣਦਾ ਐ, ਨਾ ਸੰਵਾਰ ਕੇ ਦਿਸਦਾ ਐ। ਵੇਖ ਦਾਤੇ ਦੀ ਕੁਜਰਤ! ਮਰਨ ਦਾ ਵੇਲ਼ਾ ਇਹਦਾ ਸੀ, ਤੁਰ ਗਿਆ ਪੋਤਰਾ। ਲੈਣੇ ਦੇਣੇ ਦੇ ਹਿਸਾਬ, ਏਸ ਉਮਰੇ ਜੋ ਦੁੱਖ ਏਹਨੇ ਭੋਗਣਾ, ਕਮਲ਼ਿਆ ਹੋਰ ਕੌਣ ਭੋਗੂ। ਸਭ ਏਥੇ ਈ ਨਬੇੜੇ ਹੋਣੇ ਐ।"

ਸੁਰਜਨ ਮਿਸਤਰੀ ਆਪ ਮੁਹਾਰੇ ਈ ਬੋਲੀ ਗਿਆ ਤੇ ਜੰਟਾ ਹੁੰਗਾਰਾ ਭਰੀ ਗਿਆ।

ਅਮਰ ਸਿੰਹੁ ਨੇ ਇਸ਼ਾਰੇ ਨਾਲ ਉਨ੍ਹਾਂ ਨੂੰ ਅੰਦਰ ਜਾ ਕੇ ਲੰਮੇ ਪੈਣ ਦੀ ਗੱਲ ਸਮਝਾਈ। ਜੰਟਾ ਤੇ ਸੁਰਜਨ ਸਿੰਹੁ ਲੰਬੜਦਾਰ ਨੂੰ ਸਹਾਰੇ ਨਾਲ ਦਰਵਾਜ਼ੇ ਦੇ ਇਕ ਪਾਸੇ ਬਣੀ ਉਸ ਦੀ ਵੱਡ-ਆਕਾਰੀ ਬੈਠਕ ਵਿਚ ਲੈ ਗਏ। ਅਮਰ ਸਿੰਹੁ ਨੂੰ ਪੁਰਾਣੇ ਅਖਰੋਟ ਦੀ ਢੋਅ ਵਾਲੇ ਪਲੰਘ 'ਤੇ ਪਾ ਦਿੱਤਾ। ਜੰਟੇ ਦੀ ਨਿਗ੍ਹਾ ਜਦੋਂ ਸੁੱਤੇ-ਸਿਧ ਉਪਰ ਬੈਠਕ ਦੀ ਛੱਤ ਵੱਲ ਗਈ, ਰੰਗ ਬਰੰਗੇ ਚਕੋਰ ਸ਼ੀਸ਼ਿਆਂ 'ਚ ਜੜੀ ਸੰਦੂਕੀ ਛੱਤ ਵੇਖੀ ਤਾਂ ਦੰਗ ਰਹਿ ਗਿਆ।

"ਕੀ ਬਾਬਾ ਰੀਸਾਂ ਕਰਨਗੀਆਂ ਹੁਣ ਆਲ਼ੀਆਂ ਕੋਠੀਆਂ?" ਉਸ ਦੇ ਮੂੰਹੋਂ ਨਿਕਲਿਆ।

ਬੈਠਕ ਵਿਚੋਂ ਆ ਕੇ ਦੋਹੇ ਜਣੇ ਹਵੇਲੀ ਦੀ ਡਿਉੜੀ ਦੇ ਕੌਲ਼ੇ ਨਾਲ ਆ ਬੈਠੇ। ਅੰਦਰ ਵਿਹੜੇ ਵਿਚ ਵੀ ਦੋ ਚਾਰ ਬੁੱਢੀਆਂ-ਠੇਰੀਆਂ ਬੈਠੀਆਂ ਸਨ। ਇਕ ਦੋ ਬੱਚੇ ਉਨ੍ਹਾਂ ਕੋਲ਼ ਖੇਡੀ ਜਾਂਦੇ ਸਨ।

ਹਵੇਲੀ 'ਚ ਸੋਗੀ ਚੁੱਪ ਦਾ ਪਹਿਰਾ ਸੀ।

ਸੁਰਜਨ ਸਿੰਹੁ ਮਿਸਤਰੀ ਨੇ ਫੇਰ ਡਿਉੜੀ ਦੀ ਡਾਟ ਵਿਚ ਕੌਲੇ ਨਾਲ ਬਣੀ ਚੌਕੜੀ ਨਾਲ ਢੋਅ ਲਾ ਕੇ ਲੱਤਾਂ ਨਿਸਾਲ਼ ਲਈਆਂ। ਅਮਰ ਸਿੰਹੁ ਲੰਬੜਦਾਰ ਦੀ ਜ਼ਿੰਦਗੀ ਦੀ ਤਸਵੀਰ, ਚਿੱਟੇ ਭਰਵੱਟਿਆਂ ਥੱਲੇ ਵਕਤ ਦੀਆਂ ਝੁਰੜੀਆਂ ਨਾਲ ਚੁੰਨ੍ਹੀਆਂ ਹੋਈਆਂ ਉਸ ਦੀਆਂ ਅੱਖਾਂ ਵਿਚ ਦ੍ਰਿਸ਼ਵਾਰ ਤੈਰਨ ਲੱਗ ਪਈ। ਬਿੰਦ ਕੁ ਅੱਖਾਂ ਮੀਟੀ ਰੱਖੀਆਂ ਤੇ ਫੇਰ ਜੰਟੇ ਵੱਲ ਝਾਕ ਦੇ ਬੋਲਿਆ, "ਲੈ ਸੁਣ ਜੰਟਿਆ! ਤੈਨੂੰ ਮੈਂ ਦੱਸਾਂ। ਹੁਣ ਤਾਂ ਇਹ ਨੱਬਿਆਂ ਤੋਂ ਇਕ ਦੋ ਵਰ੍ਹੇ ਵੱਡਾ ਹੋਊ ਪਰ ਜਵਾਨੀ ਇਹਦੀ ਦੋ ਘੜੀਆਂ ਖੜ੍ਹ ਕੇ ਵੇਖਣ ਵਾਲੀ ਸੀ। ਛਾਂਟਵਾਂ ਤੂਤ ਦੀ ਛਟੀ ਵਰਗਾ ਸਰੀਰ, ਲੰਮਾ ਕੱਦ-ਕਾਠ, ਸੂਹਾ ਭਖ-ਭਖ ਕਰਦਾ ਚਿਹਰਾ, ਵੇਖਿਆਂ ਈ ਬਣਦਾ ਸੀ। ਖਾਣ ਪੀਣ ਹੰਢਾਉਣ ਦੀ ਕੋਈ ਕਮੀ ਨੀ ਸੀਗੀ। ਸਰੀਰ 'ਚ ਫੇਰ ਬਲ ਤਾਂ ਹੋਣਾ ਈ ਸੀ। ਕਿੱਕਰ ਉੱਤੋਂ ਦੀ ਪੰਸੇਰੀ ਵਗਾਉਣੀ, ਬੋਰੀ ਚੁੱਕਣੀ, ਭਾਰੀ ਆਹਰਨ ਦਾ ਬਾਲਾ ਕੱਢਣਾ, ਏਹੋ ਜਿਹੀਆਂ ਬਰਜਸਾਂ ਹੁੰਦੀਆਂ ਸੀ ਉਦੋਂ। ਕਦੇ 'ਕੱਲੇ ਨੇ ਗੱਡਾ ਮੂਧਾ ਮਾਰ ਦੇਣਾ। ਬੜੀ ਜਵਾਨੀ ਸੀ ਜੱਟ 'ਤੇ। ਜ਼ੈਲਦਾਰ ਸੁੰਦਰ ਸਿੰਹੁ ਕੋਲ਼ ਪੈਲ਼ੀ ਤਾਂ ਖੁੱਲ੍ਹੀ ਸੀ ਹੀ। ਪੱਤੀ ਦੇ ਅੱਧ ਦੇ ਮਾਲਕ ਸੀ। ਪਿੰਡ ਦੀਆਂ ਚਹੁੰ ਪੱਤੀਆਂ 'ਚੋਂ ਇਕ ਏਨ੍ਹਾਂ ਦੀ ਸੀ, ਅੱਧੀ ਸੁੰਦਰ ਸਿੰਹੁ ਦੇ ਛੋਟੇ ਭਰਾ ਨਰਾਤਾ ਸਿੰਹੁ ਨੂੰ ਆ ਗਈ। ਉਹਦੇ ਤਿੰਨ ਕੁੜੀਆਂ ਹੀ ਸੀ, ਜੈਦਾਤ ਉਨ੍ਹਾਂ 'ਚ ਵੰਡੀ ਗਈ। ਹਾਅ ਪਿੰਡ ਦੇ ਬਾਹਰਲੇ ਪਹਾੜ ਵਾਲੇ ਪਾਸੇ ਕੋਠੀਆਂ ਉਨ੍ਹਾਂ ਦੀਆਂ ਹੀ ਐ। ਹਿੱਸੇ-ਠੇਕੇ 'ਤੇ ਪੰਜ ਦਵੰਜੀਆਂ, ਸੀਰ ਸੱਪੇ 'ਤੇ ਵਾਹੀਆਂ ਹੁੰਦੀਆਂ ਸੀ ਉਦੋਂ। ਖਰਚੇ ਘੱਟ ਤੇ ਗੁਜ਼ਾਰੇ ਖੁੱਲ੍ਹੇ ਹੁੰਦੇ ਸੀ। ਅਮਰ ਸਿੰਹੁ ਦੀਆਂ ਦੋਹੇ ਵੱਡੀਆਂ ਭੈਣਾਂ ਜੈਤੋ ਵੰਨੀਂ ਸੁੰਦਰ ਸਿੰਹੁ ਆਪ ਵਿਆਹ ਗਿਆ ਸੀ। ਇਹਨੂੰ ਅਮਰ ਸਿੰਹੁ ਨੂੰ ਵੀ ਮੋਗੇ ਕੰਨੀਓਂ ਕਿਸੇ ਸਕੂਲ 'ਚੋਂ ਦਸ ਜਮਾਤਾਂ ਕਰਵਾਤੀਆਂ ਸੀ। ਦਸਦੇ ਹਨ ਕਿ ਇਹ ਤਾਂ ਉਦੋਂ ਤਸੀਲਦਾਰ ਲੱਗ ਸਕਦਾ ਸੀ ਪਰ ਲੇਖ ਜਿਹੜੇ ਵਿਧ-ਮਾਤਾ ਨੇ ਲਿਖ ਦਿੱਤੇ, ਉਹ ਕਿਵੇਂ ਝੂਠੇ ਪੈਣ।"

"ਬਾਬਾ ਐਨੀ ਪੜ੍ਹਾਈ ਲਖਾਈ ਕਰ ਕੇ ਤਾਂ ਬੰਦਾ ਬਹੁਤ ਸਿਆਣਾ ਹੋ ਜਾਂਦਾ ਹੈ। ਲੇਖ, ਕਿਸਮਤ ਕੀ ਟੰਗ ਅੜ੍ਹਾ ਲੈਂਦੇ ਐ।"

"ਨਹੀਂ ਓਏ ਜੰਟਿਆ, ਚਲੋ ਜੈਦਾਤ ਕਰ ਕੇ ਅਪਸਰੀ ਨੌਕਰੀ ਤਾਂ ਏਹਨੇ ਨਹੀਂ ਕੀਤੀ, ਇਹ ਹੋ ਗਿਆ ਤੋਰੇ ਫੇਰੇ ਉੱਤੇ। ਯਾਰਾਂ ਬੇਲੀਆਂ ਨਾਲ ਦਸ-ਦਸ ਦਿਨ ਘਰੇ ਨੀ ਵੜਦਾ ਸੀ। ਉੱਥੋਂ ਈ ਨਸ਼ੇ ਪੱਤੇ ਕਰਨ ਲੱਗ ਪਿਆ।"

"ਸੁੰਦਰ ਸਿੰਹੁ ਬਹੁਤ ਵੱਡੀ ਅਕਲ ਦਾ ਮਾਲਕ ਸੀ, ਉਸ ਨੇ ਇਹਨੂੰ ਕਬਲਦਾਰੀ 'ਚ ਪਾਉਣ ਖਾਤਰ, ਬਰਨਾਲੇ ਵੰਨੀਓਂ, ਸਰਦਾਰਾਂ ਦੀ ਧੀ ਦਾ ਸਾਕ ਲੈ ਲਿਆ। ਲਟੈਣ ਵਰਗੀ ਲੰਮੀ-ਲੰਝੀ ਦੇਹ, ਬਸਰੇ ਦੀ ਹੂਰ ਵਰਗੀ। ਪ੍ਰੇਮ ਕੁਰ ਨਾਂ ਸੀ ਸੈਂਤ ਉਸ ਦਾ। ਹਵੇਲੀ 'ਚ ਤਾਂ 'ਕੇਰਾਂ ਬਾਈ ਚਾਨਣ ਹੋ ਗਿਆ। ਜ਼ੈਲਦਾਰ ਨੇ ਸੋਚਿਆ, ਲੈ ਬਈ ਹੁਣ ਇਹਦੇ ਪੈਰੀਂ ਬੇੜੀ ਪੈ ਗਈ। ਬਣ ਜੂ ਬੰਦਾ।"

"ਪਰ ਅਮਰ ਸਿਹੁੰ ਨੇ ਕੀ ਟਿਕਣਾ ਸੀ। ਕਦੇ ਭੈਣਾਂ ਕੋਲ਼, ਕਦੇ ਨਾਨਕੀਂ, ਕਦੇ ਸਹੁਰੀਂ। ਐਥੇ ਸ਼ਿਕਾਰ ਖੇਡ, ਓਥੇ ਦਾਰੂ ਪੀ। ਬਦਫੈਲੀਆਂ, ਫੈਲਸੂਫੀਆਂ। ਪ੍ਰੇਮ ਕੁਰ ਨੇ ਵੀ ਬਥੇਰੇ ਤਰਲੇ ਮਿੰਨਤਾਂ, ਸੁੱਖਾਂ ਸੁੱਖੀਆਂ ਪਰ ਭਾਈ ਰਾਸ ਨਾ ਆਈਆਂ। ਏਸੇ ਦੁੱਖ ਵਿਚ ਸੁੰਦਰ ਸਿੰਹੁ ਵਿਚਾਰੇ ਨੂੰ ਟੀ.ਪੀ.। ਕਈ ਮਹੀਨੇ ਪਹਾੜਾਂ 'ਚ ਲੈ ਕੇ ਬੈਠੇ ਰਹੇ। ਅਖੀਰ ਉੱਥੋਂ ਵਿਚਾਰਾ ਮੁੱਕਿਆ ਈ ਆਇਆ।"

ਫੇਰ ਅਮਰ ਸਿੰਹੁ ਨੂੰ ਕੌਣ ਰੋਕੇ। ਸੰਗਰੂਰ ਵੱਲੋਂ ਇਹਦੇ ਸਹੁਰਿਆਂ ਦੀ ਕੋਈ ਸਕੀਰੀ ਸੀ। ਬੰਦੇ ਸੀ ਉਹ ਰਿਆਸਤੀਏ। ਇਹ ਉੱਥੇ ਆਉਣ ਜਾਣ ਲੱਗ ਪਿਆ। ਉਹ ਸੀ ਤਾਂ ਸਰਦਾਰ ਪਰ ਪੱਲੇ ਉਨ੍ਹਾਂ ਦੇ ਕੋਈ ਬਹੁਤਾ ਕੁਛ ਹੈ ਨਹੀਂ ਸੀ। ਇਸ ਗੱਲ ਦਾ ਪਤਾ ਤਾਂ ਲੋਕਾਂ ਨੂੰ ਬਾਅਦ ਵਿਚ ਲੱਗਿਆ। ਉਨ੍ਹਾਂ ਦੀ ਇਕ ਦਰਮਿਆਨੇ ਜਿਹੇ ਕੱਦ ਦੀ, ਤਿੱਖੇ ਨੈਣ ਨਕਸ਼ਾਂ ਵਾਲੀ ਕੁੜੀ ਸੀ। ਕਣਕ ਵੰਨਾ ਰੰਗ ਪਰ ਚੁਸਤ ਚਲਾਕ ਤੇ ਗੱਲਬਾਤ ਨੂੰ ਆਰੀ ਵਰਗੀ ਸੀ। ਚਾਰ ਜਮਾਤਾਂ ਪੜ੍ਹੀ ਲਿਖੀ ਵੀ ਸੀ। ਮੁੱਕਦੀ ਗੱਲ, ਇਸ ਦਰਸ਼ਨੀ ਜਵਾਨ ਨੂੰ ਉਹਨੇ ਫਸਾ ਲਿਆ।

ਜੰਟਿਆ ਵੇਖ ਜਦੋਂ ਕਿਸਮਤ ਹਾਰਦੀ ਐ। ਨਾ ਅਮਰ ਸਿੰਹੁ ਦੀ ਮਾਂ ਨੇ, ਨਾ ਭੈਣਾਂ ਨੇ, ਕਿਸੇ ਨੇ ਵੀ ਵਿਚਾਰੀ ਪ੍ਰੇਮ ਕੁਰ ਦਾ ਸਾਥ ਨਹੀਂ ਦਿੱਤਾ। ਵਿਚਾਰੀ ਰੋਂਦੀ ਕਰਲਾਉਂਦੀ ਘਰੋਂ ਕੱਢਤੀ। ਪੇਕੇ ਜਾ ਬੈਠੀ, ਸਾਰੀ ਉਮਰ ਭਾਈਆਂ ਭਰਜਾਈਆਂ ਦੀ ਗੋਲੀ ਲੱਗੀ ਰਹੀ।

ਏਹਨੇ ਫੇਰ ਸੰਗਰੂਰ ਵਾਲੀ ਸਰਦਾਰਨੀ ਵਿਆਹ ਲਿਆਂਦੀ। ਨਾ ਤਾਂ ਸੀ ਉਹਦਾ ਭਗਵਾਨ ਕੁਰ ਪਰ ਆਂਹਦੇ ਸਾਰੇ ਭਾਨ ਕੁਰ। ਹਵੇਲੀ ਦੇ ਨਜ਼ਾਰੇ ਹੋਰ ਈ ਹੋ ਗਏ। ਬੋਲ-ਬਾਣੀ ਸਾਰੀ ਰਿਆਸਤੀ ਹੋ ਗਈ। ਭਾਨ ਕੁਰ ਦੇ ਉਪਰੋਥਲੀ ਹੋਏ ਤਿੰਨ ਜੁਆਕਾਂ, ਪਹਿਲੀ ਵੱਡੀ ਕੁੜੀ, ਫੇਰ ਮੁੰਡਾ ਤੇ ਫੇਰ ਛੋਟੀ ਕੁੜੀ, ਨੇ ਹਵੇਲੀ 'ਚ ਚਹਿਲ ਪਹਿਲ ਕਰਤੀ।

ਵੇਖ ਜੱਗੋਂ ਤੇਹਰਵੀਂ, ਭਾਨ ਕੁਰ ਦੀ ਇਕ ਮਾਮੇ ਦੀ ਧੀ ਸੀ। ਪਟਿਆਲੇ ਕੰਨੀਓਂ ਛੱਡੀ ਛਡਾਈ ਸੀ। ਇਹ ਲੰਬੜਦਾਰ ਆਨੀ-ਬਹਾਨੀ ਉਹਨੂੰ ਵੀ ਏਥੇ ਲੈ ਆਇਆ ਕਰੇ। ਫੇਰ ਭਾਈ ਦੋ ਟਮ-ਟਮਾਂ ਹਵੇਲੀ 'ਚ ਆਉਣ ਤੇ ਦੋ ਜਾਣ। ਖੈਰ! ਉਹਦੇ ਦੂਜੀ ਦੇ ਜਵਾਕ ਤਾਂ ਨੀ ਕੋਈ ਹੋਇਆ ਪਰ ਖਰਚੇ! ਕੀ ਪੁੱਛਦੈਂ, ਕੁਛ ਜ਼ਮੀਨ ਤਾਂ ਤੀਹ ਸਟੰਰਡ ਵੇਲੇ ਵੇਚਤੀ ਸੀ, ਬਈ ਗੌਰਮਿੰਟ ਨਾ ਖੋਹ ਲਵੇ। ਉਦੋਂ ਅਮਰ ਸਿੰਹੁ ਲੈ ਆਇਆ ਇਕ ਲੰਡੀ ਜ੍ਹੀ ਜੀਪ। ਬਚਦੇ ਪੈਸਿਆਂ ਨੂੰ ਪੀ ਗਿਆ ਜੀਪ ਦਾ ਤੇਲ-ਕਿਉਂ ਖੜ੍ਹਦੀ ਤਾਂ ਮਿੰਟ ਵੀ ਨਹੀਂ ਸੀ। ਬਾਕੀ ਬਚਦੀ ਪੈਲ਼ੀ ਵੀ ਖੁਰਨ ਲੱਗ ਪਈ।

"ਫੇਰ ਬਾਬਾ ਕਿਸਮਤ ਤਾਂ ਆਪ ਹੀ ਖੋਟੀ ਕੀਤੀ। ਕਿਸੇ ਦਾ ਕੀ ਕਸੂਰ?"

"ਏਹੋ ਜਿਹੇ ਕੰਜਰਖਾਨੇ ਦਾ ਫੇਰ ਜਵਾਕਾਂ 'ਤੇ ਵੀ ਅਸਰ ਪੈਂਦਾ ਕਿ ਨਹੀਂ ਬੱਲਿਆ?" ਜਦੋਂ ਮਾੜੇ ਦਿਨ ਆਉਂਦੇ ਐ ਤਾਂ ਇਕ ਤੋਂ ਇਕ ਬੁਰੀ ਹੁੰਦੀ ਹੈ। ਜਦੋਂ ਪਿਆ ਰੌਲ਼ਾ-ਗੌਲ਼ਾ ਪਾਕਿਸਤਾਨ ਵਾਲਾ, ਉਦੋਂ ਤਾਂ ਫੇਰ ਏਹਨੇ ਵੀਂਹ ਈ ਪੁਜਾਤੀ। ਦੱਸਦੇ ਨੂੰ ਵੀ ਮੈਨੂੰ ਛਰਮ ਆਉਂਦੀ ਐ। ਹਾਅ ਜਿਹੜੀ ਹਵੇਲੀ ਦੇ ਮਗਰਲੇ ਪਾਸੇ ਭੀੜੀ ਗਲ਼ੀ ਹੈ ਨਾ, ਏਸ 'ਚ ਰਹਿੰਦੇ ਸੀ ਮੁਸਲਮਾਨ, ਜੁਲਾਹੇ, ਤੇਲੀ, ਦਰਜੀ, ਕਸਾਈ ਕੱਪੇ। ਸਾਰਿਆਂ ਦਾ ਹਵੇਲੀ 'ਚ ਕੰਮ ਧੰਦੇ ਕਰ ਕੇ ਆਉਣ ਜਾਣ ਸੀ। ਐਵੇਂ ਆਖੀਏ, ਸਾਰਿਆਂ ਦਾ ਹੀ ਇੱਜ਼ਤ ਮਾਣ ਸੀ। ਜਦੋਂ ਹੋਈ ਕੱਟ-ਵੱਢ ਸ਼ੁਰੂ, ਬਾਹਲ਼ਿਆਂ ਨੇ ਤਾਂ ਉਨ੍ਹਾਂ ਨੂੰ ਆਸਰਾ ਦਿੱਤਾ, ਜਾਨ ਬਚਾਈ, ਕਈਆਂ ਨੂੰ ਕਾਫਲੇ ਨਾਲ ਤੋਰਿਆ।

ਬਹੁਤ ਸਾਊ, ਰਹਿਮ ਦਿਲ ਤੇ ਗਰੀਬੜਾ ਸੀ ਵਿਚਾਰਾ ਰਫ਼ੀਕ ਜੁਲਾਹਾ। ਸਾਰਾ ਦਿਨ ਖੱਡੀ ਚਲਾ ਕੇ ਪੇਟ ਪਾਲ਼ਦਾ ਸੀ ਟੱਬਰ ਦਾ। ਅਮਰ ਸਿੰਹੁ ਤੇ ਇਹਦੀ ਜੁੰਡਲੀ ਨੇ ਉਹਨੂੰ ਵਿਚਾਰੇ ਨੂੰ ਜਾ ਘੇਰਿਆ। ਉਹਦੇ ਕੋਲ਼ੋਂ ਆਟੇ ਵਾਲੇ ਪੀਪੇ 'ਚੋਂ ਇਨ੍ਹਾਂ ਨੂੰ ਕੋਈ ਸੌ ਕੁ ਚਾਂਦੀ ਦਾ ਰੁਪੀਆ ਮਿਲ ਗਿਆ। ਉਹ ਲੁੱਟ ਲਿਆ, ਨਾਲੇ ਕੁੱਟ ਕੇ ਹੋਰ ਮਨਾਉਣ, ਵ੍ਹੀ ਹੋਰ ਕਿੱਥੇ ਦੱਬੇ ਪਏ। ਵਿਚਾਰੇ ਨੇ ਹੱਥ ਬੰਨ੍ਹ ਕੇ ਜਾਨ ਛੁਡਾਈ।

ਤੇ ਫੇਰ ਸਭ ਤੋਂ ਮਾੜੀ ਕੀਤੀ। ਹੇ ਮੇਰੇ ਮਾਲਕਾ ਬਖਸ਼ੀਂ! ਓਏ ਏਨ੍ਹਾਂ ਨੇ ਰਫ਼ੀਕ ਦੀ ਨੋਂਹ, ਜਿਹੜੀ ਵਿਚਾਰੀ ਹਾਮਲਾ ਸੀ ਤੇ ਹਵੇਲੀ ਦੀ ਸ਼ਰਨ 'ਚ ਆ ਕੇ ਬੈਠੀ ਸੀ, ਓਏ ਓਹਦੇ ਨਾਲ ਇਨ੍ਹਾਂ ਨੇ ਜਬਰ-ਜਨਾਹ ਕੀਤਾ। ਹੇ ਦੁਸ਼ਟੋ!

ਤੇ ਜਦੋਂ ਰਫ਼ੀਕ ਨੂੰ ਪਤਾ ਲੱਗਾ, ਵਿਚਾਰਾ ਕਾਲਜੇ 'ਚ ਛੁਰੀ ਮਾਰ ਕੇ ਮਰ ਗਿਆ।

ਜੰਟਿਆ ਵੇਖ, ਹਿਸਾਬ ਕਿਤਾਬ ਏਥੇ ਈ ਦੇਣੇ ਪੈਂਦੇ ਐ। ਅਖੇ, ਅਮਲਾਂ ਦੇ ਹੋਣਗੇ ਨਬੇੜੇ, ਕਿਸੇ ਨਾ ਤੇਰੀ ਬਾਤ ਪੁੱਛਣੀ।"

ਅਮਰ ਸਿੰਹੁ ਤਾਂ ਰੰਗ ਰੂਪ ਵੰਨੀਓਂ ਗਿਆ ਸੀ ਆਵਦੀ ਮਾਂ ਉੱਤੇ। ਇਹਦੇ ਪੁੱਤ ਬਲਦੇਵ ਦੇ ਨੈਣ ਨਕਸ਼ ਤੇ ਰੰਗ ਰੂਪ ਗਿਆ ਭਾਨ ਕੁਰ 'ਤੇ। ਕੱਦ ਵੀ ਦਰਮਿਆਨਾ ਤੇ ਰੰਗ ਵੀ ਕਾਲਾ ਜਿਆ।

ਜਿਵੇਂ-ਜਿਵੇਂ ਅਮਰ ਸਿੰਹੁ ਡੌਅਨ ਹੁੰਦਾ ਗਿਆ, ਬਲਦੇਵ ਚੱਕਮਾਂ ਹੁੰਦਾ ਗਿਆ। ਸੰਗਰੂਰ ਵਾਲੀ ਦੇ ਆਵਦੇ 'ਕੱਲੇ ਕਾਰੇ ਪੁੱਤ ਨੂੰ ਖੁੱਲ੍ਹਾ ਛੱਡਤਾ। ਮਾਂ ਦਾ ਲਾਡਲਾ, ਰੋਜ਼ ਦਸ ਥਾਈਂ ਲੜਾਈ ਝਗੜੇ ਕਰ ਕੇ ਘਰੇ ਵੜਦਾ। ਜੇ ਕੋਈ ਉਲ੍ਹਾਮਾ ਦੇਣ ਆਉਂਦਾ, ਤਾਂ ਮਾਂ ਦੀ ਧੀ ਓਸੇ ਨੂੰ ਟੁੱਟ ਕੇ ਪੈ ਜਾਂਦੀ।

"ਹੈਂ ਥੋਡਾ ਕਾਕੇ ਨਾਲ ਕੀ ਮੇਲ? ਨਿਕਲੋ ਹਵੇਲੀ 'ਚੋਂ। ਆਏ ਵੱਡੇ ਸ਼ਕਾਇਤੀ।"

ਉਹ ਤਾਂ ਵਿਚਾਰੇ ਤੁਰ ਜਾਂਦੇ ਪਰ ਬਲਦੇਵ ਦਿਨੋ ਦਿਨ ਵਿਗੜਦਾ ਗਿਆ। ਮੰਡੀ ਸਕੂਲ ਜਾਣ ਲਈ ਨਵਾਂ ਸਾਇਕਲ ਲੈ ਕੇ ਦਿੱਤਾ, ਰਾਹ 'ਚ ਨਹਿਰ 'ਤੇ ਬੈਠ ਕੇ ਮੁੜ ਆਉਂਦਾ। ਦੋ ਚਾਰ ਹੋਰ ਮੁੰਡੇ ਵੀ ਆਵਦੇ ਵਰਗੇ ਕਰ ਲਏ। ਨਹਿਰ 'ਤੇ ਹੀ ਚਾਹਾਂ ਪੀਣੀਆਂ, ਸਿਗਰਟਾਂ ਫੂਕਣੀਆਂ, ਜ਼ਰਦੇ ਲਾਉਣੇ ਤੇ ਛੁੱਟੀ ਵੇਲ਼ੇ ਦੂਜੇ ਮੁੰਡਿਆਂ ਨਾਲ ਘਰੇ ਆ ਵੜਨਾ। ਅੱਠ ਨੌਂ ਪੜ੍ਹ ਕੇ ਘਰੇ ਆ ਬੈਠਾ। 'ਮੈਂ ਨੀ ਪੜ੍ਹਦਾ। ਮੈਂ ਵਾਹੀ ਕਰੂੰ।'

ਮਾਂ ਨੇ ਅਮਰ ਸਿੰਹੁ ਨੂੰ ਕਹਿ-ਕਹਾ ਕੇ ਬੈਂਕ ਤੋਂ ਕਰਜ਼ਾ ਲੈ ਕੇ ਮੈੱਸੀ ਟਰੈਕਟਰ ਲੈ ਦਿੱਤਾ। ਬਲਦੇਵ ਟਰੈਕਟਰ 'ਤੇ ਖੇਤ ਘੱਟ ਜਾਇਆ ਕਰੇ; ਮੇਲਿਆਂ, ਖਾੜਿਆਂ, ਟੂਰਨਾਮੈਂਟਾਂ 'ਤੇ ਵੱਧ ਜਾਇਆ ਕਰੇ। ਰੇਹਾਂ, ਸਪਰੇਆਂ ਸੀਰੀ ਵੇਚ-ਵੱਟ ਕੇ ਖਾ ਜਿਆ ਕਰਨ। ਬੌਰੀਆਂ ਨਾਲ ਰਲ਼ ਕੇ ਲੁੱਟਾਂ-ਖਸੁੱਟਾਂ, ਪੁੱਠੇ ਕੰਮ, ਫੌਜਦਾਰੀਆਂ 'ਚ ਪੈ ਗਿਆ।

ਭਾਨ ਕੁਰ ਚੁਸਤ ਚਲਾਕ ਸੀ। ਹਿੰਮਤ ਕਰ ਕੇ ਦਸ ਘੁਮਾ ਵੇਚ ਕੇ ਦੋਹੇਂ ਕੁੜੀਆਂ ਤਾਂ ਵਿਆਹ ਗਈ ਸਰਦੇ ਥਾਵਾਂ 'ਤੇ ਪਰ ਬਲਦੇਵ ਦੇ ਲੱਛਣਾਂ ਦਾ ਨੇੜੇ ਤੇੜੇ ਸਭ ਨੂੰ ਪਤਾ ਸੀ। ਇਹ ਅਟਕ ਗਿਆ ਵਿਚਾਲ਼ੇ ਪਰ ਭਾਨ ਕੁਰ ਫੇਰ ਭਾਨ ਕੁਰ ਹੀ ਸੀ। ਅਮਰ ਸਿੰਹੁ ਦੇ ਨਾਨਕੀਂ ਜਾ ਬੈਠੀ ਤੇ ਗੰਗਾਨਗਰ ਕੰਨੀਓਂ ਦੂਰੋਂ ਰਿਸ਼ਤਾ ਲੈ ਕੇ ਬਲਦੇਵ ਦਾ ਠਾਠ ਬਾਠ ਨਾਲ ਵਿਆਹ ਕਰ ਦਿੱਤਾ।

ਵਿਆਹ ਪਿੱਛੋਂ ਬਲਦੇਵ ਨੇ ਕੀ ਸੁਧਰਨਾ ਸੀ, ਅਖੇ 'ਪਿਤਾ ਪਰ ਪੂਤ ਬਾਪ ਪਰ ਘੋੜਾ'। ਅਮਰ ਸਿੰਹੁ ਵਾਂਗੂ ਓਧਰੇ ਬੀਕਾਨੇਰ ਦੀ ਥਲੀ 'ਚ ਹੀ ਅਫੀਮ ਦੀਆਂ ਚੁਸਕੀਆਂ ਲੈਂਦਾ ਫਿਰੇ। ਮਹੀਨਾ ਮਹੀਨਾ ਭਰ ਘਰ ਨਾ ਵੜਦਾ। ਹਿਰਨਾਂ ਦੇ ਸ਼ਿਕਾਰ ਖੇਡਦਾ ਫਿਰਦਾ। ਐਂ ਈ ਧੂਹ ਘੜੀਸ ਹੋਈ ਗਈ। ਦਾਰੂ ਦੇ ਡੱਕੇ ਨੇ, ਪਰਜਾਪਤਾਂ ਦੇ ਮੁੰਡੇ, ਵਿਚਾਰੇ ਨਿਰਦੋਸੇ ਨੂੰ ਹੀ ਜਿਦ 'ਚ ਪਸਤੌਲ ਨਾਲ ਮਾਰ ਦਿੱਤਾ।

ਫੇਰ ਭਾਨ ਕੁਰ ਬਲਦੇਵ ਨੂੰ ਜੇਲ੍ਹ 'ਚ ਸੁਖੀ ਰੱਖਣ ਤੇ ਮੁਕੱਦਮੇ 'ਚੋਂ ਬਰੀ ਕਰਾਉਣ ਲਈ ਜ਼ਮੀਨ ਬਰੂਦ ਵਾਂਗ ਫੂਕਣ ਲੱਗ ਪਈ। ਬਲਦੇਵ ਬਰੀ ਤਾਂ ਹੋ ਗਿਆ ਪਰ ਹੋਰ ਵੈਲੀ ਬਣ ਗਿਆ। ਪਹਿਲਾਂ ਤਾਂ ਸੰਗਰੂਰ ਵਾਲੀ ਦੂਜੀ ਸਰਦਾਰਨੀ ਨੂੰ ਆਂਹਦਾ, ਬਈ ਮਾਸੀ ਆਵਦੇ ਹਿੱਸੇ ਦੀ ਜ਼ਮੀਨ ਵੇਚ ਕੇ ਆ। ਉਹ ਨਾ ਮੰਨੀ ਜਦੋਂ, ਇਹਨੇ ਕੁੱਟ ਮਾਰ ਕੇ ਘਰੋਂ ਕੱਢਤੀ। ਉਹ ਪਿਛਾਂਹ ਮੁੜ ਗਈ। ਜਦੋਂ ਗੰਗਾਨਗਰ ਵਾਲੀ ਬਹੂ ਦੇ ਆਹ ਕਾਕਾ ਹੋਇਆ, ਜਿਹਨੂੰ ਅੱਜ ਸਸਕਾਰਨ ਗਏ ਐ, ਇਹਦੇ ਜੰਮਣ ਦੀ ਖੁਸ਼ੀ 'ਚ ਦਿਨ ਰਾਤ ਦਾਰੂ ਈ ਪੀਈ ਗਿਆ। ਬੂਟੇ ਸੁਲੱਖਣੇ ਦੀ ਜੀਪ 'ਤੇ ਉਹਦੇ ਨਾਲ ਜਾਂਦਾ ਸੀ ਜੰਗਸ਼ਨ ਵੰਨੀਂ। ਸੰਗਰੀਏ ਕੋਲ਼ ਕਿੱਕਰ 'ਚ ਠੋਕੀ। ਬੂਟਾ ਤਾਂ ਲੱਤਾਂ ਬਾਹਾਂ ਤੁੜਵਾ ਕੇ ਬਚ ਗਿਆ। ਇਹ ਪੰਜਵੇਂ ਦਿਨ ਹਨੂਮਾਨਗੜ੍ਹ ਹਸਪਤਾਲ 'ਚ ਪੂਰਾ ਹੋ ਗਿਆ।

"ਬੱਸ ਹੋਰ ਨੀ ਖੱਟੀ ਖੀਰ ਮੈਥੋਂ ਸਲਾਹੀ ਜਾਂਦੀ, ਤੈਨੂੰ ਮੈਂ ਦੱਸਾਂ ਜੰਟਿਆ।"

ਬਹੁਤ ਲੰਮੀਆਂ ਬਾਤਾਂ ਐਂ ਬਾਬਾ, ਹਵੇਲੀ ਵਾਲਿਆਂ ਦੀਆਂ। ਤੇਰੇ ਵੀ ਯਾਦ ਐ ਸਭ ਕੁਝ। ਭਲਾ ਆਹ ਕਾਕਾ ਗੁਰਕੀਰਤ ਔਂਢਾ ਵੰਨੀ ਨੀ ਵਿਹਾਇਆ?"

"ਆਹੋ ਇਧਰੇ ਈ ਐ ਵਿਹਾਇਆ ਕਿਤੇ।"

"ਪਰ ਬਾਬਾ ਗੁਰਕੀਰਤ ਆਵਦੇ ਬਾਪ ਆਂਗੂੰ ਵੈਲੀ ਤਾਂ ਨਹੀਂ ਸੀ?"

"ਵੇਖ ਜੰਟਿਆ, ਇਕ ਤਾਂ ਇਹਦੇ ਸਿਰ 'ਤੇ ਪਿਓ ਹੈ ਨਹੀਂ ਸੀ, ਮਾਂ ਵਿਧਵਾ ਸੀ, ਇਕ ਵੱਡੀ ਭੈਣ ਸੀ ਤੇ ਅਮਰ ਸਿੰਹੁ ਵੀ ਕਮਜ਼ੋਰ ਪੈ ਚੱਲਿਆ ਸੀ। ਇਹਦਾ ਬਚਪਨਾ ਤਾਂ ਵਿਚਾਰੇ ਦਾ ਦਬਿਆ ਘੁਟਿਆ ਜਿਹਾ ਈ ਬੀਤਿਆ। ਕਿਉਂ, ਨਾ ਤਾਂ ਇਹਦੀ ਮਾਂ ਨੇ, ਭਾਨ ਕੁਰ ਵਾਂਗ ਇਹਦੇ 'ਤੇ ਪੈਸਾ ਟਕਾ ਲੁਟਾਇਆ ਤੇ ਨਾ ਉਹਦੇ ਵਾਂਗ ਪੁੱਠੇ ਕੰਮਾਂ ਨੂੰ ਹੱਲਾਸ਼ੇਰੀ ਦਿੰਦੀ ਸੀ। ਏਸ ਵਿਚਾਰੇ ਨੇ ਵੈਲੀ ਕੀ ਬਣਨਾ ਸੀ। ਇਹਦੀ ਮਾਂ ਸੀ ਜੱਟ ਜ਼ਿਮੀਂਦਾਰਾਂ ਦੀ ਧੀ। ਉਹਨੇ ਦਸ ਜਮਾਤਾਂ ਪੜ੍ਹਾ ਕੇ ਵੇਖ ਲਿਆ, ਬਈ ਹਿਸਾਬ-ਕਤਾਬ ਜੋਗਾ ਹੋ ਗਿਆ, ਤੇ ਉਹਨੇ ਇਹਨੂੰ ਕੰਮ 'ਤੇ ਲਾਤਾ। ਇਕ ਸੀਰੀ ਰੱਖ ਕੇ ਵਾਹੀ ਕਰਨ ਲੱਗ ਪਏ। ਸੋਲ਼ਾਂ ਸਤਾਰਾਂ ਕਿੱਲੇ ਜ਼ਮੀਨ ਬਚ ਗਈ ਸੀ।

"ਬਾਬਾ ਲੰਬੜਦਾਰ ਕੋਲ਼ੇ ਕਿੰਨੀ ਸੀ?"

"ਸੁਣਦੇ ਹਾਂ ਵ੍ਹੀ ਸੌ ਘੁਮਾਂ ਤੋਂ ਉੱਤੇ ਸੀ।"

"ਤੇ ਇਹ ਫੇਰ ਲੰਬੜਦਾਰ ਕਿਵੇਂ ਹੋ ਗਿਆ? ਜ਼ੈਲਦਾਰੀ ਦਾ ਕੀ?"

"ਯਾਰ ਜ਼ੈਲਦਾਰੀ ਤਾਂ ਅੰਗਰੇਜ਼ੀ ਰਾਜ ਦੇ ਬਾਅਦ ਹੋ ਗਈ ਖਤਮ ਪਰ ਨਹਿਰੂ ਦੀ ਹਕੂਮਤ ਵੇਲ਼ੇ, ਹਾਲਾ ਮਾਮਲਾ ਉਗਰਾਉਣ ਤੇ ਗਵਾਹੀਆਂ-ਸ਼ਵਾਈਆਂ ਦੇਣ ਨੂੰ ਲੰਬੜਦਾਰੀ ਕਾਇਮ ਕਰਤੀ ਪਰ ਮਿਲੀ ਜ਼ੈਲਦਾਰਾਂ ਦੇ ਖਾਨਦਾਨ 'ਚ ਹੀ।"

"ਸਾਡਾ ਖੇਤ ਦਾ ਗਵਾਂਢ ਸੀ। ਗੁਰਕੀਰਤ ਕਾਕੇ ਨੇ ਕੇਰਾਂ ਵਾਹੀ 'ਚ ਬਹੁਤ ਚੜ੍ਹਤ ਕੀਤੀ ਪਰ ਜਦੋਂ ਕਦੇ ਅਸੀਂ ਵਿਖਾਉਂਦੇ, ਬਈ ਅਹੁ ਨਹਿਰ ਤਕ ਥੋੜੇ ਹੀ ਪਟੇ ਸੀ, ਅਹੁ ਵੀ ਥੋਡਾ ਖੇਤ ਸੀ, ਅਹਿ ਵੀ, ਤਾਂ ਕਚੀਚੀ ਜਿਹੀ ਵੱਟ ਕੇ ਚੁੱਪ ਕਰ ਜਾਂਦਾ ਸੀ। ਫੇਰ ਕਈ ਕਈ ਦਿਨ ਬੋਲਦਾ ਨੀ ਸੀ। ਬਸ ਫੇਰ ਹੌਲ਼ੀ-ਹੌਲ਼ੀ ਮਾੜੇ ਮੋਟੇ ਨਸ਼ੇ 'ਚ ਪੈ ਗਿਆ। ਫੇਰ ਵਧਦਾ ਈ ਗਿਆ। ਫੇਰ ਵਾਹੀ ਛੱਡ ਗਿਆ। ਪੰਜ ਚਾਰ ਫੇਰ ਇਹਦੀ ਮਾਂ ਨੇ ਵੇਚ ਕੇ ਕੁੜੀ ਵਿਚਾਰੀ ਬਿਲੇ ਲਾਈ। ਬਸ ਕੀ ਦੱਸੀਏ ਜਾਰ!"

"ਬਾਬਾ ਭਾਨ ਕੁਰ ਦਾ ਕੀ ਬਣਿਆ? ਉਹ ਤਾਂ ਤੂੰ ਦੱਸਿਆ ਈ ਨਹੀਂ।"

"ਵੇਖੋ ਜਾਰ! ਕੁਦਰਤ ਨੂੰ ਕੀ ਕੀ ਮਨਜ਼ੂਰ ਸੀ। ਜਿੰਨੀ ਉਹ ਜ਼ਾਲਮ ਸੁਭਾਅ ਦੀ ਸੀ, ਕਦੇ ਉਹਦੇ ਮੱਥੇ 'ਚੋਂ ਤਿਊੜੀ ਨਿਕਲੀ ਈ ਨਹੀਂ ਸੀ। ਉਹਦੇ ਵਰਗੀ ਮੌਤ ਤਾਂ ਕਿਸੇ ਨੂੰ ਆਉਣੀ ਹੀ ਨਹੀਂ। ਉਹਨੂੰ ਵੇਖ ਕੇ ਤਾਂ ਇਉਂ ਲਗਦਾ ਸੀ, ਬਈ ਰੱਬ ਇਹਦਾ ਛੁਟਕਾਰਾ ਬੜਾ ਮੁਸ਼ਕਲ ਕਰੂ ਪਰ ਵੇਖ ਤਕਦੀਰ! ਰਾਤ ਨੂੰ ਖਾ ਪੀ ਕੇ ਸੁੱਤੀ, ਤੇ ਸੁੱਤੀ ਹੀ ਰਹਿ ਗਈ। ਕਿਸੇ ਤੋਂ ਹੱਥ ਵੀ ਨਹੀਂ ਲਵਾਇਆ।"

ਹਾਕਮ ਸਿੰਹੁ ਖਾਲਸਾ, ਸਣਸੈਤ ਦੇ ਮੁੜਨ ਤੋਂ ਪਹਿਲਾਂ ਹੀ ਚੌਂਹਟੇ ਵਿਚ ਭਾਈ ਜੀ, ਗ੍ਰੰਥੀ ਸਿੰਘ ਨਾਲ ਮੋਟਰਸਾਈਕਲ 'ਤੇ ਵਾਪਸ ਆ ਗਿਆ। ਉਹਨੇ ਭਾਈ ਜੀ ਨੂੰ ਕੁਝ ਸਮਝਾ ਕੇ ਦਰਬਾਰ ਹਾਲ ਵੱਲ ਤੋਰ ਦਿੱਤਾ। ਆਪ ਉਹਨੇ ਲੰਮੇ ਲਹਿਰਾਉਂਦੇ ਦਾੜ੍ਹੇ ਨੂੰ ਦੋਹਾਂ ਹੱਥਾਂ ਨਾਲ ਪਲੋਸਿਆ, ਮੁੱਛਾਂ 'ਤੇ ਹੱਥ ਫੇਰਿਆ, ਪੱਗ 'ਤੇ ਗਾਤਰਾ ਸੰਵਾਰ ਕੇ ਠੀਕ ਕੀਤਾ। ਫੇਰ ਕਾਹਲ਼ੀ ਨਾਲ ਇਕ ਵਾਰੀ ਹਵੇਲੀ ਦੇ ਅੰਦਰ ਗਿਆ ਤੇ ਪੁੱਠੇ ਪੈਰੀਂ ਹੀ ਵਾਪਸ ਮੁੜ ਆਇਆ।

"ਕਿਵੇਂ ਸੁਰਜਨ ਸਿੰਹਾਂ ਏਥੇ ਬੈਠੋਗੇ, ਕਿ ਗੁਰੂਘਰ 'ਚ ਜਾ ਕੇ ਅਲਾਹੁਣੀਆਂ ਦਾ ਪਾਠ ਸੁਣਨ ਚੱਲੋਗੇ।"

"ਬੈਠੇ ਆਂ ਏਥੇ ਈ ਸੁਣ ਜੂਗਾ ਖਾਲਸਿਆ।"

"ਚੰਗਾ ਮੈਂ ਮੁੰਡਿਆਂ ਤੋਂ ਸੰਗਤ ਵਾਸਤੇ ਚਾਹ ਪਾਣੀ ਦੀ ਤਿਆਰੀ ਕਰਵਾਵਾਂ, 'ਕੇਰਾਂ ਜਾ ਕੇ। ਬਸ ਆਉਂਦੇ ਹੀ ਹੋਣਗੇ।"

ਸੁਰਜਨ ਸਿੰਹੁ ਤੇ ਜੰਟਾ ਕੋਈ ਗੱਲ ਛੇੜਨ ਹੀ ਲੱਗੇ ਸੀ ਕਿ ਗੁਰਦੁਆਰੇ ਦੇ ਸਪੀਕਰਾਂ 'ਚੋਂ ਟੀਂਅ-ਚੀਂਅ ਜ਼ੋਰਦਾਰ ਆਵਾਜ਼ ਆਉਣ ਲੱਗੀ। ਗਰੜ-ਘਰੜ ਮਾਈਕ ਸੈੱਟ ਕਰਨ ਦਾ ਰੌਲ਼ਾ ਰੱਪਾ ਜਿਹਾ ਪੈਣ ਲੱਗ ਪਿਆ। ਭਾਈ ਜੀ ਨੇ ਸ਼ਬਦਾਂ ਦੀ ਕੈਸਟ ਚਲਾ ਦਿੱਤੀ।

... ਰਾਮ ਗਇਓ ਰਾਵਣ ਗਇਓ, ਜੋ ਕੋ ਬਹੁ ਪ੍ਰੀਵਾਰ ...

"ਯਾਰ ਬਾਬਾ, ਐਡੀ ਕਹਿਰ ਦੀ ਮੌਤ 'ਤੇ ਏਨਾ ਰੌਲ਼ਾ-ਖੜਕਾਟ ਕੰਨਾਂ ਨੂੰ ਸੁਹਾਉਂਦਾ ਨਹੀਂ।"

"ਪੁੱਛ ਨਾ, ਏਥੇ ਤਾਂ ਸਾਰਾ ਦਿਨ ਵੇਚਣ-ਵੱਟਣ ਵਾਲਿਆਂ ਦੀਆਂ ਲੌਂਸਮੈਂਟਾਂ ਕੰਨ ਬੋਲ਼ੇ ਕਰੀ ਰੱਖਦੀਆਂ ਐਂ। ਕਦੇ ਕੱਪੜੇ ਦੀ ਸੇਲ, ਕਦੇ ਸਲੰਡਰਾਂ ਵਾਲੀ ਟਰਾਲੀ ਆ ਗਈ, ਕਦੇ ਕੁਛ ਕਦੇ ਕੁਛ। ਸਾਡਾ ਤਾਂ ਘਰ ਨੇੜੇ ਐ, ਕੰਨ ਪਾਈ ਨੀ ਸੁਣਦੀ। ਹੈਂ! ਅੰਮ੍ਰਿਤ ਰਹੁਰਸ ਵੇਲੇ ਪਾਠ ਤਾਂ ਹੋਇਆ ਚਲੋ।"

"ਆਹ ਜਦੋਂ ਦਾ ਹਾਕਮ ਖਾਲਸਾ ਪ੍ਰਧਾਨ ਬਣਿਆ ਹੈ ਨਾ, ਇਹ ਕਦੇ ਕਿਸੇ ਕਥਾ ਵਾਲੇ ਨੂੰ, ਕਦੇ ਕਿਸੇ ਢਾਡੀ ਜੱਥੇ ਵਾਲੇ ਨੂੰ ਲੈ ਆਊ। ਸਾਰੀ ਰਾਤ ਨੀ ਸੌਣ ਦਿੰਦੇ।"

"ਤੇ ਬਾਬਾ ਤੈਨੂੰ ਜੇ ਸਾਡੇ ਵਿਹੜੇ ਵਾਲਿਆਂ ਦੀ ਸੁਣਾਵਾਂ ਤਾਂ ਹਰਾਨ ਰਹਿ ਜੇਂਗਾ। ਰੋਜ਼ ਰਾਤ ਨੂੰ ਕਦੇ ਸੱਚੇ ਸੌਦੇ ਆਲ਼ਿਆਂ ਦੀ ਸੰਗਤੀ, ਕਦੇ ਨਰੰਕਾਰੀਆਂ ਦੀ ਸਭਾ, ਕਦੇ ਰੁਨੇਚੇ ਵਾਲੇ ਬਾਬੇ ਦਾ ਜਗਰਾਤਾ। ਹੋਰ ਤਾਂ ਹੋਰ, ਆਹ ਇਕ ਨਵੀਂ ਈ ਜਸੂ ਮਸੂ (ਯਸੂ ਮਸੀਹ) ਵਾਲਿਆਂ ਦੀ ਪਰਾਥਨਾ ਹੋਣ ਲੱਗਦੀ। ਸੱਤੇ ਦਿਨ ਢੋਲ-ਢਮੱਕਾ ਹੋਈ ਜਾਂਦਾ ਐ। ਹੁਣ ਤਾਂ ਨਾ ਦੁਨੀਆਂ 'ਚ ਬਸ ਇਹੋ ਈ ਕੰਮ ਰਹਿ ਗਿਆ। ਬਈ ਸੰਗਤਾਂ ਲਾਈ ਜਾਉ, ਧੱਕੇ ਨਾਲ ਈ ਲੋਕਾਂ ਨੂੰ ਸੁਣਾਈ ਜਾਉ। ਹੱਥੀਂ ਕੁਛ ਕਰਨਾ ਨੀ, ਫੇਰ ਦੋਸ਼ ਕਰਮਾਂ ਨੂੰ ਦੇਣਾ।"

"ਭਾਈ ਫਾਇਦਾ ਈ ਏਹੋ ਜਿਹੇ ਕੰਮਾਂ 'ਚ ਰਹਿ ਗਿਆ ਐ। ਹਾਕਮ ਖਾਲਸਾ ਭੁੱਖਾ ਮਰਦਾ ਸੀ, ਪੈਲ਼ੀ ਕੁਛ ਤਾਂ ਏਹਨੇ ਗਵਾ ਲਈ ਸੀ, ਬਚਦੀ ਮੁੰਡਿਆਂ ਨੇ ਕਬਜ਼ੇ 'ਚ ਕਰ ਲਈ ਏਹਦੇ ਲੱਛਣ ਵੇਖ ਕੇ। ਇਹ ਪਹਿਲਾਂ ਤਾਂ ਸੱਚੇ ਸੌਦੇ 'ਚ ਵੜ ਗਿਆ, ਅਖੇ ਮੈਂ ਦਾਰੂ ਛੱਡਣੀ ਐ। ਚਲੋ! ਉਹ ਦਾਰੂ ਤਾਂ ਛੁੱਟਗੀ ਪਰ ਉੱਥੇ ਕਿਸੇ ਤੀਮੀਂ ਨੂੰ ਛੇੜਤਾ। ਉੱਥੋਂ ਭੱਜ ਕੇ ਨੂਰ ਮਹਿਲੀਆਂ ਦੇ ਜਾ ਵੜਿਆ। ਜਦੋਂ ਖਾੜਕੂਆਂ ਦੀ ਲਹਿਰ ਚੱਲੀ ਤਾਂ ਗਾਤਰਾ ਪਾ ਲਿਆ। ਹੁਣ 'ਕਾਲੀਆਂ ਦਾ ਲੀਡਰ ਬਣ ਕੇ ਗੁਰਦੁਆਰੇ ਦਾ ਪ੍ਰਧਾਨ ਬਣਿਆ ਫਿਰਦਾ ਐ। ਚੰਗਾ ਕੜਾਹ ਛਕਦਾ, ਵੇਖ ਮੂੰਹ 'ਤੇ ਲਾਲੀ ਇਹਦੇ। ਮੌਜਾਂ ਕਰਦੈ। ਰੁਪਈਏ ਵਾਧੂ ਬਣਦੇ ਐ। ਤੈਨੂੰ ਪਤਾ ਈ ਐ।"

"ਆਂਹਦੇ ਬਾਬਾ, ਐਤਕੀਂ ਤਾਂ ਇਹਨੂੰ ਸ਼੍ਰੋਮਣੀ ਕਮੇਟੀ ਦੀ ਟਿਕਟ ਮਿਲੂਗੀ।"

"ਕੋਈ ਵੱਡੀ ਗੱਲ ਨਹੀਂ, ਆਪਣੇ ਪਿੰਡ ਦਾ ਨਾਂ ਵੀ ਗੂੰਜਿਆ ਕਰੂ ਅੰਬਰਸਰ ਵਾਲੀ ਕਮੇਟੀ 'ਚ।"

ਸਿਵਿਆਂ ਵਿਚੋਂ ਸਭ ਤੋਂ ਪਹਿਲਾਂ ਔਰਤਾਂ ਮੁੜੀਆਂ। ਬਲਦੇਵ ਸਿੰਹੁ ਦੀ ਘਰਵਾਲੀ ਤੇ ਉਹਦੀ ਨੂੰਹ ਨੂੰ ਕਈ ਜਣੀਆਂ ਨੇ ਆਸਰਾ ਦਿੱਤਾ ਹੋਇਆ ਸੀ। ਉਹ ਜਿਵੇਂ ਪੱਥਰ ਹੋਈਆਂ ਹੋਣ, ਹਰ ਮਿਲਣ ਵਾਲੀ ਵੱਲ ਵੇਖ ਕੇ ਹੀ ਚੁੱਪ ਹੋ ਜਾਂਦੀਆਂ ਸਨ। ਉਨ੍ਹਾਂ ਨੂੰ ਹਾਲ ਵਿਚ ਕੰਧ ਨਾਲ ਆਸਰਾ ਦੇ ਕੇ ਬਿਠਾ ਦਿੱਤਾ ਗਿਆ। ਹੌਲ਼ੀ-ਹੌਲ਼ੀ ਸਾਰੇ ਲੋਕ ਜਿਹੜੇ ਅਰਥੀ ਨਾਲ ਗਏ ਸਨ, ਮੱਥਾ ਟੇਕ ਕੇ ਬੈਠ ਗਏ। ਪਹਿਲਾਂ ਅਲਾਹੁਣੀਆਂ ਦਾ ਪਾਠ ਹੋਇਆ, ਛੇ ਪੌੜੀਆਂ ਅਨੰਦ ਸਾਹਬ ਦਾ ਤੇ ਉਪਰੰਤ ਅਰਦਾਸ ਹੋਈ, ਪ੍ਰਸ਼ਾਦ ਵਰਤਿਆ।

ਲੰਗਰ ਹਾਲ ਵਿਚ ਬਾਹਰੋਂ ਆਈ ਸੰਗਤ ਨੂੰ ਚਾਹ ਪਾਣੀ ਛਕਾਇਆ ਗਿਆ। ਵਿਰਲੇ-ਟਾਵੇਂ ਲੋਕਾਂ ਨੇ ਦਾਲ਼ ਫੁਲਕਾ ਵੀ ਛਕਿਆ।

ਲੋਕ ਹੌਲ਼ੀ-ਹੌਲ਼ੀ ਗੁਰਦੁਆਰੇ ਵਿਚੋਂ ਨਿਕਲ ਕੇ ਚੌਂਹਟੇ ਵਿਚ ਆ ਗਏ ਤੇ ਚੌਹੇਂ ਰਸਤਿਆਂ ਰਾਹੀਂ ਆਪੋ-ਆਪਣੇ ਘਰਾਂ ਵੱਲ ਜਾਣ ਲੱਗ ਪਏ।

ਰਿਸ਼ਤੇਦਾਰ ਇਕ ਵਾਰੀ ਫੇਰ ਧਰਵਾਸ ਦੇਣ ਲਈ ਹਵੇਲੀ ਅੰਦਰ ਗਏ ਪਰ ਜਲਦੀ ਹੀ ਵਾਪਸ ਦਿਨ ਛਿਪਣ ਤੋਂ ਪਹਿਲਾਂ ਟਿਕਾਣੇ ਲੱਗ ਜਾਣ ਦੀ ਕਾਹਲ਼ 'ਚ ਮੋਟਰਾਂ ਕਾਰਾਂ, ਸਵਾਰੀਆਂ ਵੱਲ ਚੱਲ ਪਏ। ਹਵੇਲੀ ਦੇ ਕੌਲ਼ਿਆਂ ਦੀਆਂ ਦੋਹਾਂ ਚੌਂਕੜੀਆਂ ਨਾਲ ਢਾਸਣਾ ਲਾਈ ਬੈਠੇ ਬੰਦੇ ਹਰ ਜਾਣ ਵਾਲੇ ਨੂੰ ਹੱਥ ਜੋੜ ਕੇ ਨਮਸਕਾਰ ਕਰੀ ਜਾਂਦੇ ਸਨ। ਫੇਰ ਸੱਥਰ 'ਤੇ ਰਹਿ ਗਏ ਸੁਰਜਨ ਸਿੰਹੁ ਮਿਸਤਰੀ, ਛੋਟਾ ਸਿੰਹੁ ਢਿੱਲੋਂ, ਹਾਕਮ ਖਾਲਸਾ, ਜੰਟਾ ਤੇ ਦੋ ਚਾਰ ਘਰਾਂ ਦੇ ਹੋਰ ਬੰਦੇ। ਇਕ ਦੋ ਬੁੜ੍ਹੀਆਂ ਵੀ ਬੈਠੀਆਂ ਰਹੀਆਂ।

ਪਹਿਲਾਂ ਬਲਦੇਵ ਸਿੰਹੁ ਦੀ ਵਿਧਵਾ ਜਿਸ ਦਾ ਪੂਰਾ ਨਾਂ ਤਾਂ ਖੁਸ਼ਨਸੀਬ ਕੌਰ ਸੀ ਪਰ ਸਾਰੇ ਨਸੀਬ ਕੁਰ ਕਹਿ ਕੇ ਹੀ ਬੁਲਾਉਂਦੇ ਸਨ, ਉਹਨੇ ਆਪਣੀ ਨੂੰਹ ਕਰਮਜੀਤ ਕੌਰ ਨੂੰ ਜੱਫੀ ਪਾਈ, ਧਾਹ ਮਾਰੀ, ਹੁਬਕੀ-ਹੁਬਕੀ ਰੋਈ। ਉਸ ਦੇ ਖੁਸ਼ਕ ਹੋ ਚੁੱਕੇ ਗਲ਼ੇ ਵਿਚੋਂ ਇੰਨੀ ਆਵਾਜ਼ ਹੀ ਨਿਕਲੀ- "ਨੀ ਤੂੰ ਮੇਰੇ ਸੰਗ ਕਿਉਂ ਰਲ਼ ਗਈ, ਮੈਂ ਤਾਂ ਜਿਵੇਂ ਤੀਵੇਂ ਕੱਟੀ ਜਾਂਦੀ ਸਾਂ।"

ਫੇਰ ਉਸ ਨੇ ਛੋਟੇ ਜਿਹੇ ਮਾਸੂਮ, ਡੌਰ-ਭੌਰ ਹੋਏ ਪੋਤਰੇ ਨੂੰ ਬੁਕਲ਼ 'ਚ ਲਿਆ, ਗਲ਼ ਨਾਲ ਲਾਇਆ, ਡੂੰਘੇ ਹਉਕੇ ਲੈਂਦਿਆਂ ਪੁਚਕਾਰਿਆ, "ਕੋਈ ਨੀ ਮੇਰੇ ਲਾਲ, ਮੈਂ ਬੈਠੀ ਆਂ।"

ਦਰਵਾਜ਼ੇ ਦੇ ਵਿਚਕਾਰ ਸੱਥਰ 'ਤੇ ਖਲੋ ਕੇ ਨਸੀਬ ਕੁਰ ਨੇ ਡਿਉੜੀ 'ਚ ਬੈਠੇ ਬੰਦਿਆਂ ਵੱਲ ਤਰਸ 'ਚ ਡੁਬੀਆਂ ਹੋਈਆਂ ਅੱਖਾਂ ਨਾਲ ਵੇਖਿਆ, ਫੇਰ ਛੋਟੇ ਸਿੰਹੁ ਵੱਲ ਮੁਖਾਤਬ ਹੁੰਦੀ ਬੋਲੀ, "ਐਂ ਜੀਅ ਕਰਦਾ, ਬਾਬਾ ਜੀ ਆਹ ਹਵੇਲੀ ਦੇ ਥੰਮ੍ਹਾਂ, ਕੰਧਾਂ-ਕੌਲ਼ਿਆਂ ਨੂੰ ਟੱਕਰਾਂ ਮਾਰ-ਮਾਰ ਢਾਹ ਦਿਆਂ। ਹਾਏ ਅਸੀਂ ਇੱਥੋਂ ਕੀ ਖੱਟਿਆ?" ਫੇਰ ਹੁਬਕੀ ਰੋਣ ਲੱਗ ਪਈ।

ਛੋਟਾ ਸਿੰਹੁ ਉੱਠਿਆ, ਨਸੀਬ ਕੁਰ ਦੇ ਮੋਢੇ 'ਤੇ ਹੱਥ ਰੱਖ ਕੇ ਬਹੁਤ ਹੀ ਭਿੱਜੀ ਹੋਈ ਤੇ ਘੱਗੀ ਜਿਹੀ ਆਵਾਜ਼ 'ਚ ਬੋਲਿਆ, "ਨਾ ਬੀਬਿਆ ਨਾ ਓਏ ਭਾਈ ਰਾਣੀਏ! ਇਨ੍ਹਾਂ ਇੱਟਾਂ ਦਾ, ਇਨ੍ਹਾਂ ਨੂੰ ਪੱਥਣ ਵਾਲਿਆਂ ਦਾ, ਇਨ੍ਹਾਂ ਨੂੰ ਚਿਣਨ ਸ਼ਿੰਗਾਰਨ ਵਾਲਿਆਂ ਦਾ ਕੋਈ ਦੋਸ ਨੀ। ਨਾ ਇਨ੍ਹਾਂ ਅਮਾਰਤਾਂ ਦਾ। ਏਹ ਤਾਂ ਬੰਦੇ ਦੇ ਕਰਮ ਫਲ ਹੀ, ਬੀਬਿਆ ਦੋਸੀ ਬਣ ਜਾਂਦੇ ਐ। ਹੋ ਸਕਦੈ, ਰੱਬ ਦੀ ਰਜ਼ਾ ਹੁੰਦੀ ਹੋਵੇ ਪਰ ਮੈਨੂੰ ਤਾਂ ਲਗਦਾ, ਆਪ ਬੰਦਾ ਈ ਕਰਮਾਂ ਨੂੰ ਪੁੱਠਾ ਗੇੜ ਦੇ ਬਹਿੰਦਾ।"

ਬਿੰਦ ਕੁ ਚੁੱਪ ਹੋ ਕੇ ਫੇਰ ਆਖਣ ਲੱਗਾ, "ਅਸੀਂ ਤਾਂ ਛੋਟੀਏ, ਵੇਖੇ ਐ ਏਸ ਹਵੇਲੀ ਦੇ ਲਹਿਰ ਬਹਿਰ, ਕੋਈ ਕਮੀ ਨੀ ਸੀ। ਨਾ ਰਿਜ਼ਕ ਦੀ, ਨਾ ਰੌਣਕ ਦੀ। ਕੋਈ ਨੀ ਸਮੇਂ ਦਾ ਗੇੜ ਸਦਾ ਪੁੱਠਾ ਨਹੀਂ ਚਲਦਾ ਧੀਏ! ਸੁੱਖ ਪਿੱਛੋਂ ਦੁੱਖ ਤੇ ਦੁੱਖ ਪਿੱਛੋਂ ਸੁੱਖ ਦਾਤਾ ਜ਼ਰੂਰ ਦਿੰਦਾ ਐ।"

ਨਸੀਬ ਕੁਰ ਨੇ ਫੇਰ ਕਰਮਜੀਤ ਵੱਲ ਵੇਖਦੇ ਹੋਏ ਕਿਹਾ, "ਪਰ ਬਾਬਾ ਜੀ, ਸਾਡੇ ਮਾਪਿਆਂ ਨੇ, ਸਾਨੂੰ ਸਹੇੜਨ ਵਾਲਿਆਂ ਦੇ ਕਰਮ ਕਿਉਂ ਨਾ ਵੇਖੇ? ਉਹ ਤਾਂ ਹਵੇਲੀ ਵੇਖ-ਵੇਖ ਹੀ ਸਾਨੂੰ ਇੱਥੇ ਤੋਰੀ ਗਏ। ਹਾਏ ਵੇ ਜ਼ਲਮੋ!"

"ਨਹੀਂ ਪੁੱਤ ਨਹੀਂ, ਬੀਬਾ ਉਹ ਤਾਂ ਥੋਡੇ ਚੰਗੇ ਕਰਮਾਂ ਨੂੰ ਮੰਨਦੇ ਹੋਏ ਹੀ ਇੱਥੇ ਪਰਨਾ ਕੇ ਗਏ ਸੀ। ਉਨ੍ਹਾਂ ਨੂੰ ਇੱਥੇ ਰਹਿਣ ਵਾਲਿਆਂ ਦੇ ਲੇਖਾਂ ਦਾ ਕੀ ਪਤਾ? ਵ੍ਹੀ ਇਨ੍ਹਾਂ ਦੇ ਕੀਤੇ ਹੋਰਾਂ ਨੂੰ ਭੁਗਤਣੇ ਪੈਣਗੇ।"

"ਹੌਂਸਲਾ ਰੱਖੋ ਭਾਈ! ਦਾਤਾ ਐਸ ਬੱਚੇ 'ਤੇ ਮਿਹਰ ਕਰੂ। ਹੁਣ ਤਾਂ ਥੋਨੂੰ ਹੀ ਤਕੜਾ ਹੋਣਾ ਪੈਣਾ ਬੱਚਾ।" ਸੁਰਜਨ ਸਿੰਹੁ ਨੇ ਵੀ ਧਰਵਾਸ ਬੰਨ੍ਹਾਇਆ।

"ਦੁੱਖ ਦਾਰੂ ਸੁੱਖ ਰੋਗ ਭਇਆ।" ਕਹਿ ਕੇ ਹਾਕਮ ਖਾਲਸਾ ਵੀ ਉਠ ਖੜ੍ਹਾ ਹੋਇਆ।

"ਓ ਭਾਈ, ਲੰਬੜਦਾਰ ਨੂੰ ਵੀ ਕੋਈ ਚਾਹ ਪਾਣੀ ਪੁੱਛੋ। ਕਦੋਂ ਦਾ ਅੰਦਰ ਪਿਆ। ਮਾਵਾ ਵੀ ਦੇਣਾ ਭੁੱਲਗੇ ਹੋਮੋਗੇ। ਹੁਣ ਤਾਂ ਰੱਬ ਤੋਂ ਪਿੱਛੋਂ ਉਹੀ ਆਸਰਾ ਐ।" ਸੁਰਜਨ ਸਿੰਹੁ ਨੇ ਲੰਬੜਦਾਰ ਨੂੰ ਸੰਭਾਲਣ ਦੀ ਗੱਲ ਕਹੀ, ਤੇ ਖੜ੍ਹਾ ਹੋਣ ਲਈ ਜੰਟੇ ਵੱਲ ਹੱਥ ਵਧਾਇਆ।

"ਉਹ ਤਾਂ ਬਾਬਾ ਆਪ ਆਸਰਾ ਭਾਲ਼ਦਾ ਹਰ ਵੇਲ਼ੇ ਵਿਚਾਰਾ ਪਰ ਚਲੋ ਬਿਰਛ ਕਿੰਨਾ ਵੀ ਬੁੱਢਾ ਹੋ ਜਾਵੇ, ਛਾਂ ਤਾਂ ਰਹਿੰਦੀ ਹੀ ਹੈ।" ਇਹ ਕਹਿੰਦਿਆਂ ਜੰਟਾ ਉੱਠਿਆ, ਸੱਥਰ ਦਾ ਲੜ ਮੋੜਿਆ ਤੇ ਵਿਹੜੇ ਵਾਲੀ ਗਲ਼ੀ ਵੱਲ ਤੁਰ ਪਿਆ।

ਸੂਰਜ ਦੀ ਲਾਲੀ ਅਸਮਾਨ ਵਿਚ ਪਸਰ ਗਈ ਸੀ। ਪੰਛੀ ਡਾਰਾਂ ਬੰਨ੍ਹੀ ਬਸੇਰਿਆਂ ਨੂੰ ਪਰਤ ਰਹੇ ਸਨ। ਨਿਸ਼ਾਨ ਸਾਹਿਬ ਹਲਕੀ ਚੱਲ ਰਹੀ ਹਵਾ ਵਿਚ ਹੌਲ਼ੀ-ਹੌਲ਼ੀ ਝੂਲ ਰਿਹਾ ਸੀ। ਭਾਈ ਜੀ ਸੋਹਿਲੇ ਦਾ ਪਾਠ ਪੜ੍ਹ ਰਿਹਾ ਸੀ:

ਜੈ ਘਰਿ ਕੀਰਤਿ ਆਖੀਐ, ਕਰਤੇ ਕਾ ਹੋਇ ਬੀਚਾਰੋ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਉ ਸਿਰਜਨਹਾਰੋ॥000

***(ਮਕਾਨ ਨੰਬਰ 169, ਸੈਕਟਰ 16, ਚੰਡੀਗੜ੍ਹ***
***ਫੋਨ: 95308-07786)***

# ਭੁੱਖ: ਕਹਾਣੀ: ਤੌਂਕੀਰ ਚੁਗਤਾਈ

ਦੁਨੀਆ ਵਿਚ ਭੁੱਖ ਦੇ ਕਈ ਰੰਗ ਨੇ। ਕਿਸੇ ਨੂੰ ਪੈਸੇ ਦੀ ਭੁੱਖ ਹੁੰਦੀ ਏ, ਕਿਸੇ ਨੂੰ ਜ਼ਵੀਂ ਦੀ, ਕਿਸੇ ਨੂੰ ਨਾਂ ਰੁਤਬੇ ਤੇ ਕਿਸੇ ਨੂੰ ਕੋਈ ਹੋਰ ਭੁੱਖ। ਪਰ ਢਿੱਡ ਦੀ ਭੁੱਖ ਇਨ੍ਹਾਂ ਸਾਰੀਆਂ ਭੁੱਖਾਂ ਨਾਲੋਂ ਵੱਖਰੀ ਹੁੰਦੀ ਏ। ਏਸ ਭੁੱਖ ਨੂੰ ਮੁਕਾਣ ਲਈ ਅਪਣਾ ਦੇਸ ਛੱਡ ਕੇ ਗ਼ੈਰ ਕਾਨੂੰਨੀ ਤਰੀਕੇ ਨਾਲ਼ ਜਦੋਂ ਉਹ ਪਰਦੇਸ ਗਿਆ ਤਾਂ ਉਹਨੂੰ ਭੁੱਖ ਦੇ ਕੁਛ ਹੋਰ ਵੀ ਰੰਗ ਨਜ਼ਰ ਆਏ।

ਬਰੈੱਡਫ਼ੋਰਡ ਯੂਨੀਵਰਸਿਟੀ ਲਾਗੇ ਬਣੇ ਘਰ ਵਿਚ ਉਸ ਦਿਨ ਉਹ ਕੱਲਾ ਸੀ। ਨਾਲ਼ ਦੇ ਕਮਰੇ ਵਿਚ ਰਹਿਣ ਆਲ਼ੇ ਜ਼ੁਬੈਰ ਨੇ ਵੀ ਦੇਰ ਨਾਲ਼ ਮੁੜਨਾ ਸੀ ਤੇ ਗਰਾਊਂਡ ਫ਼ਲੋਰ 'ਤੇ ਰਹਿੰਦਾ ਮਸਊਦ ਵੀ ਆਪਣੇ ਕਿਸੇ ਬੇਲੀ ਕੋਲ਼ ਨਾਲ਼ ਦੇ ਸ਼ਹਿਰ ਚਲਾ ਗਿਆ ਸੀ। ਉਹ ਜਿਸ ਸਰਕਾਰੀ ਘਰ ਵਿਚ ਰਹਿੰਦਾ ਸੀ, ਉਹ ਸੜਕ ਨਾਲ਼ ਜੁੜਿਆ ਹੋਇਆ ਸੀ ਪਰ ਕਦੀ ਕਦੀ ਨਾਲ਼ ਰਹਿੰਦੇ ਮਸਊਦ ਤੇ ਜ਼ੁਬੈਰ ਦਾ ਲੜਾਈ ਝਗੜਾ ਟ੍ਰੈਫ਼ਿਕ ਦੇ ਸ਼ੋਰ ਨਾਲ਼ੋਂ ਵੀ ਵਧ ਜਾਂਦਾ ਸੀ। ਆਪਣੇ ਦੇਸ ਤੋਂ ਦੂਰ ਰਹਿਣ ਆਲ਼ੇ ਬਹੁਤੇ ਬੰਦੇ ਅਪਣਾ ਆਪ ਤਾਂ ਛੁਪਾਉਂਦੇ ਈ ਨੇ ਪਰ ਦੂਜਿਆਂ ਦੇਸਾਂ ਤੋਂ ਆਏ ਗ਼ੈਰ ਕਾਨੂੰਨੀ ਬੰਦੇ ਵੀ ਆਪਣੇ ਨਾਲ਼ ਬਹੁਤ ਸਾਰੇ ਅਜਿਹੇ ਡਰ ਲਿਆਉਂਦੇ ਨੇ ਜੋ ਉਨ੍ਹਾਂ ਨੂੰ ਅਪਣਾ ਆਪਾ ਛੁਪਾਵਣ 'ਤੇ ਮਜਬੂਰ ਕਰਦੇ ਨੇ। ਮਸਊਦ ਵੀ ਖ਼ੌਰੇ ਕਿਹੜੇ ਸ਼ਹਿਰ ਨੂੰ ਛੱਡ ਕੇ ਇੱਥੇ ਆਇਆ ਸੀ ਪਰ ਕਹਿੰਦਾ ਸੀ "ਮੈਂ ਪਿੰਡੀ ਦਾ ਰਹਿਣ ਆਲ਼ਾ ਹਾਂ।"

ਘਰ ਦਾ ਪਿਛਲਾ ਬੂਹਾ ਖੋਲ੍ਹ ਕੇ ਉਹ ਗਰੇਟ ਹਾਰਟਨ ਰੋਡ ਨੂੰ ਪਾਰ ਕਰਦਾ ਬਰੈੱਡਫ਼ੋਰਡ ਲਾਇਬਰੇਰੀ ਵਿਚ ਜਾ ਵੜਿਆ ਜਿਹਦੀ ਮੈਂਬਰਸ਼ਿਪ ਉਹਨੇ ਕੁਛ ਦਿਨ ਪਹਿਲਾਂ ਈ ਲਿੱਤੀ ਸੀ। ਅਖ਼ਬਾਰ ਖੋਲ੍ਹ ਕੇ ਹਾਲ ਵਿਚ ਲੱਗੀ ਵੱਡੀ ਸਾਰੀ ਟੇਬਲ 'ਤੇ ਬਹਿ ਕੇ ਓਹਨੇ ਸੁਰਖ਼ੀਆਂ 'ਤੇ ਝਾਤ ਤਾਂ ਮਾਰੀ ਪਰ ਸੋਚ ਰਿਹਾ ਸੀ ਕਿ ਕਮਜ਼ੋਰ ਤੇ ਬਿਮਾਰ ਜਿਹਾ ਮਸਊਦ ਪੰਜਾਹ ਸਾਲ ਦਾ ਹੋ ਕੇ ਵੀ ਜੇ ਰੋਜ਼ ਈ ਕੋਈ ਨਾ ਕੋਈ ਕੁੜੀ ਨਾਲ਼ ਲੈ ਕੇ ਆ ਜਾਂਦਾ ਏ ਤਾਂ ਉਸ ਤੋਂ ਅੱਧੀ ਉਮਰ ਦਾ ਜਵਾਨ ਤੇ ਸੋਹਣਾ ਮੁੰਡਾ ਹੋ ਕੇ ਵੀ ਉਹ ਕਿਸੇ ਕੁੜੀ ਨੂੰ ਆਪਣੇ ਨਾਲ਼ ਕਿਉਂ ਨਹੀਂ ਲਿਆ ਸਕਦਾ?

ਓਥੇ ਰਹਿਣ ਆਲ਼ੇ ਸਾਰੇ ਈ ਜਵਾਨ ਮੁੰਡੇ ਸਨ ਪਰ ਮਸਊਦ ਉਨ੍ਹਾਂ ਸਾਰਿਆਂ ਨਾਲੋਂ ਵੱਡਾ ਸੀ, ਸਾਰੇ ਈ ਓਹਦੀ ਇੱਜ਼ਤ ਕਰਦੇ ਸਨ ਪਰ ਕਦੀ ਕਦਾਈਂ ਗੱਲ ਹੱਦੋਂ ਵਧ ਜਾਂਦੀ ਤਾਂ ਜ਼ੁਬੈਰ ਤੇ ਉਹ ਇਕ ਦੂਜੇ ਨਾਲ਼ ਲੜ ਪੈਂਦੇ।

ਮਸਊਦ ਨੇ ਇਕ ਵਾਰ ਗੱਲਾਂ ਗੱਲਾਂ ਵਿਚ ਦੱਸਿਆ ਸੀ ਕਿ ਇੱਥੇ ਕਿਸੇ ਕੁੜੀ ਨਾਲ਼ ਦੋਸਤੀ ਕਰਨ ਲਈ ਓਹਦੀ ਬੋਲੀ ਜਾਣਨਾ ਸਭ ਤੋਂ ਪਹਿਲੀ ਸ਼ਰਤ ਹੈ, ਦੂਜਾ ਓਹਦੀਆਂ ਲੋੜਾਂ ਪੂਰੀਆਂ ਕਰਨਾ ਤੇ ਤੀਜਾ ਓਹਦੇ ਨਾਲ਼ ਉੱਠਣ ਬਹਿਣ ਤੇ ਖਾਣ ਪੀਣ ਦੇ ਨਾਲ਼ ਉਨ੍ਹਾਂ ਤਰੀਕਿਆਂ ਦਾ ਜਾਣਨਾ ਵੀ ਜ਼ਰੂਰੀ ਹੁੰਦਾ ਏ ਜਿਹੜੇ ਉੱਥੇ ਦੇ ਸੱਭਿਆਚਾਰ ਦਾ ਖ਼ਾਸ ਹਿੱਸਾ ਨੇ। ਓਹਨੇ ਤਾਂ ਹੋਰ ਵੀ ਬਹੁਤ ਕੁਛ ਦੱਸਿਆ ਸੀ ਪਰ ਜ਼ੁਬੈਰ ਨੇ ਓਹਦੀ ਗੱਲ ਕੱਟ ਕੇ ਆਖਿਆ: "ਮੈਨੂੰ ਪਤਾ ਏ ਅੰਗਰੇਜ਼ ਤੀਵੀਆਂ 'ਤੇ ਤੁਸਾਂ ਬਹੁਤ ਤਜਰਬੇ ਕੀਤੇ ਨੇ, ਪਰ ਜਿਹੋ ਜਿਹੀਆਂ ਅੰਗਰੀਜ਼ੜਾਂ ਨੂੰ ਤੁਸੀਂ ਨਾਲ਼ ਲਿਆਂਦੇ ਓ, ਉਨ੍ਹਾਂ ਦੀ ਔਕਾਤ ਦੋ ਚਾਰ ਪੌਂਡਾਂ ਤੋਂ ਵੱਧ ਨਹੀਂ ਹੁੰਦੀ। "

ਮਸਊਦ ਨੇ ਆਪਣੀ ਆਦਤ ਮੂਜਬ ਕਿਸੇ ਹੋਰ ਜਵਾਬ ਦੀ ਥਾਂ ਉਹਨੂੰ ਇਕ ਮੋਟੀ ਜਿਹੀ ਗਾਹਲ਼ ਕੱਢੀ ਤੇ ਦੋਵੇਂ ਇਕ ਦੂਜੇ ਦੇ ਗਲ਼ ਪੈ ਗਏ। ਯੂਨਸ ਨੇ ਅੱਗੇ ਵਧ ਕੇ ਦੋਹਾਂ ਨੂੰ ਇਕ ਦੂਜੇ ਕੋਲ਼ੋਂ ਵੱਖ ਕੀਤਾ ਪਰ ਮਸਊਦ ਅਜੇ ਵੀ ਗਾਹਲ਼ਾਂ ਕੱਢੀ ਜਾ ਰਿਹਾ ਸੀ।

"ਤਿੰਨ ਵਰ੍ਹੇ ਹੋ ਗਏ ਤੈਨੂੰ ਸਮਝਾਂਦੇ ਹੋਏ ਕਿ ਗੰਦੀਆਂ ਕੁੜੀਆਂ ਦਾ ਸ਼ਿਕਾਰ ਛੱਡ ਦੇ। ਪਰ

ਤੈਨੂੰ ਕੱਖ ਅਸਰ ਨਹੀਂ ਹੁੰਦਾ। ਤੈਨੂੰ ਕੀ ਪਤਾ ਹੋਵੇ ਇਨ੍ਹਾਂ ਦੀ ਚਿੱਟੀ ਚਮੜੀ ਹੇਠ ਕਿੰਨੀਆਂ ਕਾਲ਼ੀਆਂ ਬਿਮਾਰੀਆਂ ਲੁਕੀਆਂ ਹੋਈਆਂ ਨੇ। ਤੇਰਾ ਮੂੰਹ ਬੁਸ਼ਰਾ ਵੇਖਦੇ ਈ ਲਗਦਾ ਏ ਜਿਵੇਂ ਤੈਨੂੰ ਏਡਜ਼ ਹੋ ਗਈ ਏ, ਤੂੰ ਆਪਣੇ ਨਾਲ਼ ਸਾਨੂੰ ਵੀ ਏਡਜ਼ ਦਾ ਮਰੀਜ਼ ਬਣਾਵੇਂਗਾ।" ਜ਼ੁਬੈਰ ਨੇ ਗ਼ੁੱਸੇ ਨਾਲ਼ ਉਹਨੂੰ ਆਖਿਆ।

"ਮੈਨੂੰ ਏਡਜ਼ ਹੋਵੇ ਭਾਵੇਂ ਨਾ ਹੋਵੇ ਪਰ ਤੂੰ ਇੱਥੇ ਪੱਕਿਆਂ ਹੋਣ ਲਈ ਜਿਹੜੀ ਕੁੜੀ ਨਾਲ਼ ਵਿਆਹ ਕਰਵਾ ਰਹਿਆਂ, ਉਹਦੇ ਕੋਲੋਂ ਤੈਨੂੰ ਜ਼ਰੂਰ ਏਡਜ਼ ਲੱਗੇਗੀ।" ਮਸਊਦ ਨੇ ਉਹਨੂੰ ਜਵਾਬ ਦਿੱਤਾ।

ਜ਼ੁਬੈਰ ਨੇ ਰੋਹ ਨਾਲ਼ ਸੋਫ਼ੇ ਤੋਂ ਉੱਠ ਕੇ ਮਸਊਦ ਵੱਲ ਵੇਖਦਿਆਂ ਆਖਿਆ:"ਬਜ਼ੁਰਗ ਮਰੀਜ਼ੋ ਤੇ ਦੋ ਦੋ ਪੌਂਡ ਦੀਆਂ ਅੰਗਰੀਜ਼ੜਾਂ ਦੇ ਰੋਗੀਓ...ਮੈਨੂੰ ਲਗਦਾ ਏ ਥੋੜ੍ਹੀ ਜਿਹੀ ਬੇ ਇੱਜ਼ਤੀ ਨਾਲ਼ ਤੁਹਾਡਾ ਗੁਜ਼ਾਰਾ ਨਹੀਂ ਹੁੰਦਾ। ਸ਼ੁਕਰ ਕਰੋ ਇਹ ਵਲਾਇਤ ਏ। ਜੇ ਹੁੰਦਾ ਨਾ ਅਪਣਾ ਦੇਸ ਤਾਂ ਮੈਂ ਤੁਹਾਨੂੰ ਦੱਸਦਾ, ਪਰ ਕੀ ਕਰੀਏ ਇੱਥੇ ਦੇ ਕਾਨੂੰਨ ਬੜੇ ਡਾਢੇ ਨੇ। ਜਿਵੇਂ ਤੁਸਾਂ ਦੋ ਨੰਬਰ ਦੀਆਂ ਅੰਗਰੀਜ਼ੜਾਂ 'ਤੇ ਪੀਐੱਚ.ਡੀ. ਕੀਤੀ ਹੋਈ ਏ, ਇੰਞ ਈ ਮੈਨੂੰ ਵੀ ਤਿੰਨ ਸਾਲ ਤੋਂ ਲੰਦਨ, ਬਰਮਿੰਘਮ, ਲੀਡਜ਼ ਤੇ ਬਰੈੱਡਫ਼ੋਰਡ ਦੇ ਹੋਟਲਾਂ ਵਿਚ ਧਿੱਕੇ ਖਾ ਖਾ ਕੇ ਇੰਮੀਗ੍ਰੇਸ਼ਨ ਦੇ ਕਾਨੂੰਨਾਂ ਦੀ ਚੋਖੀ ਜਾਣਕਾਰੀ ਮਿਲੀ ਏ। ਜਦੋਂ ਤੀਕਰ ਤੁਹਾਡੇ ਕਾਗਤ ਪੱਤਰ ਪੂਰੇ ਨਹੀਂ ਹੋ ਜਾਂਦੇ, ਤੁਸੀਂ ਕੋਈ ਵੀ ਜੁਰਮ ਕਰੋਗੇ ਤਾਂ ਤੁਹਾਨੂੰ ਡੀਪੋਰਟ ਕਰ ਦਿੱਤਾ ਜਾਵੇਗਾ। ਜੋ ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਓ, ਪਰ ਮੈਨੂੰ ਡਰਾਣ ਲਈ ਡਰਾਮੇ ਕਰੀ ਜਾ ਰਹੇ ਓ। ਤੁਹਾਡਾ ਸਭ ਤੋਂ ਵੱਡਾ ਜੁਰਮ ਇਹ ਹੈ ਜੋ ਇੱਥੇ ਦੇ ਸ਼ਹਿਰੀ ਨਾ ਹੋ ਕੇ ਵੀ ਤੁਸੀਂ ਲੁਕ ਛੁਪ ਕੇ ਕੰਮ ਕਰਦੇ ਓ ਤੇ ਨਾਲ਼ ਰਹਿੰਦੇ ਬੰਦਿਆਂ ਨਾਲ਼ ਲੜਾਈ ਵੀ ਕਰਦੇ ਓ, ਜੋ ਤੁਹਾਨੂੰ ਡੀਪੋਰਟ ਕਰਨ ਲਈ ਕਾਫ਼ੀ ਏ, ਪਰ ਕੀ ਕਰਾਂ ਤਰਸ ਆ ਜਾਂਦਾ ਏ ਤੇ ਤੁਹਾਡੀ ਬਿਮਾਰ ਸ਼ਕਲ ਵੇਖ ਕੇ ਚੁੱਪ ਕਰ ਜਾਂਦਾਂ।"

ਇਹ ਰੋਜ਼ ਦਾ ਡਰਾਮਾ ਸੀ ਜਿਹਨੂੰ ਵੇਖ ਵੇਖ ਕੇ ਤੇ ਦੋਹਾਂ ਨੂੰ ਲੜਦਿਆਂ ਲੜਦਿਆਂ ਇਕ ਦੂਜੇ ਨਾਲੋਂ ਵੱਖ ਕਰਦੇ ਹੋਏ ਯੂਨਸ ਤੰਗ ਆ ਗਿਆ ਸੀ ਪਰ ਕਰਦਾ ਤੇ ਕੀ ਕਰਦਾ। ਓਹਦੇ ਕੇਸ ਦਾ ਫ਼ੈਸਲਾ ਈ ਨਹੀਂ ਹੋ ਰਿਹਾ ਸੀ ਤੇ ਉਹਨੂੰ ਜੋ ਮਕਾਨ ਮਿਲਿਆ ਸੀ, ਓਹਦੇ ਇਕ ਕਮਰੇ ਵਿਚ ਦੂਜੇ ਬੰਦਿਆਂ ਨਾਲ਼ ਰਹਿਣਾ ਉਹਦੀ ਮਜਬੂਰੀ ਸੀ। ਪਹਿਲੀ ਵਾਰ ਜਦੋਂ ਉਹ ਆਇਆ ਤਾਂ ਏਸ ਘਰ ਵਿਚ ਤਿੰਨ ਦੀ ਥਾਂ ਪੰਜ ਮੁੰਡੇ ਰਹਿੰਦੇ ਸਨ ਜਿਹਨਾਂ ਨੂੰ ਵੱਖ ਵੱਖ ਕਮਰਾ ਅਲਾਟ ਕੀਤਾ ਗਿਆ ਸੀ ਪਰ ਕਿਚਨ ਕੱਠਾ ਸੀ ਤੇ ਗਰਾਊਂਡ ਫ਼ਲੋਰ 'ਤੇ ਇੱਕ ਵੱਡੇ ਕਮਰੇ ਵਿਚ ਆਏ ਗਏ ਪ੍ਰਾਹੁਣਿਆਂ ਨੂੰ ਬਿਠਾਣ ਲਈ ਸੋਫ਼ਾ ਵੀ ਰੱਖਿਆ ਹੋਇਆ ਸੀ।

ਅਸਾਇਲਮ ਲੈਣ ਮਗਰੋਂ ਜਦੋਂ ਉਹ ਲੰਦਨ ਤੋਂ ਬਰੈੱਡਫ਼ੋਰਡ ਆਇਆ ਤਾਂ ਮਸਊਦ ਉਹਨੂੰ ਬਹੁਤ ਚੰਗੀ ਤਰ੍ਹਾਂ ਮਿਲਿਆ, ਪਰ ਬਾਅਦ ਵਿਚ ਉਹਨੂੰ ਪਤਾ ਲੱਗਿਆ ਕਿ ਉਹ ਤਾਂ ਬੜੇ ਰੁੱਖੇ ਸੁਭਾਅ ਦਾ ਬੰਦਾ ਹੈ, ਜਿਹਦਾ ਇਕੋ ਈ ਸ਼ੌਂਕ ਸੀ ਦੂਜੇ ਤੀਜੇ ਦਿਨ ਕੰਮ ਤੋਂ ਮੁੜਨ ਲੱਗਿਆਂ ਉਹ ਆਪਣੇ ਨਾਲ਼ ਕੋਈ ਨਾ ਕੋਈ ਕੁੜੀ ਜ਼ਰੂਰ ਲਿਆਂਦਾ, ਜੋ ਯੂਨਸ ਨੂੰ ਉੱਕਾ ਚੰਗਾ ਨਾ ਲਗਦਾ। ਉਹ ਭਾਂਵੇਂ ਪੜ੍ਹਿਆ ਲਿਖਿਆ ਮੁੰਡਾ ਸੀ ਪਰ ਕੁੜੀਆਂ ਕੋਲ਼ੋਂ ਦੂਰ ਈ ਰਹਿੰਦਾ। ਉਹਦੀ ਸੋਚ ਮੁਤਾਬਕ ਜਦੋਂ ਤੀਕਰ ਕਿਸੇ ਕੁੜੀ ਨਾਲ਼ ਵਿਆਹ ਨਾ ਹੋ ਜਾਵੇ, ਉਹਨੂੰ ਹੱਥ ਲਾਣਾ ਗੁਨਾਹ ਏ। ਦੂਜਾ ਉਹਦੇ ਟੀਚਰ ਨੇ 'ਏਡਜ਼' 'ਤੇ ਲੈਕਚਰ ਦਿੰਦੇ ਹੋਏ ਇਕ ਵਾਰ ਦੱਸਿਆ ਸੀ ਕਿ ਦੁਨੀਆ ਵਿਚ ਕੈਂਸਰ ਭਾਵੇਂ ਇਕ ਖ਼ਤਰਨਾਕ ਬਿਮਾਰੀ ਹੈ ਪਰ ਏਡਜ਼ ਕੈਂਸਰ ਕੋਲ਼ੋਂ ਵੀ ਖ਼ਤਰਨਾਕ ਰੋਗ ਏ। ਕੈਂਸਰ ਦਾ ਕੋਈ ਨਾ ਕੋਈ ਮਰੀਜ਼ ਤਾਂ ਕਦੀ ਕਦਾਈਂ ਆਪ੍ਰੇਸ਼ਨ ਮਗਰੋਂ ਮਰਨ ਤੋਂ ਬਚ ਵੀ ਜਾਂਦਾ ਏ ਪਰ ਏਡਜ਼ ਦੇ ਮਰੀਜ਼ ਨੂੰ ਕੋਈ ਵੀ ਨਹੀਂ ਬਚਾ ਸਕਦਾ। ਓਹਨੇ ਇਹ ਵੀ ਦੱਸਿਆ ਸੀ ਕਿ ਏਡਜ਼ ਦੇ ਸਭ ਤੋਂ ਜ਼ਿਆਦਾ ਰੋਗੀ ਉਹਨਾਂ ਦੇਸ਼ਾਂ ਵਿਚ ਹੁੰਦੇ ਨੇ,

ਜਿੱਥੇ ਸ਼ਾਦੀ ਤੋਂ ਪਹਿਲਾਂ ਈ ਇਕ ਦੂਜੇ ਨਾਲ਼ ਸਰੀਰਕ ਸਾਂਝ ਬਣਾ ਲਿੱਤੀ ਜਾਂਦੀ ਏ ਤੇ ਵੱਖ ਵੱਖ ਬੰਦਿਆਂ ਨਾਲ਼ ਦੋਸਤੀ ਕੀਤੀ ਜਾਂਦੀ ਏ।

ਯੂਨਸ ਪੇਂਡੂ ਸੁਭਾਅ ਦਾ ਜਵਾਨ ਸੀ ਜੋ ਆਪਣੇ ਤੋਂ ਵੱਡਿਆਂ ਦੀ ਆਖੀ ਹਰ ਗੱਲ 'ਤੇ ਇਤਬਾਰ ਕਰਦਾ ਸੀ। ਓਹਨੇ ਇਕ ਵਾਰ ਇਹ ਵੀ ਪੜ੍ਹਿਆ ਸੀ ਕਿ ਏਡਜ਼ ਸਿਰਫ਼ ਗੰਦੇ ਕੰਮਾਂ ਨਾਲ਼ ਹੀ ਨਹੀਂ ਸਗੋਂ ਦੂਜਿਆਂ ਦੇ ਖ਼ੂਨ ਤੇ ਲੇਸਦਾਰ ਚੀਜ਼ਾਂ, ਥੁੱਕ, ਪੀਪ ਤੇ ਸੀਂਢ ਨਾਲ਼ ਵੀ ਹੋ ਸਕਦੀ ਏ, ਤਾਂ ਉਹ ਦੂਜਿਆਂ ਨਾਲ਼ ਮਿਲਣ ਲੱਗਿਆਂ ਹੋਰ ਵੀ ਪ੍ਰਹੇਜ਼ ਕਰਨ ਲੱਗ ਪਿਆ ਸੀ। ਸੁੱਕੇ ਸੜੇ ਮਸਊਦ ਨੂੰ ਜਦੋਂ ਉਹਨੇ ਪਹਿਲੀ ਵਾਰ ਘੰਗਦੇ ਵੇਖਿਆ ਤਾਂ ਸੋਚਿਆ ਕਿ ਉਹ ਟੀ ਬੀ ਦਾ ਮਰੀਜ਼ ਹੋਵੇਗਾ ਪਰ ਜਦੋਂ ਓਹਦੇ ਨਾਲ਼ ਰਹਿੰਦਿਆਂ ਸਾਲ ਕੁ ਲੰਘਿਆ ਤਾਂ ਉਹਨੂੰ ਏਸ ਗੱਲ ਦਾ ਸ਼ੱਕ ਹੋ ਗਿਆ ਕਿ ਟੀ ਬੀ ਦਾ ਹੋਵੇ ਜਾਂ ਨਾ ਹੋਵੇ ਪਰ ਏਡਜ਼ ਦਾ ਮਰੀਜ਼ ਜ਼ਰੂਰ ਹੋਣਾ।

ਵੇਲ਼ੇ ਨੇ ਇਕ ਵਰ੍ਹਾ ਲੰਘਣ ਮਗਰੋਂ ਦੂਜੇ ਵਿਚ ਪੈਰ ਧਰ ਦਿੱਤਾ ਪਰ ਨਾ ਉਹਦੇ ਕੇਸ ਦਾ ਕੋਈ ਫ਼ੈਸਲਾ ਹੋਇਆ ਤੇ ਨਾ ਉਹਦੇ ਨਾਲ਼ ਰਹਿਣ ਆਲ਼ੇ ਮਸਊਦ ਤੇ ਜ਼ੁਬੈਰ ਬਾਰੇ ਓਹਨੂੰ ਕੁਛ ਪਤਾ ਲੱਗਿਆ। ਉਹ ਦੋਵੇਂ ਤਾਂ ਉਹਦੇ ਨਾਲ਼ ਆਪਣੇ ਕੇਸ ਬਾਰੇ ਗੱਲ ਈ ਨਹੀਂ ਕਰਦੇ ਸਨ। ਜ਼ੁਬੈਰ ਘਰੋਂ ਗ਼ਾਇਬ ਈ ਰਹਿੰਦਾ ਤੇ ਮਸਊਦ ਵੀ ਗੱਲ ਨਾ ਕਰਦਾ ਕਿ ਉਹਦਾ ਕੇਸ ਹੈ ਕੀ , ਕਦੋਂ ਸ਼ੁਰੂ ਹੋਇਆ ਤੇ ਕਦੋਂ ਮੁੱਕੇਗਾ। ਇਕ ਇਕ ਕਰ ਕੇ ਨਾਲ਼ ਰਹਿੰਦੇ ਦੂਜੇ ਮੁੰਡੇ ਵੀ ਚੋਰੀ ਛੁਪੇ ਵੱਖ ਵੱਖ ਸ਼ਹਿਰਾਂ ਦੇ ਹੋਟਲਾਂ 'ਤੇ ਕੰਮ ਕਰਨ ਲੱਗ ਪਏ ਤੇ ਘਰ ਵਿਚ ਸਿਰਫ਼ ਉਹੋ ਤਿੰਨ ਈ ਰਹਿ ਗਏ, ਜ਼ੁਬੈਰ ਵੀ ਦੂਜੇ ਤੀਜੇ ਦਿਨ ਈ ਆਉਂਦਾ ਸੀ। ਇਕ ਦਿਨ ਯੂਨਸ ਨੇ ਮਸਊਦ ਨੂੰ ਆਖਿਆ:

"ਤੁਸੀਂ ਬੁਰਾ ਨਾ ਮਨਾਓ ਤਾਂ ਇਕ ਗੱਲ ਪੁੱਛਾਂ।"

"ਜ਼ਰੂਰ ਪੁੱਛ, ਮੈਂ ਬੁਰਾ ਨਹੀਂ ਮਨਾਵਾਂਗਾ।"

" ਤੁਹਾਡੇ ਨਾਲ਼ ਜਿਹੜੀਆਂ ਕੁੜੀਆਂ ਆਉਂਦੀਆਂ ਨੇ, ਉਹ ਤੁਹਾਡੀਆਂ ਦੋਸਤ ਹੁੰਦੀਆਂ ਨੇ ਜਾਂ...?

" ਮੈਨੂੰ ਪਤਾ ਸੀ ਤੂੰ ਇਕ ਨਾ ਇਕ ਦਿਨ ਇਹ ਸਵਾਲ ਜ਼ਰੂਰ ਕਰੇਂਗਾ। ਚੰਗਾ ਹੋਇਆ ਅੱਜ ਕਰ ਲਿੱਤਾ ਈ। ਮੈਂ ਸ਼ਾਦੀ ਸ਼ੁਦਾ ਹਾਂ ਪਰ ਪਿਛਲੇ ਸੱਤ ਸਾਲ ਤੋਂ ਇੱਥੇ ਰਹਿੰਦਾ ਪਿਆਂ। ਹਰ ਬੰਦੇ ਨੂੰ ਦੂਜੀਆਂ ਲੋੜਾਂ ਵਾਂਗ ਇਕ ਤੀਵੀਂ ਦੀ ਵੀ ਲੋੜ ਹੁੰਦੀ ਏ। ਮੈਂ ਵੀ ਆਪਣੀ ਲੋੜ ਪੂਰੀ ਕਰਨ ਲਈ ਪਹਿਲੇ ਕਦੀ ਕਦਾਈਂ ਕਿਸੇ ਕੁੜੀ ਨੂੰ ਲੈ ਕੇ ਆਉਂਦਾ ਸਾਂ ਤੇ ਹੁਣ ਮੇਰੀ ਆਦਤ ਬਣ ਗਈ ਏ।"

"ਪਰ ਮੈਂ ਤਾਂ ਸੋਚ ਵੀ ਨਹੀਂ ਸਕਦਾ ਕਿ ਗੋਰੀਆਂ ਕਿਸੇ ਦੇਸੀ ਬੰਦੇ ਨਾਲ਼ ਉਹਦੇ ਘਰ ਇੰਝ ਖੁੱਲ੍ਹੇ ਡੁੱਲ੍ਹੇ ਆ ਸਕਦੀਆਂ ਨੇ। "

"ਗੋਰੀਆਂ, ਕਾਲ਼ੀਆਂ ਜਾਂ ਦੇਸੀ ਕੁੜੀਆਂ ਦੀ ਗੱਲ ਨਹੀਂ, ਪੈਸੇ ਦੀ ਗੱਲ ਏ। ਇੱਥੇ ਹਰ ਸ਼ੈਅ ਰਿਸ਼ਤਿਆਂ ਤੋਂ ਵੱਧ ਪੈਸੇ ਨਾਲ਼ ਜੁੜੀ ਹੋਈ ਏ ਤੇ ਇੱਥੇ ਰਹਿਣ ਆਲ਼ਿਆਂ ਦੀਆਂ ਲੋੜਾਂ ਵੀ ਸਾਡੇ ਨਾਲੋਂ ਵੱਖਰੀਆਂ ਨੇ। ਤੈਨੂੰ ਜੋ ਗੋਰੇ ਤੁਰਦੇ ਫਿਰਦੇ ਨਜ਼ਰ ਆਉਂਦੇ ਨੇ, ਸਾਡੇ ਦੇਸ਼ਾਂ ਵਿਚੋਂ ਆਏ ਕਈ ਬੰਦੇ ਉਨ੍ਹਾਂ ਕੋਲੋਂ ਬਹੁਤੇ ਅਮੀਰ ਨੇ, ਇੱਥੇ ਅਜਿਹੇ ਅੰਗਰੇਜ਼ ਵੀ ਰਹਿੰਦੇ ਨੇ ਜੋ ਏਸ ਧਰਤੀ ਦੇ ਵਾਰਿਸ ਹੋ ਕੇ ਵੀ ਢੰਗ ਦੇ ਕੱਪੜੇ ਤੇ ਜੁੱਤੀਆਂ ਨਹੀਂ ਲੈ ਸਕਦੇ, ਹੋਰ ਅੱਯਾਸ਼ੀਆਂ ਤਾਂ ਦੂਰ ਦੀ ਗੱਲ ਏ। ਮੇਰੇ ਨਾਲ਼ ਜਿਹੜੀਆਂ ਕੁੜੀਆਂ ਆਉਂਦੀਆਂ ਜਾਂਦੀਆਂ ਨੇ, ਉਹ ਦੋ ਤਿੰਨ ਜਾਂ ਵੱਧ ਤੋਂ ਵੱਧ ਪੰਜਾਂ ਪੌਂਡਾਂ ਵਿਚ ਰਾਜ਼ੀ ਹੋ ਜਾਂਦੀਆਂ ਨੇ। ਪਰ ਇਹਦਾ ਮਤਲਬ ਇਹ ਨਹੀਂ ਕਿ ਹਰ ਗੋਰੀ ਪੰਜਾਂ ਸੱਤਾਂ ਪੌਂਡਾਂ ਵਿਚ ਅਪਣਾ ਆਪਾ ਵੇਚਦੀ ਫਿਰਦੀ ਏ। ਜਿਹੜੀਆਂ ਕੁੜੀਆਂ ਸੈਕਸ ਵਰਕਰ ਨੇ ਜਾਂ ਮੇਰੇ ਵਰਗੇ ਬੰਦਿਆਂ ਨਾਲ਼ ਉਨ੍ਹਾਂ ਦੇ ਘਰ ਤੁਰ ਜਾਂਦੀਆਂ ਨੇ, ਉਹ ਅੱਛੇ ਅੰਗਰੇਜ਼ ਘਰਾਂ ਦੀਆਂ ਤੇ ਪੜ੍ਹੀਆਂ ਲਿਖੀਆਂ ਘੱਟ ਈ ਹੁੰਦੀਆਂ ਨੇ।"

ਮਸਊਦ ਦੀਆਂ ਗੱਲਾਂ ਸੁਣੇ ਬਿਨਾਂ ਵੀ ਯੂਨਸ ਨੂੰ ਵਲਾਇਤ ਬਾਰੇ ਬਹੁਤ ਕੁਛ ਪਤਾ ਚੱਲ ਚੁੱਕਿਆ ਸੀ। ਉਹਦਾ ਦਿਲ ਵੀ ਕਰਦਾ ਸੀ ਕਿ ਉਹ ਭਾਵੇਂ ਮਸਊਦ ਦੀ ਹੱਦ ਤੀਕਰ ਨਾ ਜਾਵੇ ਪਰ ਕਿਸੇ ਕੁੜੀ ਨਾਲ਼ ਪਲ ਦੋ ਪਲ ਤਾਂ ਗੁਜ਼ਾਰੇ। ਪਰ ਉਹਨੂੰ ਏਡਜ਼ ਹੋਣ ਤੋਂ ਬਹੁਤ ਡਰ ਲਗਦਾ ਸੀ। ਇਕ ਸ਼ਾਮ ਰੋਟੀ ਟੁੱਕਰ ਖਾਣ ਮਗਰੋਂ ਨਾਲ਼ ਲਗਦੇ ਸਿਟੀ ਸੈਂਟਰ ਵਿਚ ਤੁਰਨ ਫਿਰਨ ਤੋਂ ਬਾਅਦ ਉਹ ਸਿਗਰਟ ਪੀਣ ਲਈ ਕੌਂਸਲ ਦੀ ਵੱਡੀ ਸਾਰੀ ਬਿਲਡਿੰਗ ਦੇ ਗੇਟ ਨਾਲ਼ ਬਣੀਆਂ ਪੌੜੀਆਂ 'ਤੇ ਹਾਲੀ ਬੈਠਿਆ ਈ ਸੀ ਕਿ ਇਕ ਪੰਝੀ ਕੁ ਵਰ੍ਹਿਆਂ ਦੀ ਗੋਰੀ ਉਹਦੇ ਕੋਲ਼ ਆ ਕੇ ਕਹਿਣ ਲੱਗੀ:

"ਐਕਸਕਵੀਜ਼ ਮੀ, ਬਿਜ਼ਨਿਸ...?"

ਇਕ ਵਾਰ ਪਹਿਲਾਂ ਵੀ ਉਹਨੂੰ ਇਕ ਕੁੜੀ ਨੇ "ਬਿਜ਼ਨਿਸ" ਦੀ ਆਫ਼ਰ ਕੀਤੀ ਸੀ ਪਰ ਉਦੋਂ ਉਹਨੂੰ ਸਮਝ ਨਹੀਂ ਸੀ ਆਈ ਕਿ ਮੈਂ ਕਿਹੜਾ ਬਿਜ਼ਨਿਸ ਕਰ ਸਕਦਾਂ ਤੇ ਉਹ ਅੱਗੋਂ ਚੁੱਪ ਕਰ ਗਿਆ ਸੀ, ਪਰ ਬਾਅਦ ਵਿਚ ਇਕ ਦਿਨ ਮਸਊਦ ਨੇ ਈ ਉਹਨੂੰ ਦੱਸਿਆ ਸੀ ਕਿ ਜਦੋਂ ਇੱਥੇ ਦੀ ਕੋਈ ਕੁੜੀ ਤੁਹਾਡੇ ਲਾਗੇ ਆ ਕੇ ਬਿਜ਼ਨਿਸ ਬਾਰੇ ਪੁੱਛੇ ਤਾਂ ਓਹਦਾ ਮਤਲਬ ਹੁੰਦਾ ਏ ਕਿ ਤੂੰ ਮੈਨੂੰ ਆਪਣੇ ਨਾਲ਼ ਲੈ ਕੇ ਜਾਣਾ ਚਾਹੁੰਦਾਂ? ਜੇ ਕਿਸੇ ਦੀ ਮਰਜ਼ੀ ਹੋਵੇ ਤਾਂ ਮਗਰੋਂ ਪੈਸਿਆਂ ਦੇ ਲੈਣ ਦੇਣ ਦੀ ਗੱਲ ਹੋਂਦੀ ਏ।

ਪਹਿਲੀ ਵਾਰ ਕਿਸੇ ਕੁੜੀ ਨੇ ਉਹਨੂੰ ਐਡੀ ਖੁੱਲ੍ਹੀ ਡੁੱਲ੍ਹੀ ਆਫ਼ਰ ਕੀਤੀ ਸੀ। ਪਤਾ ਨਹੀਂ ਠੰਢ ਹੋਣ ਕਰਕੇ ਜਾਂ ਘਬਰਾਹਟ ਕਾਰਨ ਉਹਦੇ ਗਲ਼ੇ ਵਿਚੋਂ ਪੂਰੀ 'ਵਾਜ ਈ ਨਾ ਨਕਲੀ ਤੇ ਓਹਨੇ ਝੂਠ ਬੋਲਦੇ ਹੋਏ ਬੱਸ ਏਨਾ ਈ ਆਖਿਆ:

"ਸੌਰੀ, ਆਈ ਐਮ ਮੈਰਿਡ "

"ਅਸਲ ਵਿਚ ਮੈਂ ਭੁੱਖੀ ਹਾਂ ਤੇ ਮੈਨੂੰ ਕੁਛ ਪੈਸਿਆਂ ਦੀ ਲੋੜ ਏ।" ਕੁੜੀ ਨੇ ਆਖਿਆ।

"ਪੈਸੇ ਤਾਂ ਮੇਰੇ ਕੋਲ਼ ਵੀ ਨਹੀਂ ਪਰ ਜੇ ਤੂੰ ਮੇਰੇ ਨਾਲ਼ ਮੇਰੇ ਘਰ ਤੀਕਰ ਜਾਵੇਂ ਤਾਂ ਮੈਂ ਤੈਨੂੰ ਰੋਟੀ ਖਾਣ ਲਈ ਪੈਸੇ ਜ਼ਰੂਰ ਦੇ ਸਕਦਾਂ।"

"ਓ ਕੇ। ਪਰ ਤੇਰਾ ਘਰ ਕਿੱਥੇ?"

"ਪਿਛਲੀ ਸੜਕ 'ਤੇ ਯੂਨੀਵਰਸਿਟੀ ਦੇ ਸਾਹਮਣੇ।"

ਉਹਨੇ ਯੂਨਸ ਦਾ ਹੱਥ ਫੜ ਲਿਆ ਤੇ ਉਹਦੇ ਨਾਲ਼ ਤੁਰ ਪਈ। ਪਹਿਲਾਂ ਤਾਂ ਉਹਨੂੰ ਕਿਸੇ ਅਣਜਾਣ ਕੁੜੀ, ਤੇ ਉਹ ਵੀ ਗੋਰੀ, ਦਾ ਇੰਝ ਹੱਥ ਫੜਨਾ ਬੜਾ ਅਜੀਬ ਲੱਗਿਆ ਪਰ ਦੋ ਚਾਰ ਕਦਮ ਤੁਰਨ ਮਗਰੋਂ ਉਹਦੇ ਵਿਚ ਕੁਛ ਹਿੰਮਤ ਆਈ ਤੇ ਝਾਕਾ ਵੀ ਲੱਥ ਗਿਆ।

ਉਹਨੇ ਯੂਨਸ ਨੂੰ ਆਖਿਆ,"ਮੇਰਾ ਨਾਂ ਜੇਨੇਫਰ ਏ ਪਰ ਤੂੰ ਮੈਨੂੰ ਜੀਨੀ ਵੀ ਆਖ ਸਕਦਾਂ।"

"ਠੀਕ ਏ!" ਉਹਨੇ ਆਪਣੇ ਦੇਸੀ ਅੰਗਰੇਜ਼ੀ ਦੇ ਲਹਿਜੇ ਵਿਚ ਉਹਨੂੰ ਜਵਾਬ ਦਿੱਤਾ ਤੇ ਨਾਲ਼ ਈ ਸੋਚਣ ਲੱਗ ਪਿਆ....ਕੁੜੀ ਤਾਂ ਬਹੁਤ ਸੋਹਣੀ ਏ ਪਰ ਮੈਂ ਰੋਟੀ ਖਵਾਣ ਤੋਂ ਅੱਗੇ ਨਹੀਂ ਵਧਾਂਗਾ।

ਫ਼ੁੱਟਪਾਥ 'ਤੇ ਟੁਰਦਿਆਂ ਜੀਨੀ ਉਹਦੇ ਹੋਰ ਨੇੜੇ ਹੋ ਗਈ। ਏਨੇ ਨੇੜੇ ਕਿ ਉਹਦੇ ਪਿੰਡੇ ਦੀ ਨਿੱਘ ਨੇ ਯੂਨਸ ਦੇ ਅੰਗ ਅੰਗ ਨੂੰ ਕੋਸਾ ਕਰ ਦਿੱਤਾ। ਜੀਨੀ ਦੇ ਨਾਲ਼ ਤੁਰਨਾ ਉਹਨੂੰ ਏਸ ਲਈ ਵੀ ਚੰਗਾ ਲੱਗ ਰਿਹਾ ਸੀ ਕਿ ਕੋਈ ਕੁੜੀ ਪਹਿਲੀ ਵਾਰੀ ਉਹਦੇ ਏਨੇ ਨੇੜੇ ਆਈ ਸੀ।

ਤੁਰਦੇ ਤੁਰਦੇ ਉਹ ਘਰ ਦੇ ਬੂਹੇ ਤੀਕਰ ਤਾਂ ਅੱਪੜ ਗਏ ਪਰ ਯੂਨਸ ਨੂੰ ਏਸ ਗੱਲ ਦਾ ਡਰ ਸੀ ਕਿ ਮਸਊਦ ਉਹਨੂੰ ਵੇਖ ਨਾ ਲਵੇ। ਫ਼ਿਰ ਉਹਨੇ ਸੋਚਿਆ "ਉਹ ਰੋਜ਼ ਇਕ ਕੁੜੀ ਲੈ ਕੇ ਆ ਜਾਂਦਾ, ਜੇ ਮੇਰੇ ਨਾਲ਼ ਪਹਿਲੀ ਵਾਰ ਕੋਈ ਕੁੜੀ ਆ ਵੀ ਗਈ ਤਾਂ ਕੀ? ਨਾਲੇ ਉਹ ਆਪੇ ਈ ਤਾਂ ਕਹਿੰਦਾ ਸੀ ਕਿ ਇਹ ਸਾਡਾ ਦੇਸ ਨਹੀਂ, ਅੰਗਰੇਜ਼ਾਂ ਦਾ ਦੇਸ ਏ ਜਿਹਨਾਂ ਦਾ ਪਿਛੋਕੜ ਤੇ

ਸੱਭਿਆਚਾਰ ਸਾਡੇ ਨਾਲੋਂ ਵੱਖਰਾ ਏ।" ਦਰਵਾਜ਼ਾ ਖੋਲ੍ਹ ਕੇ ਅੰਦਰ ਜਾਣ ਮਗਰੋਂ ਉਹ ਜੀਨੀ ਦੇ ਨਾਲ਼ ਇਹ ਗੱਲ ਸੋਚ ਕੇ ਹੌਲ਼ੀ ਹੌਲ਼ੀ ਉਤਲੇ ਫਲੋਰ ਵੱਲ ਵਧਿਆ ਕਿ ਉਹਦੇ ਪੈਰਾਂ ਦੀ ਵਾਜ ਨਾ ਆਏ। ਏਸ ਲਈ ਕਿ ਲੱਕੜ ਦੀਆਂ ਬਣੀਆਂ ਪੌੜੀਆਂ 'ਤੇ ਪੈਰ ਧਰਦਿਆਂ ਈ ਘਰ ਵਿਚ ਰਹਿੰਦੇ ਸਾਰੇ ਜੀਆਂ ਨੂੰ ਪਤਾ ਲੱਗ ਜਾਂਦਾ ਸੀ ਕਿ ਕੋਈ ਅੰਦਰ ਆਇਆ ਏ। ਆਪਣੇ ਕਮਰੇ ਵਿਚ ਵੜਨ ਤੋਂ ਪਹਿਲਾਂ ਵੀ ਓਹਨੇ ਤਾਲੇ ਵਿਚ ਕੁੰਜੀ ਫਿਰਾਣ ਲੱਗਿਆਂ ਇਸ ਗੱਲ ਦਾ ਧਿਆਨ ਰੱਖਿਆ ਸੀ ਓਹਦੀ ਵਾਜ ਨਾ ਆਏ ਤੇ ਫੇਰ ਦੋਵੇਂ ਅੰਦਰ ਆ ਗਏ।

ਜੀਨੀ ਦੇ ਜ਼ਿਹਨ ਵਿਚ ਖ਼ੌਰੇ ਕੀ ਸੀ, ਉਹ ਅੰਦਰ ਵੜਦੇ ਈ ਜੁੱਤੀਆਂ ਲਾਹ ਕੇ ਬੈੱਡ 'ਤੇ ਚੜ੍ਹ ਗਈ ਤੇ ਕਹਿਣ ਲੱਗੀ:

"ਲਗਦਾ ਏ ਘਰ ਵਿਚ ਤਾਂ ਕੋਈ ਵੀ ਨਹੀਂ ਪਰ ਡਰਾਇੰਗ ਰੂਮ ਵਿਚ....?"

" ਨਹੀਂ....ਓਥੇ ਵੀ ਕੋਈ ਨਹੀਂ। ਹੋ ਸਕਦਾ ਮੇਰੇ ਨਾਲ਼ ਰਹਿੰਦਾ ਦੋਸਤ ਓਥੇ ਬੈਠਿਆ ਹੋਵੇ। ਇਹੋ ਸੋਚ ਕੇ ਮੈਂ ਤੈਨੂੰ ਉੱਤੇ ਲੈ ਆਇਆ। ਨਾਲੇ ਸਾਡੇ ਕਲਚਰ ਵਿਚ ਕੁੜੀਆਂ ਨੂੰ ਇੰਝ ਘਰ ਲਿਆਣਾ ਚੰਗਾ ਨਹੀਂ ਸਮਝਿਆ ਜਾਂਦਾ।"

ਜੀਨੀ ਨੇ ਹੱਸਦੇ ਹੋਇਆਂ ਆਖਿਆ: "ਹੁਣ ਤੂੰ ਆਪਣੇ ਦੇਸ ਵਿਚ ਨਹੀਂ ਸਗੋਂ ਸਾਡੇ ਦੇਸ ਵਿਚ ਰਹਿੰਦਾ ਪਿਆਂ। ਤੈਨੂੰ ਇੱਥੇ ਦੇ ਕਲਚਰ ਮੁਤਾਬਕ ਈ ਰਹਿਣਾ ਹੋਵੇਗਾ।" ਨਾਲ਼ ਈ ਇਕ ਵਾਰੀ ਫ਼ਿਰ ਕਹਿਣ ਲੱਗੀ, "ਛੇਤੀ ਕਰ, ਮੈਨੂੰ ਬਹੁਤ ਭੁੱਖ ਲੱਗੀ ਏ।"

ਯੂਨਸ ਨੇ ਤਕੀਆ ਚਾ ਕੇ ਹੇਠੋਂ ਪੰਜ ਡਾਲਰ ਕੱਢੇ ਤੇ ਓਹਦੇ ਵੱਲ ਵਧਾਂਦੇ ਹੋਏ ਆਖਿਆ,"ਇਨ੍ਹਾਂ ਨਾਲ਼ ਕੰਮ ਸਰ ਜਾਏਗਾ?"

"ਹਾਂ ਬਰਗਰ ਲੈ ਲਵਾਂਗੀ", ਕਹਿੰਦੇ ਹੋਏ ਜੀਨੀ ਨੇ ਅਜਿਹੀਆਂ ਨਜ਼ਰਾਂ ਨਾਲ਼ ਉਹਦੇ ਵੱਲ ਵੇਖਿਆ ਜਿਵੇਂ ਕੋਈ ਸਵਾਲ ਪੁੱਛ ਰਹੀ ਹੋਵੇ।

ਪਰ ਯੂਨਸ ਉਹਦੇ ਵੱਲ ਵੇਖੇ ਬਿਨਾਂ ਈ ਉਹਨੂੰ ਆਪਣੇ ਨਾਲ਼ ਲੈ ਕੇ ਥੱਲੇ ਲਹਿੰਦਾ ਹੋਇਆ ਸੋਚ ਰਿਹਾ ਸੀ ਕਿ ਮਸਊਦ ਆਪਣੇ ਕਮਰੇ ਵਿਚ ਨਹੀਂ ਹੈਗਾ, ਨਹੀਂ ਤਾਂ ਹੁਣ ਤੀਕਰ ਬਾਹਰ ਜ਼ਰੂਰ ਆਉਂਦਾ। ਜਾਂ ਹੋ ਸਕਦਾ ਏ ਟੀ ਵੀ 'ਤੇ ਕੋਈ ਫ਼ਿਲਮ ਵੇਖ ਰਿਹਾ ਹੋਵੇ। ਬੂਹੇ ਵਿਚੋਂ ਨਿਕਲਣ ਲੱਗਿਆਂ ਉਹਨੂੰ ਕਿਚਨ ਨਜ਼ਰ ਆਇਆ ਤੇ ਨਾਲ਼ ਈ ਯਾਦ ਆਇਆ ਕਿ ਉਹਨੇ ਤਾਂ ਦਿਨ ਨੂੰ ਆਲੂ ਗੋਸ਼ਤ ਪਕਾਇਆ ਸੀ।

"ਮੈਂ ਤਾਂ ਭੁੱਲ ਈ ਗਿਆ ਸਾਂ, ਘਰ ਸਾਲਨ ਵੀ ਰੱਖਿਆ ਹੋਇਆ ਏ ਤੇ ਡਬਲ ਰੋਟੀ ਵੀ ਪਈ ਏ ਪਰ ਖੌਰੇ ਤੈਨੂੰ ਸਾਡਾ ਖਾਣਾ ਚੰਗਾ ਲੱਗੇ ਜਾਂ ਨਹੀਂ।" ਓਹਨੇ ਜੀਨੀ ਵੱਲ ਵੇਖਦੇ ਆਖਿਆ।

"ਟੈਸਟ ਕਰ ਲੈਂਦੇ ਹਾਂ," ਕਹਿੰਦੀ ਹੋਈ ਜੀਨੀ ਨੇ ਉਹਦੇ ਨਾਲ਼ ਕਿਚਨ 'ਚ ਵੜ ਕੇ ਸਾਲਨ ਗਰਮ ਕਰਨ ਮਗਰੋਂ ਟੋਸਟਰ ਵਿਚ ਡਬਲ ਰੋਟੀ ਦੇ ਪੀਸ ਵੀ ਗਰਮ ਕਰ ਲਿੱਤੇ। ਫ਼ਿਰ ਉਹ ਹਾਲ ਵਰਗੇ ਵੱਡੇ ਕਮਰੇ ਵਿਚ ਆ ਗਏ ਜਿਹੜਾ ਕਦੇ ਡਾਇਨਿੰਗ ਰੂਮ ਹੁੰਦਾ ਹੋਵੇਗਾ ਪਰ ਜਦੋਂ ਦੇ ਛੜੇ ਪਨਾਹਗੀਰਾਂ ਨੇ ਇੱਥੇ ਡੇਰਾ ਲਾਇਆ ਸੀ, ਜ਼ਰੂਰਤ ਪੈਣ 'ਤੇ ਡਰਾਇੰਗ ਰੂਮ ਵੀ ਬਣ ਜਾਂਦਾ ਸੀ। ਜੀਨੀ ਨੇ ਪਹਿਲੀ ਬੁਰਕੀ ਲਿੱਤੀ ਤਾਂ ਮਿਰਚਾਂ ਨਾਲ਼ ਉਹਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹਨੇ ਸੀ ਸੀ ਕਰਦੇ ਹੋਏ ਪਾਣੀ ਦਾ ਗਲਾਸ ਮੂੰਹ ਨਾਲ਼ ਲਾ ਲਿਆ ਤੇ ਫ਼ਿਰ ਹੌਲ਼ੀ ਹੌਲ਼ੀ ਤਿੰਨ ਚਾਰ ਤੋਸ ਖਾਣ ਮਗਰੋਂ ਉਹਦੀ ਭੁੱਖ ਮੁੱਕ ਗਈ। ਯੂਨਸ ਨੂੰ ਕਹਿਣ ਲੱਗੀ: "ਅਸੀਂ ਏਨੀਆਂ ਮਿਰਚਾਂ ਨਹੀਂ ਖਾਂਦੇ, ਫ਼ਿਰ ਵੀ ਮੈਨੂੰ ਬਹੁਤ ਸੁਆਦ ਆਇਆ। ਇਹਦਾ ਇਕ ਕਾਰਨ ਤਾਂ ਇਹ ਵੀ ਹੋ ਸਕਦਾ ਏ ਕਿ ਇਕ ਇੰਡੀਅਨ ਸਹੇਲੀ ਮੈਨੂੰ ਕਿੰਨੀ ਵਾਰ ਏਸ਼ੀਅਨ ਰੈਸਟੋਰੈਂਟ ਵਿਚ ਬਿਰਿਆਨੀ ਖਵਾ ਚੁੱਕੀ ਏ ਤੇ ਦੂਜਾ ਮੈਨੂੰ ਬਹੁਤ ਭੁੱਖ ਵੀ ਲੱਗੀ ਹੋਈ ਸੀ।"

ਬੂਹੇ ਵਿਚੋਂ ਬਾਹਰ ਆ ਕੇ ਜਾਣ ਤੋਂ ਪਹਿਲਾਂ ਜੀਨੀ ਨੇ ਯੂਨਸ ਨੂੰ ਆਖਿਆ: "ਜੇ ਕਦੀ ਮੇਰਾ ਦਿਲ ਚਾਹਵੇ ਤਾਂ ਇੱਥੇ ਫ਼ਿਰ ਵੀ ਆ ਸਕਦੀ ਹਾਂ?"

ਬਿਨਾਂ ਸੋਚੇ ਸ਼ੋਰੇ ਉਹਦੇ ਮੂੰਹ ਵਿਚੋਂ ਕਿਉਂ 'ਹਾਂ' ਨਿਕਲ ਗਈ ਤੇ ਉਹਨੇ ਜੀਨੀ ਨੂੰ ਆਖਿਆ: " ਮੈਨੂੰ ਅਪਣਾ ਫ਼ੋਨ ਨੰਬਰ ਤਾਂ ਦਿੰਦੀ ਜਾ।"

ਉਹਨੂੰ ਬੜੀ ਹੈਰਤ ਹੋਈ ਜਦੋਂ ਜੀਨੀ ਨੇ ਆਖਿਆ: "ਸੌਰੀ...ਸਾਡੇ ਕਲਚਰ ਵਿਚ ਕੋਈ ਵੀ ਔਰਤ ਕਿਸੇ ਵੀ ਬੰਦੇ ਨਾਲ਼ ਕਿਤੇ ਵੀ ਜਾ ਸਕਦੀ ਏ ਤੇ ਉਹਦੇ ਨਾਲ਼ ਚੰਗਾ ਮੰਦਾ ਰਿਸ਼ਤਾ ਵੀ ਬਣਾ ਸਕਦੀ ਏ, ਪਰ ਉਹਨੂੰ ਅਪਣਾ ਨਾਂ ਪਤਾ ਤੇ ਟੈਲੀਫ਼ੋਨ ਨੰਬਰ ਨਹੀਂ ਦਿੰਦੀ, ਦੋ ਚਾਰ ਮੁਲਾਕਾਤਾਂ ਤੋਂ ਬਾਅਦ ਤਾਂ ਬਹੁਤ ਕੁਛ ਸਾਂਝਾ ਹੋ ਜਾਂਦਾ ਏ ਪਰ ਪਹਿਲੀ ਵਾਰ ਨਹੀਂ।"

ਯੂਨਸ ਚੁੱਪ ਚਾਪ ਅੰਦਰ ਆਇਆ ਤੇ ਦਰਵਾਜ਼ਾ ਬੰਦ ਕਰਨ ਮਗਰੋਂ ਸੋਚਣ ਲੱਗ ਪਿਆ...ਲੋਕੀ ਸੱਚ ਈ ਕਹਿੰਦੇ ਨੇ ਬੰਦਾ ਭਾਵੇਂ ਕਿੰਨਾ ਈ ਚਾਲਾਕ ਹੋਵੇ, ਔਰਤ ਦੇ ਸਾਹਮਣੇ ਉਹਦੀ ਅਕਲ ਜਵਾਬ ਦੇ ਜਾਂਦੀ ਏ। ਔਰਤ ਦੀ ਥਾਂ ਕੁੜੀ ਹੋਵੇ, ਤੇ ਉਹ ਵੀ ਗੋਰੀ, ਤਾਂ ਅਕਲ ਹੋਰ ਛੇਤੀ ਜਵਾਬ ਦੇ ਸਕਦੀ ਏ, ਪਰ ਚਲੋ ਕੋਈ ਗੱਲ ਨਹੀਂ, ਸਾਡੇ ਲਈ ਉਹਦੇ ਨਾਲ਼ ਗੁਜ਼ਾਰੇ ਥੋੜ੍ਹੇ ਜਿਹੇ ਪਲ ਵੀ ਬੜੇ ਅਣਮੁੱਲੇ ਤੇ ਵਧੀਆ ਸਨ।

ਸੌਣ ਤੋਂ ਪਹਿਲਾਂ ਓਹ ਚਾਹ ਬਨਾਣ ਲਈ ਥੱਲੇ ਗਿਆ ਤਾਂ ਮਸਊਦ ਖਾਣਾ ਗਰਮ ਕਰ ਕੇ ਖਾਣ ਦੀ ਤਿਆਰੀ ਕਰ ਰਿਹਾ ਸੀ। ਉਹਨੇ ਯੂਨਸ ਕੋਲੋਂ ਪੁੱਛਿਆ: " ਅੱਜ ਕੋਈ ਪ੍ਰਾਹੁਣਾ ਆਇਆ ਸੀ?"

ਯੂਨਸ ਨੂੰ ਜਿਵੇਂ ਇਕ ਦਮ ਕਰੰਟ ਲੱਗਿਆ। ਉਹਨੇ ਸੋਚਿਆ ਮਸਊਦ ਨੂੰ ਕਿਵੇਂ ਪਤਾ ਚੱਲਿਆ ਏ।

"ਕਿਉਂ ਕੀ ਹੋਇਆ?" ਉਹਨੇ ਆਖਿਆ।

"ਕੁਛ ਨਹੀਂ....ਡਰਾਇੰਗ ਰੂਮ ਵਿਚ ਖ਼ਾਲੀ ਪਲੇਟਾਂ ਧਰੀਆਂ ਹੋਈਆਂ ਸਨ. ਨਾਲੇ ਸਾਲਨ ਵੀ ਬਹੁਤ ਘੱਟ ਬਚਿਆ ਸੀ, ਮਸਾਂ ਪੂਰਾ ਹੋਇਆ।" ਕਹਿੰਦਾ ਹੋਇਆ ਮਸਊਦ ਜਾਣ ਲੱਗਿਆ ਤਾਂ ਉਹਨੇ ਝੂਠ ਬੋਲਦੇ ਹੋਏ ਆਖਿਆ:

"ਲੀਡਜ਼ ਤੋਂ ਇਕ ਦੋਸਤ ਆਇਆ ਸੀ, ਅਸਾਂ ਰਲ਼ ਕੇ ਚਾਹ ਪਾਣੀ ਪੀਤਾ ਤੇ ਟੁੱਕਰ ਖਾਧਾ। ਫ਼ਿਰ ਉਹ ਤੁਰ ਗਿਆ।"

ਦੂਜੇ ਦਿਨ ਲਾਇਬਰੇਰੀ ਜਾਣ ਮਗਰੋਂ ਫ਼ਿਲਮ ਦਾ ਈਵਨਿੰਗ ਸ਼ੋਅ ਵੇਖਣ ਲਈ ਯੂਨਸ ਸਿਨਮੇ 'ਤੇ ਚਲਾ ਗਿਆ। ਫ਼ਿਲਮ ਖ਼ਤਮ ਹੋਈ ਤਾਂ ਬੱਸ 'ਤੇ ਬੈਠ ਕੇ ਆਪਣੇ ਸਟਾਪ 'ਤੇ ਆ ਕੇ ਲੱਥਾ ਤੇ ਹੌਲ਼ੀ ਹੌਲ਼ੀ ਤੁਰਦਾ ਘਰ ਦੇ ਬੂਹੇ 'ਤੇ ਪਹੁੰਚ ਗਿਆ। ਬੋਝੇ ਵਿਚ ਹੱਥ ਪਾ ਕੇ ਉਹਨੇ ਬੂਹਾ ਖੋਲ੍ਹਣ ਲਈ ਕੁੰਜੀਆਂ ਬਾਹਰ ਕੱਢੀਆਂ, ਪਰ ਅਜੇ ਬੂਹੇ ਦੇ ਲਾਕ ਵਿਚ ਕੁੰਜੀ ਫਿਰਾਣ ਈ ਲੱਗਾ ਸੀ ਕਿ ਬੂਹਾ ਖੁੱਲ੍ਹਿਆ ਤੇ ਮਸਊਦ ਬਾਹਰ ਆ ਗਿਆ। ਪਿੱਛੇ ਜੀਨੀ ਵੀ ਸੀ ਜਿਹੜੀ ਓਹਦੇ ਕੋਲ਼ੋਂ ਦੀ ਇੰਝ ਦੀ ਲੰਘ ਗਈ ਜਿਵੇਂ ਉਹਨੂੰ ਜਾਣਦੀ ਈ ਨਾ ਹੋਵੇ।000

***(LS 6, Block 14, Tulip Street, Gulistan E Johar***
***KARACHI - 43 Pakistan***
***Email: tauqeerc@yahoo.com)***

## ਬਰਲਿਨ ਦੀ ਦੀਵਾਰ: ਕਹਾਣੀ: ਮੁਖਤਿਆਰ ਸਿੰਘ

ਆਸ਼ੀਆਂ, ਦਾਰਾ ਸਿੰਘ ਦੇ ਦਿਲ 'ਚ ਖੁਭੀ ਹੋਈ। ਛੱਡ ਕੇ ਆਉਣ ਦਾ ਮਨ ਨਹੀਂ। ਕੀ ਕਰਦਾ? ਭੈਅ-ਭੀਤ ਮਾਹੌਲ 'ਚ ਦੌੜਿਆ। ਘੋੜੇ ਦੀ ਟੱਪ ਟੱਪ ਸੁਣਾਈ ਦਿੰਦੀ।

'ਬਾਬਾ ਜੀ...ਮੂੰਹ ਲਮਕਾਇਐ।' ਤੇਜੇ ਨੂੰ ਫਿਕਰ, ਐਂ ਤਾਂ ਫਿਕਰ ਕਰਦਾ ਰਹਿੰਦਾ, ਅੱਜ ਜ਼ਿਆਦਾ ਉਦਾਸ ਦਿਸੇ।

'ਬਹਿ ਜਾ...ਰੋਂਦੇ ਆਂ ਕਰਮਾਂ ਨੂੰ...।' ਨਸੀਬੋ ਨੇ ਦਾਰਾ ਸਿੰਘ ਤੋਂ ਪਹਿਲਾਂ ਭਿਫਣਾਂ ਉੱਤੇ ਚਾਰੇ ਉਂਗਲਾਂ ਰੱਖ ਕੇ ਵੇਖਿਆ।

'ਛੱਡੋ ਰੋਣੇ-ਧੋਣੇ, ਹੁਣ 'ਚ ਜੀਓ...ਹੁਣ 'ਚ...ਉਂਝ ਕਹਿੰਦੇ ਐ, ਜਿਸ ਲਾਹੌਰ ਨੀ ਦੇਖਿਆ,ਓਹ ਜੰਮਿਆ ਹੀ ਨੀਂ।'

ਦਾਰਾ ਸਿੰਘ ਦਾ ਝੁਰੜੀਆਂ ਚਿਹਰਾ ਮੁਸਕਰਾ ਪਿਆ। ਉਸ ਖੰਘ ਕੇ ਗਲ਼ਾ ਸਾਫ ਕਰਦਿਆਂ, 'ਹਾਂ ਠੀਕ...ਸਮਝੇ ਕਿ ਨਈਂ। ਬਾਗਾਂ ਦਾ ਕਿਆ ਕਹਿਣਾ, ਅਨਾਰਕਲੀ ਬਾਜ਼ਾਰ, ਕਿਲ੍ਹੇ, ਖੁੱਸੇ ਤਿੱਲੇ ਵਾਲੇ...ਹੁਸਨ ਆਸ਼ੀਆਂ ਦਾ...ਸ਼ੇਰਸ਼ਾਹ ਸੂਰੀ ਮਾਰਗ ਸਿੱਧਾ ਲਾਹੌਰ...।'

ਨਸੀਬੋ ਮਸਾਂ ਉਠੀ। ਹੌਲ਼ੀ ਹੌਲ਼ੀ ਅੰਦਰ ਗਈ। ਉਸ ਅੰਦਾਜ਼ਾ ਲਾ ਲਿਆ, ਗੱਲਾਂ 'ਚ ਮਸਤ ਹੋ ਜਾਣਗੇ।

ਤੇਜਾ ਨੇੜੇ ਹੁੰਦਿਆਂ, 'ਐਥੇ ਸੁੱਟ ਪਾਨ ਦੀ ਬੇਗੀ...ਬਾਤ ਪਾਓ ਪਿਆਰੇ ਬਾਬਾ ਜੀ ਈ...।'

ਦਾਰਾ ਸਿੰਘ ਮਿੰਨ੍ਹਾ ਮਿੰਨ੍ਹਾ ਹੱਸਿਆ। ਟੇਢੀ ਅੱਖ ਨਸੀਬੋ ਵੱਲ, 'ਆਸ਼ੀਆਂ ਬੀਹੀ 'ਚ ਲੰਘਦੀ। ਸਰਸਰੀ ਵੇਖਿਆ ਜਾਂਦਾ। ਚੁੱਪ ਰਿਹਾ। ਇਕ ਦਿਨ ਉਸ, ਬਰਾਬਰ ਆ ਕੇ ਬੁਰਕੇ ਦਾ ਪੱਲੂ ਚੁੱਕ ਦਿੱਤਾ। ਮੁਸਕਰਾਈ। ਹੈਰਾਨ ਪ੍ਰੇਸ਼ਾਨ ਘਬਰਾ ਗਿਆ। ਪਹਿਲੇ ਝਲਕਾਰੇ, ਸੀਨੇ 'ਚ ਉਕਰੀ ਗਈ। ਧਰਤੀ 'ਤੇ ਅੱਡੀ ਨਾ ਲੱਗੇ। ਹੁਸਨ ਦੀ ਪਰੀ,ਬੁਖਾਰ ਚੜ੍ਹਾ ਗਈ।'

'ਬਾਬਾ ਜੀ ਤੁਸੀਂ ਉਚੇ ਲੰਮੇ, ਗੋਰੇ ਨਿਛੋਹ ਜੁਆਨ, ਸ਼ੈਲ-ਸ਼ਬੀਲੇ ਗੱਭਰੂ...।'

ਨਸੀਬੋ ਹੌਲ਼ੀ ਹੌਲ਼ੀ ਕੋਲ਼ ਆ ਬੈਠੀ, 'ਕਿਆ ਲੱਡੂ ਭੁਰਦੇ ਐ...ਪੁੱਤ ਸਾਡਾ ਖਿਆਲ ਰੱਖਿਐ...ਸ਼ਾਬਾਸ਼ੇ। ਅੱਜ ਕੱਲ ਦੇ ਮੁੰਡੇ, ਬਜ਼ੁਰਗਾਂ ਦੇ ਨੇੜੇ ਨੀ ਢੁਕਦੇ।'

ਦੋਵੇਂ ਗੰਭੀਰ। ਆਪਣੀਆਂ ਗੱਲਾਂ ਛੱਡ, ਹੋਰ ਪਾਸੇ ਧਿਆਨ, 'ਲਾਹੌਰ-ਦਿੱਲੀ ਦੀਆਂ ਬਾਤਾਂ ਪਾਉਂਦੇ ਤੀ। ਕਹਿੰਦੇ ਨੇ ਜਿਨਾਹ ਤੇ ਨਹਿਰੂ ਚਾਹੁੰਦੇ ਸੀ, ਪਾਕਿਸਤਾਨ ਖੁਦ-ਮੁਖਤਾਰ ਸਟੇਟ ਬਣੇ। ਗਾਂਧੀ ਜੀ ਚਾਹੁੰਦੇ ਸਨ, ਕਾਂਗਰਸ ਅਤੇ ਮੁਸਲਿਮ ਲੀਗ, ਜਿਨਾਹ ਦੀ ਲੀਡਰਸ਼ਿਪ ਵਿਚ ਦੇਸ਼ 'ਤੇ ਹਕੂਮਤ ਕਰੇ ਤੇ ਵੰਡ ਨਾ ਹੋਵੇ। ਮਾਉਂਟਬੈਟਨ ਨੇ ਉਲਟ ਵਾਰ ਕਰਕੇ, ਅਫਸਰਸ਼ਾਹੀ ਰਾਹੀਂ ਨਹਿਰੂ ਤੇ ਪਟੇਲ ਨੂੰ ਭਰਮਾ ਕੇ, ਗਾਂਧੀ ਨੂੰ ਮਨਾ ਲਿਆ। ਬੰਗਾਲ ਅਤੇ ਪੰਜਾਬ ਵਿਚੋਂ ਪਾਕਿਸਤਾਨ ਬਣ ਗਿਆ। ਨਾ ਭੱਲਣ ਵਾਲਾ ਨੁਕਸਾਨ।

ਉਹ ਹਉਕਾ ਲੈ ਚੁੱਪ ਹੋ ਗਏ। ਤੇਜਾ ਜਾਣ ਲੱਗਾ, 'ਅੱਛਾ ਜੀ ਫੇਰ ਆਊਂਗਾ।' ਉਸ ਨੇ ਮੋਬਾਇਲ ਤੋਂ ਮੈਸਿਜ ਵੇਖਿਆ, 'ਕਿਤੇ ਕਿਤੇ ਛਿੱਟੇ, ਕਿਤੇ ਕਿਤੇ ਭਾਰੀ ਬਾਰਸ਼। ਮੌਸਮ ਵੀ ਸਹੀ ਦੱਸਣ ਲੱਗ ਪਿਆ। ਭਈਏ ਨੂੰ ਵੇਖ ਆਵਾਂ, ਕਣਕ ਨੂੰ ਪਾਣੀ ਨਾ ਲਾ ਦੇਵੇ।'

'ਚੰਗਾ ਜਾਹ...ਫੇ ਆਈਂ ਦਿਲ ਲੱਗਜੂਗਾ...ਕਿਤੇ ਗੜੇ ਨਾ ਪੈ ਜਾਣ...ਇਕ ਫਸਲ ਖਰਾਬ ਹੋਗੀ, ਸਾਰੀ ਉਮਰ ਨੀ ਉਠ ਹੁੰਦਾ...।'

'ਸੁਆਹ ਦਿਲ ਲੱਗਾ ਹੋਇਐ। ਭਰਾ ਤੇ ਭੈਣ ਸਾਂਦਲ ਬਾਰ ਤੋਂ ਮੁਰੱਬੇ ਛੱਡ ਕੇ ਆਈ ਤੀ।' ਨਸੀਬੋ ਆਪਣਾ ਦੁੱਖ ਯਾਦ ਕਰਨ ਲੱਗ ਪਈ।

ਦਾਰਾ ਸਿੰਘ ਚੀਸ ਵੱਟੀ, 'ੳ ਨੀਂ ਭੁੱਲਦਾ…।'

ਨਸੀਬੋ ਨੂੰ ਅੰਦਰ ਜਾਣ ਲਈ ਉਠੀ ਵੇਖ, 'ਮੱਖੀਆਂ ਤੋਂ ਕਣਸਾਉਂਦੀ ਐਂ ?...ਕਨੇਡਾ ਚਲੀ ਜਾਹ…ਪੜਪੋਤਿਆਂ ਨਾਲ ਪਰਚੀ ਰਹੀਂ।'

ਉਹ ਸਪਰਿੰਗ ਵਾਂਗ ਗਰਦਨ ਵਧਾਅ ਝਾਕੀ, 'ਤੂੰ ਚਲਾ ਜਾ…ਕਨੇਡਾ ਦਾ ਨਾਂ ਨਾਂਹ ਲਿਆ ਕਰ। ਤੈਨੂੰ ਕਦੀ ਫੋਨ ਆਇਐ ?'

'ਤੂੰ ਗਈ ਤੀ…ਫੇ ਨੱਠ ਕਿਉਂ ਆਈ ?'

'ਹੁਣ ਤੂੰ ਵੀ ਆਸ ਨਾ ਕਰ…ਮਰੇ ਚੂਹੇ ?'

'ਜਾ ਚਲੀ ਜਾਹ ਮਰੀਏ ਚੂਹੀਏ ?'

'ਤੂੰ ਤੇਜੇ ਦਾ ਦਿਲ ਲੁਆਈ ਜਾ…ਆ ਜਾਂਦੈ ਹੁਣੇ ।'

'ਆਪਣਾ ਦਿਲ ਲੁਆਉਣ ਆਉਂਦੈ…ਸਮਝੇ ਕਿ ਨਈਂ, ਮੁੰਡਿਆਂ ਦੀ ਥਾਂ ਖੜ੍ਹਦੈ ।'

'ਇਹਦੇ ਨਾਲ ਕਿਹੜਾ ਮੱਥਾ ਮਾਰੇ…ਲੈ ਆ ਗਿਆ। ਮੂਲ ਨਾਲ਼ੋਂ ਵਿਆਜ ਪਿਆਰਾ…ਚਾਹੇ ਗੁਆਂਢੀਆਂ ਦਾ ਹੀ ਸਹੀ, ਸਾਂਭ ਲੈਅ ।'

ਤੇਜਾ ਚੁੱਪ ਚੁਪੀਤੇ ਆ ਬੈਠਿਆ, 'ਫੇ ਬਾਬਾ ਜੀ…।'

ਦਾਰਾ ਸਿੰਘ ਕੁਝ ਪਲ ਸੋਚ ਕੇ, 'ਪੰਜਾਬ ਬੈਂਕ ਆਫ ਲਾਹੌਰ ਤੋਂ ਚਿੱਠੀ ਆ ਗਈ। ਧਰਤੀ 'ਤੇ ਪੈਰ ਨਾ ਲੱਗਣ। ਆਸ਼ੀਆਂ ਕੋਲ਼ ਜਾਣ ਲਈ ਮਨ 'ਚ ਲੱਡੂ ਭੁਰਦੇ। ਨਸੀਬੋ ਨੂੰ ਖੁਸ਼ੀ ਦਾ ਰਾਜ਼ ਨਹੀਂ ਦੱਸਿਆ। ਉਹ ਸਮਝਦੀ ਰਹੀ, ਨੌਕਰੀ ਦੇ ਚਾਅ 'ਚ ਖੁਸ਼ ਹੋਇਆ ਫਿਰਦੈ। ਜੀਅ ਕਰੇ ਕਿਹੜੀ ਘੜੀ, ਉਡ ਕੇ ਚਲਾ ਜਾਵਾਂ। ਅੱਤ ਦੀ ਗਰਮੀ, ਲੂਅ ਵਗਦੀ 'ਚ ਲਾਹੌਰ ਜਾਣ ਲਈ ਰੇਲ-ਗੱਡੀ ਚੜ੍ਹ ਗਿਆ, ਸਿੱਧਾ ਸ਼ੇਰਸ਼ਾਹ ਸੂਰੀ ਮਾਰਗ ਨੂੰ ਵੇਖਦਾ। ਜਦੋਂ ਓਹਲਾ ਹੋ ਜਾਂਦਾ ਦਿਲ ਘਾਊਂ-ਮਾਊਂ ਹੋ ਜਾਂਦਾ।'

'ਉੱਥੇ ਲੋਕਾਂ ਦੇ ਚਿਹਰੇ ਥੋੜ੍ਹੇ ਥੋੜ੍ਹੇ ਬਦਲੇ ਹੋਏ। ਇਨ੍ਹਾਂ ਨੂੰ ਕੀ ਹੋ ਗਿਆ? ਪਹਿਲਾਂ ਵਰਗੇ ਨਹੀਂ। ਕੁਝ ਸਮਝ ਨਾ ਆਈ। ਬੈਂਕ 'ਚ ਹਾਜ਼ਰੀ ਦੇਣ ਚਲਾ ਗਿਆ। ਸਾਰੇ ਹੈਰਾਨ, 'ਕਿਉਂ ਆ ਗਿਆ। ਪਾਕਿਸਤਾਨ ਬਣਨ ਦੀਆਂ ਅਫਵਾਹਾਂ ਫੈਲੀਆਂ ਹੋਈਆਂ।'

'ਨੌਕਰੀ ਛੱਡਣੀ ਨਹੀਂ ਸੀ। ਮਨ ਹੀ ਮਨ ਸੋਚਿਆ, 'ਵੇਖੀ ਜਾਊ ਜੋ ਹੋਊ। ਬਾਕੀਆਂ ਦੇ ਨਾਲ ਹੀ ਹਾਂ।'

ਦੋ ਕੁ ਸਾਲ ਪਹਿਲਾਂ ਵੀ ਉੱਥੇ ਰਹਿ ਆਇਆ ਸੀ। ਉਦੋਂ ਮੈਂ ਨਰਮ ਜਿਹਾ, ਇਸ਼ਕ 'ਚ ਪੈਰ ਧਰਿਆ ਹੀ ਸੀ। ਇਕ ਡਾਕਟਰ ਰਾਹੀਂ ਖਾਲਸਾ ਲੀਗ ਦਾ ਮਨੇਜਰ ਲੱਗ ਗਿਆ। ਫਿਰ ਰੰਗਰੂਟਿੰਗ ਦਫਤਰ ਵਿਚ ਹੌਲਦਾਰ ਕਲੱਰਕ ਭਰਤੀ ਹੋ ਗਿਆ। ਆਸ਼ੀਆਂ ਦੇ ਲਾਗੇ ਚਬੁਰਜੀ ਸ਼ਾਮ ਨਗਰ ਕਮਰਾ ਲੈ ਲਿਆ। ਉੱਥੋਂ ਪੂਣੇ ਦੀ ਬਦਲੀ ਹੋ ਗਈ। ਨੌਕਰੀ ਛੱਡ ਪਿੰਡ ਆ ਗਿਆ।

ਆਸ਼ੀਆਂ ਨਾਲ ਦੁਬਾਰਾ ਮੇਲ ਹੋਣਾ ਹੀ ਸੀ। ਉਸ ਨੇ ਖਬਰਦਾਰ ਕੀਤਾ, 'ਹਿੰਦੂ-ਸਿੱਖਾਂ ਨੂੰ ਕੱਢਣ ਦੀਆਂ ਸਕੀਮਾਂ ਬਣ ਰਹੀਆਂ ਜੇ।'

ਸੁਣ ਕੇ ਹੋਸ਼ ਉਡ ਗਏ, 'ਹੈਂ ? ਇਹ ਕੀ ਕਹਿ ਰਹੀ?'

'ਹਾਂ ਜੀ… ਸੱਚ ਹੋਵਣ ਵਾਲਾ।'

ਕੋਈ ਗੱਲ ਨਾ ਔੜੀ। ਝਕਦੇ ਝਕਦੇ, 'ਮੇਰੇ ਨਾਲ ਚੱਲੇਂਗੀ ?' ਕਹਿ ਹੋ ਗਿਆ। ਦੂਜੇ ਪਲ ਨਸੀਬੋ ਯਾਦ ਆਈ। ਡਰ ਲੱਗਿਆ। ਉਹ ਸਹਿਣ ਨਹੀਂ ਕਰੇਗੀ।

'ਨਹੀਂ ਜੀ ਦੋਵਾਂ ਨੂੰ ਮਾਰ ਮੁਕਾਵਣਗੇ।ਓਧਰ ਪੱਤ ਰੋਲ ਛੱਡਣਗੇ। ਧਿਆੜੇ ਕੋਲ਼ੋਂ ਸੰਭਾਲਿਆ ਨਹੀਓਂ ਜਾਵਣਾ।

ਕੁਝ ਸਮਝ ਨਾ ਆਵੇ ਕੀ ਕਰਾਂ। ਸਿਰ ਫੜ ਕੇ ਬੈਠ ਗਿਆ। ਉਸ ਦਿਲਾਸਾ ਦਿੱਤਾ, 'ਅਜੇ ਅਫਵਾਹਾਂ...ਜੇ ਲੋੜ ਪਈ ਕੋਠੜੀ 'ਚ ਲੁਕੋ ਛੱਡਾਂਗੀ।'

ਥੋੜ੍ਹਾ ਹੌਸਲਾ ਹੋਇਆ।ਬੈਂਕ ਜਾਣ ਲੱਗ ਪਿਆ।

ਨਸੀਬੋ ਆ ਕੇ ਕੜਕੀ, 'ਰੋਟੀ ਲਿਆਵਾਂ ਕਿ ਗੱਲਾਂ ਹੀ ਖਾਣੀਆਂ...?'

ਤੇਜਾ ਹੌਲੀ ਜਿਹੀ ਖਿਸਕ ਗਿਆ। ਉਹ ਬੇਬੇ ਦੇ ਤੇਵਰ ਜਾਣਦਾ। ਦਾਰਾ ਸਿੰਘ ਮੂੰਹ ਚੁੱਕਿਆ, 'ਤੂੰ ਚੰਗੀ ਰਹੀ, ਸਮਝੇ ਕਿ ਨਈਂ, ਭੈਣ ਨਾਲ ਨਿਕਲ ਆਈ।'

ਉਹ ਉਦਾਸ ਹੋ ਗਈ। ਚਿਹਰਾ ਬਦਲ ਗਿਆ। ਰੋਟੀ ਲੈਣ ਮੁੜੀ, ਚੇਤਿਆਂ ਦੇ ਵਹਿਣ 'ਚ ਵਹਿ ਗਈ, 'ਭਰਾਵਾਂ ਅਤੇ ਜੀਜੇ ਨੇ ਰਲ਼ ਕੇ ਸਾਂਦਲ ਬਾਰ ਆਬਾਦ ਕਰਨ ਲਈ ਮੁਰੱਬੇ ਲਏ। ਥੋੜ੍ਹਾ ਚਿਰ ਬਾਅਦ ਜੀਜੇ ਅਤੇ ਉਸ ਦੇ ਪੁੱਤ ਦੀ ਮੌਤ ਹੋ ਗਈ। ਭੈਣ ਮੈਨੂੰ ਆਪਣੇ ਕੋਲ਼ ਨਾਗਰਾ ਚੱਕ-352 ਟੋਭਾ ਟੇਕ ਸਿੰਘ ਲੈ ਗਈ। ਉਨ੍ਹਾਂ ਨੂੰ ਭਿਣਕ ਪਈ। ਰਾਵਲਪਿੰਡੀ ਅਫਵਾਹਾਂ। ਪਾਕਿਸਤਾਨ ਬਣਨ ਤੋਂ ਰੋਕਣ ਲਈ, ਇਕ ਲੀਡਰ ਨੇ ਲਾਹੌਰ ਅਸੰਬਲੀ ਦਾ ਝੰਡਾ ਪਾੜ ਦਿੱਤਾ। ਨਫਰਤ ਫੈਲ ਗਈ।'

'ਨਸੀਬ ਕੁਰੇ ਰੋਟੀ...?' ਰੋਟੀ ਖਾਣੀ ਯਾਦ ਨਈਂ।

'ਹੈਂ? ਕੀ...ਭਰਾ-ਭੈਣ...ਲਿਆਨੀਆਂ ਜੀ। ਸਾਂਦਲ ਬਾਰ ਚੇਤੇ ਆ ਗਿਆ।' ਉਸ ਰੋਟੀ ਲਿਆ ਦਿੱਤੀ।

ਕੁਝ ਚਿਰ ਬਾਅਦ ਤੇਜਾ ਪੈਰ ਮਲ਼ਦਾ ਆ ਬੈਠਿਆ।

'ਵੇ ਗੱਡ ਹੋਣਿਆਂ, ਕਿਧਰ ਖਿਸਕ ਗਿਆ ਤੀ। ਮੈਂ ਡਾਂਗ ਮਾਰੀ ਤੀ। ਤੇਰੇ ਬਾਬੇ ਨੂੰ ਰੋਟੀ ਪੁੱਛੀ ਤੀ।'

'ਕੁਸ ਨੀ ਕੁਸ ਨੀ ਬੇਬੇ ਜੀ।'

ਨਸੀਬੋ ਹੌਲ਼ੀ ਹੌਲ਼ੀ ਚਾਹ ਬਣਾਉਣ ਤੁਰ ਪਈ। ਤੇਜੇ ਨੇ ਮੂਡ ਠੀਕ ਵੇਖ, 'ਬੇਬੇ ਚਾਹ ਪੀਊਂਗਾ।'

'ਵੇ ਗੱਡ ਹੋਣਿਆਂ ਚਾਹ ਈ ਬਣਾਉਣ ਚੱਲੀ ਆਂ।'

ਉਹ ਹੱਸ ਕੇ ਦਾਰਾ ਸਿੰਘ ਕੋਲ਼ ਬੈਠ ਗਿਆ, 'ਤੁਸੀਂ ਆਸ਼ੀਆਂ ਦੀ ਗੱਲ ਕਰਦੇ ਪਏ...।'

ਦਾਰਾ ਸਿੰਘ ਨੇ ਉਸ ਦੀ ਗੱਲ ਪੂਰੀ ਨਹੀਂ ਹੋਣ ਦਿੱਤੀ। ਲੜੀ ਜੁੜ ਗਈ, 'ਚਿਹਰਾ ਨਾਲ ਨਾਲ ਰਹਿੰਦਾ। ਕਿਆ ਦੀਦਾਰ-ਏ-ਹੁਸਨ। ਉਹ ਮੁਸਕਰਾਹਟ ਵਖੇਰ ਨਿਕਲ ਜਾਂਦੀ। ਸੀਨੇ 'ਚ ਖਿੱਚ ਪੈਂਦੀ। ਅਜੇ ਵੀ ਉੱਥੇ ਹੀ ਤੁਰਿਆ ਫਿਰਦਾਂ। ਮਨ 'ਚੋਂ ਨਿਕਲਦੀ ਨੀਂ। ਕਹਿੰਦੇ ਐ, 'ਲਾਹੌਰ ਸ਼ਹਿਰ, ਸਵਾ ਪਹਿਰ, ਜ਼ਹਿਰ ਕਹਿਰ।'

ਤੇਜੇ ਨੇ ਬੇਬੇ ਨੂੰ ਚਾਹ ਲਈ ਆਉਂਦੀ ਵੇਖ, 'ਵਾਹ ਬੇਬੇ ਜੀ ਛੇਤੀ ਬਣਾ ਲਿਆਏ।'

'ਗੱਡ ਹੋਣਿਆਂ ਗੋਡਿਆਂ ਤੋਂ ਤੁਰ ਨੀ ਹੁੰਦਾ।ਚਾਹ ਚਾਹ ਕਰੀ ਜਾਨੈਂ, ਕੀ ਗੱਲ ਵੇ।''

'ਕੁਸ ਨੀ ਬੇਬੇ ਜੀ, ਬਾਬੇ ਤੋਂ ਲਾਹੌਰ ਦੀਆਂ ਗੱਲਾਂ ਪੁੱਛਦਾਂ। ਉੱਥੇ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੀ ਰਾਜਧਾਨੀ, ਜਿਸ ਨੇ ਆਪਣੇ ਜੀਂਦੇ ਜੀਅ ਅੰਗਰੇਜ਼ਾਂ ਨੂੰ ਸਤਲੁਜ ਨੀਂ ਟੱਪਣ ਦਿੱਤਾ। ਕਾਬਲ-ਤਿੱਬਤ ਤਕ ਰਾਜ ਕਰ ਗਿਆ। ਹੁਣ ਕਿੱਥੇ ਐ ਪੰਜਾਬ? ਦਿਸਦੈ ਕਿਤੇ? ਓਥੇ ਵਾਰਿਸ, ਬੁੱਲ੍ਹੇ ਸ਼ਾਹ ਦੀਆਂ ਮਜ਼ਾਰਾਂ 'ਤੇ ਜੁੱਤੀ ਲਾਹ ਕੇ ਲੋਕਾਈ ਮੱਥੇ ਟੇਕਦੀ ਏ।

'ਹਾਂ ਪੁੱਤ ਮੇਰਾ ਸਾਂਦਲ ਬਾਰ 'ਚ ਜੀਅ ਲੱਗਦਾ। ਦੁੱਲੇ ਭੱਟੀ ਨੂੰ ਲੋਹੜੀ ਦੇ ਗੀਤਾਂ ਨਾਲ ਯਾਦ ਕਰਦੇ।'

ਦਾਰਾ ਸਿੰਘ ਕਾਹਲਾ, 'ਦੱਸਦਾਂ ਲਾਹੌਰ ਦਾ ਹਾਲ। ਸਿਲ੍ਹੇ ਮੌਸਮ ਦੇ ਦਿਨਾਂ 'ਚ ਸਵੇਰੇ ਉਠਿਆ। ਸ਼ਹਿਰ ਦੇ ਦੂਜੇ ਪਾਸੇ ਰੌਲ਼ਾ ਪੈ ਗਿਆ। ਪਾਕਿਸਤਾਨ ਬਣ ਜਾਣਾ। ਹਿੰਦੂ-ਸਿੱਖਾਂ ਦਾ ਭਾਰਤ।ਇਹ ਕੀ ਹੋ ਗਿਅ?

'ਬਾਬਾ ਜੀ ਬਚ ਕੇ ਕਿਵੇਂ ਆਏ ?'

ਦਾਰਾ ਸਿੰਘ ਦੇ ਅੰਦਰ ਸਾਰੀ ਤਸਵੀਰ ਫੈਲ ਗਈ, ਜਿਹੜੀ ਉਸ ਸਵੇਰ, ਉਹ ਫਟਾ ਫਟ ਤਿਆਰ ਹੋ ਕੇ ਬੈਂਕ ਚਲਾ ਗਿਆ। ਉੱਥੇ ਇਕ ਦੋ ਮੁਲਾਜ਼ਮ ਆਏ ਹੋਏ। ਉਨ੍ਹਾਂ ਡਰਾਇਆ, 'ਏਥੇ ਕਿਉਂ ਆ ਗਿਆ? ਦੌੜ ਜਾ, ਜੇ ਬਚਣੈ। ਅੰਬਰਸਰ ਟੱਪ ਜਾ।'

'ਸਹਿਮ ਗਿਆ। ਸੋਚੀਂ ਪਿਆ, ਕਮਰੇ ਵੱਲ ਦੌੜਿਆ। ਅੱਖਾਂ ਅੱਗੇ ਹਨੇਰਾ ਛਾ ਗਿਆ। ਬਚਾਂਗਾ ਜਾਂ ਨਹੀਂ। ਲੋਕਾਂ ਨੂੰ ਕੀ ਹੋ ਗਿਆ? ਦੁਸ਼ਮਣ ਬਣ ਗਏ। ਭਜਾਅ ਕਿਉਂ ਰਹੇ? ਅੰਗਰੇਜ਼ਾਂ ਨੇ ਪੁਆੜਾ ਪਾਇਆ। ਇਕ ਵਾਰ ਟੱਬਰ 'ਚ ਪਹੁੰਚ ਜਾਵਾਂ? ਮਿਲਣ ਵਾਲੇ ਇਹੋ ਕਹਿਣ, 'ਦੌੜ ਜਾ, ਮਾਰਿਆ ਜਾਏਂਗਾ। ਆਵਣ ਵਾਲੇ ਜੇ।'

ਸਾਹ ਚੜ੍ਹੇ ਹੋਏ, ਕਮਰੇ ਵਿਚ ਪਹੁੰਚਿਆ। ਫਟਾ ਫਟ ਕਪੜਿਆਂ ਦਾ ਝੋਲ਼ਾ ਤਿਆਰ ਕਰ ਲਿਆ। ਨਿਕਲਣ ਲੱਗਾ। ਆਸ਼ੀਆਂ ਸਾਹੋ ਸਾਹ ਹੋਈ ਆ ਪਹੁੰਚੀ। ਉਡੀਕ ਸੀ। ਜੱਫੀ 'ਚ ਕਸੇ ਗਏ। ਇਕ ਦੂਜੇ ਨੂੰ ਕੀ ਕਹਿੰਦੇ? ਅੱਖਾਂ 'ਚੋਂ ਨੀਰ ਵਹਿ ਤੁਰਿਆ। ਬੋਲ ਨਾ ਨਿਕਲ ਸਕੇ। ਜ਼ੁਬਾਨ ਤਾਲੂਏ ਨਾਲ ਜਾ ਲੱਗੀ। ਕੁਝ ਚਿਰ ਪਿੱਛੋਂ ਆਸ਼ੀਆਂ ਨੇ ਹਿੰਮਤ ਕੀਤੀ, 'ਨਿਕਲ ਜਾਓ...ਮਾਹੌਲ ਠੀਕ ਹੋਵਣਗੇ...ਫੇਰ ਆਵਣਾ।'

'ਹਾਂ ਮੈਂ ਆਵਾਂਗਾ...ਜ਼ਰੂਰ ਆਵਾਂਗਾ...ਆਪਣਾ ਖਿਆਲ ਰੱਖੀਂ।' ਹੰਝੂਆਂ ਦੀ ਝੜੀ, ਧਰਤੀ ਸਿੰਜੀ ਗਈ। ਚੁੱਪ ਚਾਪ ਸਿਸਕੀਆਂ ਭਰਦਾ, ਝੋਲ਼ਾ ਫੜ ਤੁਰ ਪਿਆ। ਆਸ਼ੀਆਂ ਹਉਕੇ ਭਰਦੀ ਵੇਖਦੀ ਰਹਿ ਗਈ। ਮਨ ਨਹੀਂ ਟਿਕਿਆ।

ਜਿਹੜਾ ਵੀ ਬੰਦਾ ਮਿਲਿਆ,ਹੈਰਾਨੀ ਨਾਲ ਵੇਖ ਕੇ, 'ਦੌੜ ਜਾ ਦੌੜ ਜਾਹ। ਜਾਨਣੇ ਆਂ ਬੈਂਕ ਵਾਲਾ ਕਲੱਰਕ।'

'ਬਾਬਾ ਜੀ ਮਨ 'ਚ ਦਹਿਸ਼ਤ, ਦਿਮਾਗ਼ ਘਬਰਾਇਆ ਹੋਇਆ। ਰਹਿਮ ਕੀਤਾ। ਭੱਜ ਜਾ ਭੱਜ ਜਾ ਕਹਿ ਤਾ। ਚੁਰਾਸੀ ਵੇਲ਼ੇ ਆਪਣਿਆਂ ਭੱਜਣ ਨੀ ਦਿੱਤਾ। ਭੁੱਲਗੇ ਗੁਰੂਆਂ ਦੀ ਕਰਬਾਨੀ...।'

'ਪੁੱਤ ਉਦੋਂ ਵੀ ਆਮ ਬੰਦਿਆਂ ਦੀ ਹੀ ਵੱਢ-ਟੁਕ ਹੋਈ।'

'ਬਾਬਾ ਜੀ ਖ਼ੂਨ ਉਬਾਲੇ ਖਾਂਦੈ। ਕਿੱਥੇ ਲਿਖਿਐ, ਧਰਮਾਂ-ਜਾਤਾਂ ਦੀ ਆੜ 'ਚ ਬੰਦੇ ਮਾਰੀ ਜਾਓ। ਚਾਚੇ ਦੱਸਿਆ, ਉਹ ਚੁਰਾਸੀ ਵੇਲ਼ੇ ਦਿੱਲੀ ਤੋਂ ਕਿਵੇਂ ਬਚ ਕੇ ਆਏ...ਛੱਡੋ, ਤੁਸੀਂ ਸਟੇਸ਼ਨ 'ਤੇ ਕਿਵੇਂ ਪਹੁੰਚੇ?'

'ਅਸੀਂ ਪਹਿਲਾਂ ਨਿਕਲ ਆਏ। ਪਿੱਛੋਂ ਲੱਖਾਂ 'ਚ ਦੋਵੇਂ ਪਾਸੇ ਬੇਕਸੂਰਾਂ ਦਾ ਕਤਲ ਹੋਇਆ... ਘਬਰਾਇਆ ਤੇ ਡਰਿਆ, ਸੜਕ 'ਤੇ ਟਾਂਗੇ ਦੀ ਉਡੀਕ। ਨਸੀਬੋ ਦਾ ਫਿਕਰ, ਕੀ ਬਣੇਗਾ।ਰੋ ਰੋ ਮਰ ਜਾਊ। ਬੱਚੇ ਨੂੰ ਕੌਣ ਸਾਂਭੂ? ਰੁਲ ਜਾਣਗੇ। ਭੈਣ-ਭਾਈ ਕਿੰਨਾ ਕੁ ਚਿਰ ਸਾਥ ਦੇਣਗੇ। ਕਦੇ ਸੋਚਿਆ ਹੀ ਨਹੀਂ ਸੀ, ਇਕ ਮੁਲਕ ਦੇ ਦੋ ਹੋ ਜਾਣਗੇ। ਆਸ਼ੀਆਂ ਰੋ ਰੋ ਯਾਦ ਕਰੂ।'

ਕੁਝ ਸਮਝ ਨਹੀਂ ਆ ਰਿਹਾ।ਅਣਹੋਣੀ 'ਚ ਘਿਰ ਗਿਆ।ਕੀ ਕਰਾਂ? ਸ਼ਹਿਰ ਦੇ ਪਰਲੇ ਪਾਸੇ ਡਰਾਉਣੀਆਂ ਖਬਰਾਂ,ਹੋਰ ਡਰਾ ਰਹੀਆਂ। ਟਾਂਗਾ ਕੋਈ ਨੀ ਆ ਰਿਹਾ। ਸ਼ਹਿਰ ਬੰਦ ਹੋ ਰਿਹਾ।ਇਕ ਬੰਦਾ, ਸਾਇਕਲ ਫੜ ਕੇ ਤੁਰਿਆ ਆ ਰਿਹਾ।ਪੁੱਛਣ ਦਾ ਹੌਸਲਾ ਨਹੀਂ ਪਿਆ। ਉਸ ਨੇ ਇਸ਼ਾਰੇ ਨਾਲ ਆਪੇ ਸਮਝਾ ਦਿੱਤਾ, ਸੜਕ 'ਤੇ ਨਾ ਖੜ੍ਹੋ।ਗੇਟ ਪਿੱਛੇ ਚਲਾ ਜਾਹ।'

ਟਾਂਗਾ ਚਿਰ ਬਾਅਦ ਆਇਆ। ਦੋ ਸਵਾਰੀਆਂ ਬੈਠੀਆਂ ਹੋਈਆਂ। ਵੇਖ ਕੇ ਹੌਸਲਾ ਹੋਇਆ। ਟਾਂਗੇ ਵਾਲੇ ਨੂੰ ਤਾੜਨਾ, ਕਸਮ ਖਾਹ,ਕਿਤੇ ਰੁਕੇਂਗਾ ਨਹੀਂ।

ਮਿਲਣ ਵਾਲਿਆਂ ਨੇ ਡਰਾਇਆ ਹੋਇਆ, 'ਦੌੜ ਜਾ ਦੌੜ ਜਾਹ' ਕੰਨਾਂ 'ਚ ਗੂੰਜਦਾ। ਫਿਰ ਪੁੱਛਿਆ, 'ਕਸਮ ਖਾਹ, ਕਿਲ੍ਹਾ ਗੁਜ਼ਰ ਖਾਂ ਚੌਂਕ 'ਚ ਖੜ੍ਹਾ ਨਹੀਂ ਕਰੇਂਗਾ।'

ਟਾਂਗੇ ਵਾਲਾ ਘਬਰਾਹਟ ਸਮਝ ਗਿਆ, 'ਆਪਣੀ ਤੇ ਘੋੜੇ ਦੀ ਕਸਮ, ਨਹੀਂ ਰੋਕਾਂਗਾ।

'ਘੋੜਾ ਤੇਜ਼ ਦੌੜਾਅ...।' ਤਿੰਨੋ ਜਣੇ ਸਹਿਮੇ ਹੋਏ। ਆਪਣੇ ਆਪਣੇ ਖਿਆਲਾਂ 'ਚ ਗੁਆਚ ਗਏ।'

'ਬਾਬਾ ਜੀ ਕਿਸੇ ਰੋਕਿਆ ਨਹੀਂ।'

ਉਸ ਚੌਂਕ ਤੋਂ ਟਾਂਗਾ ਲੰਘ ਗਿਆ। ਕੋਈ ਕੋਈ ਟਾਂਗਾ ਤੇਜ਼ੀ ਨਾਲ ਆ ਜਾ ਰਿਹਾ। ਦੋ ਤਿੰਨ ਸਵਾਰੀਆਂ ਤੋਂ ਵੱਧ ਨਹੀਂ। ਸਮਾਂ ਰੁਕਿਆ ਮਹਿਸੂਸ ਹੋਇਆ। ਦਿਲ ਧੜਕਣ ਤੋਂ ਬੰਦ ਜਾਪਿਆ। ਦਿਮਾਗ਼ ਸੁੰਨ। ਕੁਝ ਵੀ ਚੰਗਾ ਨਹੀਂ ਲੱਗ ਰਿਹਾ। ਮੱਥੇ ਉੱਤੇ ਤਰੇਲ਼ੀਆਂ। ਨਾਲ ਬੈਠੀਆਂ ਸਵਾਰੀਆਂ ਵੀ ਇਹੋ ਮਹਿਸੂਸ ਕਰਦੀਆਂ। ਆਪਸ ਵਿਚ ਗੱਲ ਬਾਤ ਕਰਨ ਦਾ ਹੌਸਲਾ ਨਹੀਂ ਪੈ ਰਿਹਾ। ਟੇਢੀ ਅੱਖ ਨਾਲ ਮੁਸਲਮਾਨ ਲੱਗਦੇ ਵੱਲ ਵੇਖਦੇ। ਉਸ ਦਾ ਦਿਲ ਕਿਸੇ ਵੇਲ਼ੇ ਵੀ ਬੇਈਮਾਨ ਹੋ ਸਕਦਾ। ਬਗਲ ਵਿਚੋਂ ਕੱਢ ਕੇ ਮਾਰ ਦੇਵੇ। ਉਸ ਦੇ ਚਿਹਰੇ ਨੂੰ ਧਿਆਨ ਨਾਲ ਜਾਚਿਆ। ਉਹ ਵੀ ਡਰਿਆ ਤੇ ਸਹਿਮਿਆ ਹੋਇਆ।'

ਕਮਾਲ ਖਾਨ ਦੀ ਆਵਾਜ਼ ਨੇ ਚੁਕੰਨੇ ਕਰ ਦਿੱਤਾ, 'ਹਟ ਪਿੱਛੇ, ਟਾਂਗਾ ਯਾਰਾਂ ਦਾ।'

ਸਾਹਮਣੇ ਕੋਈ ਨਹੀਂ। ਸੱਜੇ ਪਾਸੇ ਗਲ਼ੀ ਵਿਚੋਂ ਇਕ ਜਣਾ ਕੁੜੀ ਨਾਲ ਨਿਕਲਿਆ। ਉਹ ਟਾਂਗੇ ਨੂੰ ਹੱਥ ਦੇ ਰਹੇ, 'ਮੀਆਂ ਲੈ ਚੱਲ।'

ਕਮਾਲ ਖਾਨ ਨੇ ਘੋੜਾ ਹੌਲ਼ੀ ਕੀਤਾ। ਸਵਾਰੀਆਂ ਡਰ ਗਈਆਂ, 'ਖਾਨ ਤੇਰੀ ਕਸਮ?'

ਉਸ ਨੇ ਪਿੱਛੇ ਵੇਖਿਆ, 'ਸਰਦਾਰਾ ਧੀ ਦੀ ਪੁਕਾਰ...।'

ਸਾਰੇ ਚੁੱਪ। ਪਿਓ ਕੁੜੀ ਦੀ ਬਾਂਹ ਫੜ ਕੇ ਟਾਂਗੇ ਕੋਲ਼ ਆਇਆ। ਇਕ ਦਮ ਗਲ਼ੀ ਦੇ ਮੋੜ ਤੋਂ ਬੰਦੇ ਆ ਨਿਕਲੇ। ਉਹ ਆਵਾਜਾਂ ਦੇ ਰਹੇ, 'ਜਾਵੇ ਨਾ, ਜਾਵੇ ਨਾ, ਫੜ ਲਓ...।'

ਉਸ ਬੰਦੇ ਤੋਂ ਘਬਰਾਹਟ 'ਚ ਟਾਂਗੇ ਉੱਤੇ ਚੜ੍ਹਿਆ ਨਾ ਗਿਆ। ਦਾਰਾ ਸਿੰਘ ਨੇ ਕੁੜੀ ਦੀ ਬਾਂਹ ਫੜ ਕੇ ਖਿੱਚ ਲਿਆ। ਉਸ ਦੇ ਮਗਰ ਪਿਓ ਚੜ੍ਹ ਗਿਆ।

'ਕਮਾਲ ਖਾਨ ਭਜਾਅ ਲੈ। ਹੁਣ ਕਸਮ ਨਾ ਤੋੜੀਂ...' ਕਹਿ ਹੋ ਗਿਆ। ਕਮਾਲ ਖਾਨ ਨੇ ਘੋੜਾ ਦੌੜਾਅ ਦਿੱਤਾ।

'ਬਾਬਾ ਜੀ ਤੁਸੀਂ ਰਹਿਮ ਕੀਤਾ। ਲਲਕਾਰਾ ਮਾਰ ਕੇ ਬਿਠਾ ਲਿਆ ਧੀ ਧਿਆਣੀ ਨੂੰ...।'

'ਪੁੱਤਰਾ ਪਛਤਾਵਾ ਰਹਿਣਾ ਤੀ। ਉਂਝ ਅਜਿਹੇ ਵੇਲ਼ੇ ਬੰਦਾ ਆਪਣੀ ਜਾਨ ਦਾ ਬਚਾਅ ਕਰਦੈ। ਕਿਸੇ ਦਾ ਕੋਈ ਕੁਝ ਨੀਂ ਲੱਗਦਾ ਹੁੰਦਾ।'

'ਵਾਹ ਬਾਬਾ ਜੀ, ਹੁਣ 'ਚ ਤੇ ਬੀਤੇ 'ਚ ਇਹੋ ਕੁਝ ਹੁੰਦਾ ਆਇਆ...ਅੱਗੇ ਕੀ ਬਣਿਆਂ।'

ਕੁਝ ਪਲ ਸੋਚ ਕੇ, 'ਆਸ਼ੀਆਂ ਏਧਰ ਆ ਜਾਂਦੀ...ਤੜਫਣਾ ਨਾ ਰਹਿੰਦੀ।'

'ਬੇਬੇ ਨੇ ਨੀਂ ਤੀ ਰਹਿਣ ਦੇਣਾ। ਥੋਨੂੰ ਘਰੋਂ ਕੱਢ ਦਿੰਦੀ...ਹਾ ਹਾ ਹਾ...।'

'ਵੇਖੀ ਜਾਂਦੀ ਜੋ ਹੁੰਦਾ। ਉਸ ਨੇ ਪਿਆਰ ਹੀ ਏਨਾ ਪਾ ਲਿਆ। ਦਿਲੋਂ ਵੱਖ ਨੀਂ ਹੋ ਰਹੀ।'

'ਬਾਬਾ ਜੀ ਬਚਗੇ. ਬਚਗੇ ਕਲੇਸ਼ ਤੋਂ...।'

ਦਾਰਾ ਸਿੰਘ ਹੱਸ ਪਿਆ, 'ਕਮਾਲ ਖਾਨ ਟਾਂਗੇ ਉੱਤੇ ਖੜ੍ਹਾ ਹੋ ਗਿਆ। ਉਹ ਛਾਂਟਾ ਲਹਿਰਾ ਰਿਹਾ, 'ਹੈ ਕੋਈ...ਮਿਰਜ਼ਾ ਜਾਂਦਾ ਤੈਰਦਾ...।'

'ਉਦੋਂ ਭਾਦੋਂ ਚੜ੍ਹਨ 'ਚ ਅਜੇ ਚਾਰ ਪੰਜ ਦਿਨ ਰਹਿੰਦੇ ਸੀ। ਭਾਦੋਂ ਵਰਗੀ ਗਰਮੀ। ਥੋੜ੍ਹੀ ਥੋੜ੍ਹੀ ਹਵਾ ਰੁਮਕਦੀ। ਤਿੱਖੀ ਧੁੱਪ ਚੰਗਿਆੜੇ ਕੱਢਦੀ।'

'ਸੋਚਦਾ ਪਤਾ ਨਹੀਂ ਬਚ ਕੇ ਜਾ ਹੋਵੇਗਾ ਕਿ ਨਹੀਂ। ਕੰਬ ਗਿਆ। ਟਾਂਗੇ ਦੇ ਹਿਚਕੋਲਿਆਂ ਨਾਲ ਸਰੀਰ ਆਪਸ ਵਿਚ ਖਹਿ ਜਾਂਦੇ। ਕੰਬਣੀ ਵੱਖਰੀ ਤਰ੍ਹਾਂ ਦੀ ਹੋਣ ਕਰਕੇ ਮੁਸਲਮਾਨ ਭਾਈ ਨੂੰ ਮਹਿਸੂਸ ਹੋ ਗਈ। ਉਸ ਨੇ ਮੋਢੇ ਉੱਤੇ ਹੱਥ ਰੱਖਿਆ, 'ਭਾਅ ਜੀ ਚਿੰਤਾ ਨਾ ਕਰੋ, ਟੇਸ਼ਨ ਆਵਣ ਵਾਲਾ, ਮੈਂ ਮਲੇਰਕੋਟਲੇ ਜਾਣੈ?'

'ਹੈਰਾਨੀ ਨਾਲ ਉਸ ਵੱਲ ਵੇਖਣ ਲੱਗ ਪਿਆ। ਉਹ ਹੁਣ ਤਕ ਚੁੱਪ ਕਿਉਂ ਰਿਹਾ? ਨਾਲ ਜਾਣ ਵਾਲਾ ਸਾਥ ਬਣ ਗਿਆ।'

ਮੁਸਲਮਾਨ ਭਾਈ, ਫਿਕਰ 'ਚ, 'ਭਾਅ ਜੀ ਤੁਸੀਂ ਫਿਕਰ ਕਿਉਂ ਕਰਦੇ ਪਏ ਹੋ। ਫਿਕਰ ਮੈਨੂੰ ਵੱਢ ਵੱਢ ਖਾ ਰਿਹੈ ਜਿਸ ਨੇ ਵਾਹਗੇ ਪਾਰ ਜਾਣੈ।' ਉਸ ਅੱਖਾਂ ਭਰ ਲਈਆਂ।

'ਭਰਾਵਾ ਓਧਰ ਕਿਉਂ ਜਾ ਰਿਹੈਂ?'

'ਏਧਰ ਭੈਣ ਨੂੰ ਮਿਲਣ ਆ ਗਿਆ। ਉਹ ਆਉਣ ਨਹੀਂ ਸੀ ਦਿੰਦੇ। ਮੈਂ ਆ ਗਿਆ। ਮੇਰੇ ਬੱਚੇ, ਬੀਵੀ...ਸਾਰਾ ਕੁਝ ਕੋਟਲੇ...।'

ਤੇਜਾ ਹੈਰਾਨ, 'ਵਾਹ ਕੁਦਰਤ...ਭੈਣ ਭਾਈ ਅੱਡੋ ਅੱਡ ਮੁਲਕਾਂ 'ਚ।'

ਦਾਰਾ ਸਿੰਘ ਉਸ ਮੁਸਲਮਾਨ ਦੇ ਬੋਲ ਦੱਸ ਰਿਹਾ, 'ਵੀਰ ਜੀ, ਕੀ ਕਰੀਏ ਸਰਕਾਰਾਂ ਦੀ ਮਰਜੀ। ਸੁੱਤੇ ਪਿਆਂ ਬਿਜ ਆ ਪਈ। ਪਰਲੋ ਆਉਣ ਵਾਲੀ।'

ਦੂਜਾ ਸਰਦਾਰ ਚੁੱਪ ਨਾ ਰਹਿ ਸਕਿਆ, 'ਭਾਊ ਜੀ ਮੇਰਾ ਵਸ ਚਲੇ, ਅਜਿਹਾ ਕੁਝ ਨਾ ਹੋਣ ਦਿਆਂ। ਮੁੱਦਤਾਂ ਤੋਂ ਰਹਿਨੇ ਪਏ ਸਾਂ।' ਅੱਗੋ ਉਸ ਤੋਂ ਬੋਲ ਨਾ ਹੋਇਆ।

ਕਮਾਲ ਖਾਨ ਨੇ ਪਿੱਛੇ ਮੁੜ ਕੇ ਵੇਖਿਆ, 'ਸਟੇਸ਼ਨ ਆਵਣ ਵਾਲਾ ਈ...ਹੌਸਲਾ ਰੱਖੋ।'

ਟਾਂਗਾ ਸਟੇਸ਼ਨ ਦੇ ਸਾਹਮਣੇ ਜਾ ਰੁਕਿਆ। ਕਮਾਲ ਖਾਨ ਨੇ ਟਾਂਗੇ ਤੋਂ ਉਤਰ ਕੇ ਘੋੜੇ ਨੂੰ ਥਾਪੀ ਦਿੱਤੀ। ਉਸ ਦੇ ਸਿਰ 'ਤੇ ਹੱਥ ਫੇਰ ਕੇ ਕੰਨ ਕੋਲ਼ ਕਿਹਾ, 'ਵਾਹ ਸ਼ੇਰਾ ਕਸਮ ਦੀ ਲਾਜ ਰੱਖ ਛੱਡੀ।' ਉਸ ਨੇ ਪਿੱਠ 'ਤੇ ਹੱਥ ਫੇਰਿਆ। ਘੋੜੇ ਦੀਆਂ ਨਾਸਾਂ ਵਿਚੋਂ ਤੇਜ਼ ਸਾਹ ਆਉਣ ਨਾਲ ਝੱਗ ਦੀਆਂ ਬੁਲਬੁਲੀਆਂ ਨਿਕਲਦੀਆਂ। ਉਹ ਵਾਰੀ ਵਾਰੀ ਪੈਰ ਚੁੱਕ ਕੇ ਉੱਥੇ ਹੀ ਰੱਖ ਲੈਂਦਾ।'

ਕਮਾਲ ਖਾਨ ਨੂੰ ਪੈਸੇ ਦੇਣ ਲੱਗੇ। ਉਸ ਨੇ ਕੋਰੀ ਨਾਂਹ ਕਰ ਦਿੱਤੀ, 'ਸਰਦਾਰੋ ਕਸਮ ਦੀ ਲਾਜ ਰਹਿ ਗਈ ਜੇ। ਮੇਰੇ ਇਹੋ ਪੈਹੇ। ਤੁਸਾਂ ਛੇਤੀ ਗੱਡੀ ਚੜ੍ਹੋ।ਕੇ ਪਤੈ? ਏਧਰ ਭੀ ਆਵਣ ।'

ਉਸ ਨੂੰ ਪੈਸੇ ਦੇਣ ਦੀ ਬਹੁਤ ਕੋਸ਼ਿਸ਼ ਕੀਤੀ। ਉਹ ਅੜਿਆ ਰਿਹਾ, 'ਮਾਫ ਕਰਿਓ ਭਾਈਓ, ਮੇਰੇ ਵਸ ਹੈ ਨੀਂ। ਮੇਰੇ ਵਸ ਹੁੰਦਾ, ਕਦੀ ਨਾ ਜਾਣ ਦਿੰਦਾ।' ਉਸ ਦੇ ਹੰਝੂ ਨਿਕਲ ਆਏ। ਉਸ ਨੇ ਦੋਵੇਂ ਹੱਥ ਉਪਰ ਚੁੱਕ ਕੇ ਅੱਲਾ ਤਾਲਾ ਦਾ ਸ਼ੁਕਰ ਕੀਤਾ। ਉਸ ਨੂੰ ਆਪਣੇ ਦਿਲ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ ਜਾਪਿਆ। ਉਹ ਖਾਲੀ ਖਾਲੀ ਮਹਿਸੂਸ ਕਰਦਾ ਪਛਤਾ ਰਿਹਾ। ਵਿਛੜ ਕਿਉਂ ਚਲੇ। ਉਹ ਹੌਲ਼ਾ ਫੁੱਲ ਹੋਇਆ ਵੀ ਲੁੱਟਿਆ ਗਿਆ ਜਾਪਦਾ। ਉਸ ਨੇ ਭਾਰੇ ਕਦਮਾਂ ਨਾਲ ਘੋੜੇ ਦੀ ਬੂਥੀ ਦੁਆਲ਼ੇ ਬਾਂਹ ਵਲ ਲਈ। ਘੋੜੇ ਨੇ ਜਿਵੇਂ ਹੈਰਾਨੀ ਨਾਲ ਉਸ ਦੀਆਂ ਅੱਖਾਂ ਵੱਲ ਵੇਖਿਆ। ਮੂੰਹ ਨੀਵਾਂ ਕਰਕੇ ਖੜ੍ਹ ਗਿਆ। ਉਸ ਨੇ ਘੋੜੇ ਨੂੰ ਥਾਪੀ ਦਿੱਤੀ, 'ਚੱਲ ਉਇ ਸੂਰਮਿਆਂ! ਕਸਮ ਪੁਗਾਅ ਛੱਡੀ। ਹੋਰ ਕੋਈ ਭਰਾ ਉਡੀਕਦਾ ਹੋਏਗਾ।'

ਸਾਰਿਆਂ ਦੇ ਹੰਝੂ ਕਿਰਦੇ ਰਹੇ। ਕਮਾਲ ਖਾਨ ਤੋਂ ਅਲੱਗ ਹੋਣ ਵੇਲ਼ੇ ਕੁਝ ਨਾ ਕਿਹਾ ਗਿਆ। ਉਹ ਭਰੀਆਂ ਅੱਖਾਂ ਨਾਲ ਟਾਂਗੇ ਉੱਤੇ ਬੈਠ ਗਿਆ। ਕੁੜੀ ਨੇ ਪਿਓ ਦਾ ਹੱਥ ਫੜਿਆ।ਕਾਹਲ਼ੀ ਨਾਲ ਸਟੇਸ਼ਨ ਦੀ ਭੀੜ ਵਿਚ ਜਾ ਰਲ਼ੇ। ਕਮਾਲ ਖਾਨ ਉਨ੍ਹਾਂ ਵੱਲ ਵੇਖ ਕੇ ਸੋਚਦਾ, 'ਧੀ ਲਈ ਟਾਂਗਾ ਰੋਕਿਆ, ਕਸਮ ਨਹੀਂ ਟੁੱਟੀ...।'

ਤੇਜਾ ਆਫਰਿਆ ਪਿਆ, 'ਰਾਜਨੀਤਕ ਚਾਲਾਂ ਨੀਂ ਸਮਝ ਸਕਦੇ। ਇਨ੍ਹਾਂ ਕੋਲ਼ ਚਾਣਕੀਆ ਸ਼ਾਤਰ। ਥੋਡੇ ਸਾਹਮਣੇ ਮੈਂ ਪੰਜਾਬੀ ਦੀ ਪੀਐੱਚ. ਡੀ ਕਰਕੇ ਵਿਹਲਾ। ਕਾਲਿਜ 'ਚ ਪੰਦਰਾਂ ਹਜ਼ਾਰ ਤੋਂ ਵੱਧ ਨੀ ਦਿੰਦੇ। ਕਹਿੰਦੇ, ਜੁਆਨੀ ਵਿਦੇਸ਼ਾਂ ਨੂੰ ਜਾ ਰਹੀ। ਕਾਲਿਜਾਂ 'ਚ ਦਾਖਲਾ ਘਟ ਗਿਆ। ਹਾਰ ਕੇ ਖੇਤੀ ਕਰਨ ਲੱਗ ਪਿਆ। ਖੇਤੀ 'ਚ ਕਮਾਈ ਨਾਲੋਂ ਵੱਧ ਖਰਚੇ...ਦੱਸੋ ਕਿਧਰ ਜਾਈਏ?'

'ਪੁੱਤ ਸਮਝੇ ਕਿ ਨਈਂ, ਲੋਕਾਂ ਨੂੰ ਭੰਬਲ਼-ਭੂਸਿਆਂ 'ਚ ਪਾਇਆ ਹੋਇਆ।'

ਸਟੇਸ਼ਨ 'ਤੇ ਭੀੜ ਵਧ ਰਹੀ। ਕਿਸੇ ਦੇ ਸਿਰ 'ਤੇ ਬਿਸਤਰਾ। ਕਿਸੇ ਦੇ ਹੱਥਾਂ 'ਚ ਵੱਡੇ ਛੋਟੇ ਝੋਲ਼ੇ। ਕਈ ਜਨਾਨੀਆਂ ਦੇ ਕੁੱਛੜ ਜੁਆਕ। ਕਈਆਂ ਦੀ ਉਂਗਲ ਫੜੀ ਨਿਆਣੇ ਆਲ਼ੇ-ਦੁਆਲ਼ੇ ਮੁਤਰ ਮੁਤਰ ਝਾਕਦੇ। ਉਨ੍ਹਾਂ ਨੂੰ ਕੋਈ ਸਮਝ ਨਹੀਂ। ਕੀ ਹੋ ਗਿਆ। ਕਿਧਰ ਜਾ ਰਹੇ। ਉਨ੍ਹਾਂ ਨੇ ਇਕ ਹੱਥ ਵਿਚ ਆਪਣੇ ਆਪਣੇ ਖਿਡਾਉਣੇ ਫੜੇ ਹੋਏ। ਇਕ ਬੱਚੀ ਨੇ ਬਲ਼ੂੰਗੜਾ ਵੱਖੀ ਨਾਲ ਲਾਇਆ ਹੋਇਆ।

ਮੁਸਲਮਾਨ ਦਾ ਉਦਾਸਿਆ ਚਿਹਰਾ ਵੇਖ ਕੇ, 'ਯਾਰ ਚਿੰਤਾ ਨਾ ਕਰ, ਮਲੇਰਕੋਟਲੇ ਛੱਡ ਕੇ ਆਵਾਂਗੇ।'

'ਹੈਂ? ਕੋਟਲੇ ਤਕ...?'

ਦੂਜੇ ਨੇ ਸਿਰ ਹਿਲਾ ਕੇ ਹਾਂ 'ਚ ਹਾਂ ਮਿਲਾ ਦਿੱਤੀ। ਉਹ ਥੋੜ੍ਹਾ ਸਹਿਜ ਹੋ ਗਿਆ, 'ਮਲੇਰਕੋਟਲੇ ਪਹੁੰਚ ਕੇ ਕੋਈ ਖਤਰਾ ਨਹੀਂ। ਸ਼ਹਿਰ ਨੂੰ ਵਰ ਮਿਲਿਆ ਹੋਇਆ। ਮੁਸਲਮਾਨਾਂ ਦਾ ਕੋਈ ਵੀ ਜਾਨੀ ਤੇ ਮਾਲੀ ਨੁਕਸਾਨ ਨਹੀਂ ਹੋਵੇਗਾ। ਛੋਟੇ ਸਹਿਬਜ਼ਾਦਿਆਂ ਲਈ ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ ਹੋਇਐ।'

'ਪੁੱਤ ਘੋੜੇ ਦੀ ਟੱਪ ਟੱਪ ਸੁਣਦੀ ਐ। ਉਹ ਭੈਅ ਭੀਤ ਸਟੇਸ਼ਨ। ਆਸ਼ੀਆਂ ਦੀ ਚੀਸ ਮਨ ਨੂੰ ਬੇਚੈਨ ਕਰਦੀ, 'ਆਵਾਂਗਾ, ਆਸ਼ੀਆਂ ਆਵਾਂਗਾ...ਮੇਰੇ ਦਿਲ 'ਚ ਪਾਕਿਸਤਾਨ ਨਹੀਂ ਬਣਿਆਂ...ਹੈਂ ...ਤੇਰੇ ਵੀ...।'

ਆਵਾਜ਼ ਆਈ... 'ਹਾਂ...ਮੇਰੇ ਦਾਰਿਆ...?'

ਆਸ਼ੀਆਂ ਸਟੇਸ਼ਨ 'ਤੇ, ਉਦਾਸ ਡਰ ਭੈਅ 'ਚ ਬੈਠੀ ਖੜ੍ਹੀ ਭੀੜ ਦੇ ਚਿਹਰਿਆਂ ਨੂੰ ਪਹਿਚਾਣਦੀ ਕਮਲ਼ੀ ਹੋਈ ਫਿਰਦੀ। ਉਸ ਨੇ ਬੁਰਕੇ ਦਾ ਪੱਲੂ ਚੁੱਕਿਆ ਹੋਇਆ। ਉਹ ਫਟਾ ਫਟ ਪਰੋਂਠੀਆਂ ਪਕਾ, ਨਵੇਂ ਕੱਢੇ ਰੁਮਾਲ ਵਿਚ ਲਪੇਟ ਕੇ ਦੌੜ ਆਈ।

ਹਾਵੜਾ-ਮੇਲ ਆ ਲੱਗੀ। ਭੀੜ ਦੇ ਚਿਹਰਿਆਂ 'ਤੇ ਆਸ ਦੀ ਕਿਰਨ ਫੈਲ ਗਈ। ਗੱਡੀ ਚੜ੍ਹਨ ਲਈ ਹਫੜਾ ਦਫੜੀ। ਆਸ਼ੀਆਂ ਦੀ ਨਿਗਾਹ ਚੜ੍ਹ ਗਿਆ। ਉਸ ਨੇ ਧੱਕਮ-ਧੱਕੀ ਹੋ ਕੇ ਬਾਂਹ ਆ ਫੜੀ, 'ਦਾਰੇ...।' ਉਸ ਨੇ ਰੁਮਾਲ ਫੜਾਇਆ। ਹੰਝੂਆਂ ਨੇ ਸਭ ਕੁਝ ਧੁੰਦਲਾ ਕਰ ਦਿੱਤਾ। ਪਤਾ ਨਾ ਲੱਗਾ, ਛੇਤੀ 'ਚ ਇਕ ਦੂਜੇ ਨੂੰ ਕੀ ਕਿਹਾ। ਸ਼ਾਇਦ ਕੁਝ ਕਿਹਾ ਹੀ ਨਾ ਗਿਆ ਹੋਵੇ।

'ਬਾਬਾ ਜੀ ਫਿਕਰ ਨਾ ਕਰੋ, ਸ਼ੇਰਸ਼ਾਹ ਸੂਰੀ ਮਾਰਗ ਦਿਲਾਂ ਨੂੰ ਜੋੜਦੈ...ਯੌਰਪ 'ਚ ਦੋਵੇਂ ਜਰਮਨੀਆਂ ਨੂੰ, ਹੱਥੀਂ ਕੀਤੀ ਹੋਈ ਬਰਲਿਨ ਦੀ ਕੰਧ ਤੋੜਨੀ ਪਈ ਸੀ।'

ਦਾਰਾ ਸਿੰਘ ਉਸ ਵੱਲ ਅਹੁਲ਼ਿਆ, 'ਹੈਂ...ਸੱਚੀਂ ?' ਉਸ ਨੂੰ ਕਲਾਵੇ 'ਚ ਲੈ ਲਿਆ।

ਨਸੀਬੋ ਸੁਣ ਕੇ ਕੋਲ਼ ਆ ਖੜ੍ਹੀ, 'ਵੇ ਗੱਡ ਹੋਣਿਆਂ...ਆ ਤਾਂ ਸੀਨਾ ਠਾਰਤਾ...।'

ਉਨ੍ਹਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਫੈਲ ਗਈ। 000

***(ਸੁਨੇਤ ਨਗਰ, ਅਮਲੋਹ ਰੋਡ, ਖੰਨਾ***
***ਫੋਨ: 98728-23511***
***Email: mukhtiarsingh43@gmail.com)***

# ਹੰਝੂ ਹਮੇਸ਼ਾ ਖਾਰੇ ਨਹੀਂ ਹੁੰਦੇ: ਕਹਾਣੀ: ਰਵੀ ਸ਼ੇਰਗਿੱਲ

ਪਿਛਲੇ ਅੱਧੇ ਪੌਣੇ ਘੰਟੇ ਤੋਂ ਉਹ ਪੱਗ ਬੰਨ੍ਹਣ ਲੱਗਿਆ ਹੋਇਆ ਸੀ। ਦੋ ਵਾਰ ਪਹਿਲਾਂ ਹੀ ਬੰਨ੍ਹ ਕੇ ਲਾਹ ਚੁੱਕਿਆ ਸੀ। ਪਰ ਹਾਲੇ ਵੀ ਠੀਕ ਨਹੀਂ ਸੀ ਬੱਝ ਰਹੀ। ਪਹਿਲੀ ਵਾਰ ਅਖੀਰਲਾ ਲੜ ਛੋਟਾ ਰਹਿ ਗਿਆ ਤੇ ਦੂਸਰੀ ਵਾਰ ਉਹੀ ਲੜ ਜ਼ਿਆਦਾ ਵੱਡਾ ਹੋ ਗਿਆ। ਆਮ ਤੌਰ 'ਤੇ ਉਹ ਦਸ ਪੰਦਰਾਂ ਮਿੰਟ ਵਿਚ ਪੱਗ ਬੰਨ੍ਹ ਲੈਂਦਾ ਹੈ, ਪਰ ਅੱਜ ਤਾਂ ਜਿਵੇਂ ਸਾਰਾ ਦਿਨ ਹੀ ਪੱਗ ਬੰਨ੍ਹਣ ਵਿਚ ਲੱਗ ਜਾਣਾ ਹੋਵੇ। ਸ਼ਾਇਦ ਕੱਲ੍ਹ ਵਾਲੇ ਫੋਨ ਨੇ ਉਸਦੇ ਦਿਮਾਗ਼ ਵਿਚ ਘਮਾਸਾਨ ਮਚਾ ਰੱਖਿਆ ਸੀ। ਜਦੋਂ ਉਹ ਕਿਸੇ ਵੀ ਪਰੇਸ਼ਾਨੀ 'ਚ ਹੋਵੇ ਤਾਂ ਕੋਈ ਵੀ ਕੰਮ ਠੀਕ ਢੰਗ ਨਾਲ ਨਹੀਂ ਕਰ ਪਾਉਂਦਾ। ਤਾਹੀਂਓਂ ਪੱਗ ਦਾ ਲੜ ਠੀਕ ਨਹੀਂ ਸੀ ਆ ਰਿਹਾ। ਜਦੋਂ ਤੀਜੀ ਵਾਰ ਵੀ ਪੱਗ ਸਹੀ ਨਾ ਬੱਝੀ ਤਾਂ ਉਸਨੇ ਪੱਗ ਸਿਰੋਂ ਲਾਹ ਕੇ ਪਰੇ ਮਾਰੀ ਤੇ ਬੈੱਡ 'ਤੇ ਲੰਮਾ ਪੈ ਗਿਆ। ਅੱਖਾਂ ਕਮਰੇ ਦੀ ਛੱਤ 'ਤੇ ਟਿਕ ਗਈਆਂ ਤੇ ਦਿਮਾਗ਼ ਸੋਚਾਂ ਦੀ ਘੁੰਮਣਘੇਰੀ 'ਚ ਫਸ ਗਿਆ।

ਜੋਗਿੰਦਰ ਸਿੰਘ ਪਿੰਡ ਦੇ ਸਰਦੇ ਪੁਜਦੇ ਜ਼ਿਮੀਂਦਾਰਾਂ 'ਚ ਆਉਂਦਾ ਸੀ। ਅੱਠ ਕਿੱਲਿਆਂ ਦਾ ਇਕੱਠਾ ਟੱਕ ਮੇਨ ਸੜਕ ਨਾਲ ਖਹਿੰਦਾ ਸੀ। ਇਕ ਮੁੰਡਾ ਜੱਗੀ, ਇਕ ਕੁੜੀ ਸੁੱਖੀ ਤੇ ਘਰ ਵਾਲੀ ਪ੍ਰੀਤ, ਸਾਵਾਂ ਜਿਹਾ ਟੱਬਰ ਸੀ। ਮਹੀਨਾ ਕੁ ਪਹਿਲਾਂ ਹੀ ਉਸਨੇ ਆਪਣੀ ਬੀ ਏ ਪਾਸ ਕੁੜੀ ਸੁੱਖੀ ਦਾ ਰਿਸ਼ਤਾ ਨਾਲ ਲਗਦੇ ਸ਼ਹਿਰ ਦੇ ਚੰਗੇ ਪਰਿਵਾਰ ਵਿਚ ਕੀਤਾ ਸੀ। ਮੁੰਡਾ ਸਰਕਾਰੀ ਵਕੀਲ ਤੇ ਐਡਵੋਕੇਟ ਅਜੀਤ ਸਿੰਘ ਦਾ ਹੋਣਹਾਰ ਫਰਜ਼ੰਦ ਸੀ। ਇਲਾਕੇ ਵਿਚ ਚੰਗੇ ਮਾਣ ਸਨਮਾਨ ਵਾਲਾ ਪਰਿਵਾਰ ਸੀ। ਦੋ ਕੁ ਹਫਤਿਆਂ ਨੂੰ ਸ਼ਹਿਰ ਦੇ ਵੱਡੇ ਪੈਲੇਸ ਵਿਚ ਵਿਆਹ ਰੱਖਿਆ ਹੋਇਆ ਸੀ। ਹਾਲੇ ਤਕ ਮੁੰਡੇ ਵਾਲਿਆਂ ਨੇ ਕੋਈ ਮੰਗ ਨਹੀਂ ਸੀ ਰੱਖੀ। ਜੋਗਿੰਦਰ ਸਿੰਘ ਨੇ ਵਿਚੋਲੇ ਹਾਕਮ ਸਿੰਘ ਰਾਹੀਂ ਤਿੰਨ ਚਾਰ ਸੁਨੇਹੇ ਭੇਜ ਕੇ ਮੁੰਡੇ ਵਾਲਿਆਂ ਤੋਂ ਮੰਗ ਮੰਗਾਈ ਬਾਰੇ ਪੁੱਛਿਆ ਸੀ।

"ਸਾਡੇ ਘਰ ਕਿਸੇ ਚੀਜ਼ ਦੀ ਘਾਟ ਨਹੀਂ ਸਰਦਾਰ ਸਾਬ੍ਹ। ਸਾਨੂੰ ਆਪਣੀ ਧੀ ਵਰਗੀ ਬਹੂ ਮਿਲ ਜਾਵੇ, ਹੋਰ ਕੋਈ ਮੰਗ ਨਹੀਂ", ਹਰ ਵਾਰ ਉਹਨਾਂ ਵੱਲੋਂ ਇਹੋ ਜਵਾਬ ਮਿਲਦਾ ਸੀ।

ਹੁਣ ਤਾਂ ਹਾਕਮ ਸਿੰਘ ਵੀ ਆਖ ਗਿਆ ਸੀ, "ਭਾਈ ਜੋਗਿੰਦਰ ਸਿਆਂ, ਕਿਉਂ ਵਾਰ ਵਾਰ ਇਕੋ ਗੱਲ ਦੇ ਪਿੱਛੇ ਪਿਐਂ। ਐਡਵੋਕੇਟ ਸਾਬ੍ਹ ਦੇ ਘਰ ਰੱਬ ਦਾ ਦਿੱਤਾ ਸਭ ਕੁਝ ਹੈ। ਤੁਸੀਂ ਵਾਰ ਵਾਰ ਦਾਜ ਦੀ ਗੱਲ ਕਰ ਕੇ ਕਿਤੇ ਗੱਲ ਵਿਗਾੜ ਨਾ ਲਇਓ। ਰੱਬ ਦਾ ਸ਼ੁਕਰ ਕਰੋ ਕਿ ਇਹੋ ਜਿਹੇ ਵਧੀਆ ਰਿਸ਼ਤੇਦਾਰ ਟੱਕਰ ਗਏ, ਤੁਸੀਂ ਬੱਸ ਵਿਆਹ ਦੀਆਂ ਤਿਆਰੀਆਂ ਕਰੋ ਹੁਣ।"

"ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ। ਪਹਿਲਾਂ ਸਾਰੇ ਨਾ ਨਾ ਹੀ ਕਰਦੇ ਹੁੰਦੇ ਐ, ਮੌਕੇ 'ਤੇ ਆ ਕੇ ਪਹਾੜ ਜਿੱਡਾ ਮੂੰਹ ਖੋਲ੍ਹ ਲੈਂਦੇ ਆ। ਮੈਂ ਤਾਂ ਏਸ ਗੱਲ ਦਾ ਮਾਰਾ ਸਭ ਪਹਿਲਾਂ ਹੀ ਨਿਬੇੜ ਲੈਣਾ ਚਾਹੁੰਦਾ ਹਾਂ, ਹੋਰ ਨਾ ਪਹਿਲਾਂ ਵਾਂਗ ਹੋਵੇ ਕਿਤੇ", ਉਹਨੇ ਆਪਣੀ ਮਜਬੂਰੀ ਦੱਸੀ ਸੀ।

"ਤੂੰ ਭੋਰਾ ਫਿਕਰ ਨਾ ਕਰ, ਮੇਰੇ ਹੁੰਦੇ ਕਿਸੇ ਗੱਲ ਦਾ ਸੰਸਾ ਨੀ ਕਰਨਾ", ਆਖ ਕੇ ਉਹ ਤੁਰ ਗਿਆ ਸੀ।

ਜੋਗਿੰਦਰ ਸਿੰਘ ਨੂੰ ਹਾਕਮ ਦੀਆਂ ਗੱਲਾਂ ਸੁਣ ਕੇ ਸੁਖ ਦਾ ਸਾਹ ਆਇਆ ਸੀ ਕਿ ਰਿਸ਼ਤੇਦਾਰ ਚੰਗੇ ਮਿਲ ਗਏ। ਨਹੀਂ ਤਾਂ ਅੱਜ ਕਲ ਹਰ ਕੋਈ ਕੁੜੀ ਵਾਲਿਆਂ ਦੇ ਗਲ਼ 'ਚ ਸਾਫਾ ਪਾ ਕੇ ਖੜ੍ਹ ਜਾਂਦਾ। ਘਰੇ ਭਾਵੇਂ ਕੁਝ ਰੱਖਣ ਦੀ ਥਾਂ ਨਾ ਹੋਵੇ ਪਰ ਮੰਗਣ ਲੱਗੇ ਕੁਝ ਵੀ ਨੀ ਛੱਡਦੇ। ਇਸੇ ਲੈਣ ਦੇਣ ਕਰਕੇ ਸੁੱਖੀ ਦਾ ਇਕ ਰਿਸ਼ਤਾ ਪਹਿਲਾਂ ਵੀ ਬਿਲਕੁਲ ਵਿਆਹ ਦੇ ਨੇੜੇ

ਜਾ ਕੇ ਟੁੱਟ ਗਿਆ ਸੀ। ਪਰ ਇਸ ਵਾਰ ਜੋਗਿੰਦਰ ਸਿੰਘ ਤੇ ਸਾਰਾ ਪਰਿਵਾਰ ਬਹੁਤ ਖੁਸ਼ ਸੀ ਕਿ ਵਧੀਆ ਬੰਦੇ ਟੱਕਰ ਗਏ ਹਨ। ਪਰ ਰਾਤੀਂ ਮੁੰਡੇ ਦੇ ਬਾਪ ਦੇ ਆਏ ਫੋਨ ਨੇ ਉਸ ਨੂੰ ਸਾਰੀ ਰਾਤ ਸੌਣ ਨਹੀਂ ਸੀ ਦਿੱਤਾ।

ਫੋਨ ਤਾਂ ਉਹਨਾਂ ਦਾ ਪਿਛਲੇ ਹਫਤੇ ਵੀ ਆਇਆ ਸੀ। ਮੁੰਡੇ ਦੇ ਬਾਪ ਨੇ ਸਰਸਰੀ ਜਿਹੀ ਆਖਿਆ ਸੀ ਕਿ ਆਪਾਂ ਵਿਆਹ ਤੋਂ ਪਹਿਲਾਂ ਕਿਸੇ ਦਿਨ ਬੈਠ ਕੇ ਗੱਲਬਾਤ ਕਰੀਏ। ਤੁਸੀਂ ਜਦੋਂ ਵੀ ਸ਼ਹਿਰ ਆਏ ਤਾਂ ਦੱਸਣਾ, ਕਿਧਰੇ ਬਹਿ ਕੇ ਚਾਹ ਪਾਣੀ ਪੀ ਲਵਾਂਗੇ, ਨਾਲੇ ਗੱਲਾਂਬਾਤਾਂ ਹੋ ਜਾਣਗੀਆਂ। ਜੋਗਿੰਦਰ ਸਿੰਘ ਨੇ ਗੱਲ ਕੋਈ ਬਹੁਤੀ ਗੌਲ਼ੀ ਨਹੀਂ ਸੀ। ਹਾਲਾਂਕਿ ਉਸ ਤੋਂ ਬਾਅਦ ਉਹ ਕਈ ਵਾਰ ਸ਼ਹਿਰ ਗਿਆ ਸੀ, ਪਰ ਕਦੇ ਕੁੜਮ ਨੂੰ ਫੋਨ ਕਰ ਕੇ ਮਿਲਣ ਲਈ ਨਹੀਂ ਸੀ ਆਖਿਆ। ਪਰ ਕੱਲ੍ਹ ਵਾਲੇ ਫੋਨ ਨੇ ਤਾਂ ਉਸਨੂੰ ਨਵੀਂ ਹੀ ਚਿੰਤਾ ਵਿਚ ਪਾ ਦਿੱਤਾ ਸੀ।

ਵਿਆਹ ਤੋਂ ਦੋ ਹਫਤੇ ਪਹਿਲਾਂ ਮੁੰਡੇ ਦੇ ਬਾਪ ਦਾ ਫੋਨ ਆਉਣਾ ਕੋਈ ਸਿੱਧ ਪੱਧਰੀ ਗੱਲ ਨਹੀਂ ਸੀ। ਆਮ ਤੌਰ 'ਤੇ ਉਹਨਾਂ ਦੀ ਗੱਲਬਾਤ ਵਿਚੋਲੇ ਹਾਕਮ ਸਿੰਘ ਦੇ ਰਾਹੀਂ ਹੀ ਹੁੰਦੀ ਸੀ। ਪਰ ਇਸ ਤਰ੍ਹਾਂ ਕੁੜਮ ਦਾ ਦੁਬਾਰਾ ਸਿੱਧਾ ਫੋਨ ਆਉਣਾ ਉਸਦੇ ਅੰਦਰ ਤਰਥੱਲੀ ਮਚਾ ਗਿਆ ਸੀ।

"ਹੈਲੋ, ਸਰਦਾਰ ਜੋਗਿੰਦਰ ਸਿੰਘ ਜੀ?" ਫੋਨ ਅੰਦਰੋਂ ਆਵਾਜ਼ ਆਈ ਸੀ।

"ਹਾਂ ਜੀ, ਹਾਂ ਜੀ", ਜੋਗਿੰਦਰ ਸਿੰਘ ਨੇ ਜਵਾਬ ਦਿੱਤਾ ਸੀ।

"ਮੈਂ ਬਰਨਾਲੇ ਤੋਂ ਐਡਵੋਕੇਟ ਅਜੀਤ ਸਿੰਘ ਬੋਲ ਰਿਹਾਂ", ਅੱਗੋਂ ਬੜੀ ਭਾਰੀ ਆਵਾਜ਼ ਆਈ ਸੀ।

"ਹਾਂ ਜੀ ਸਰਦਾਰ ਸਾਬ੍ਹ, ਪਛਾਣ ਲਿਆ ਜੀ ਮੈਂ", ਉਸ ਨੇ ਦੁਬਾਰਾ ਹੁੰਗਾਰਾ ਭਰਿਆ ਸੀ।

"ਹੋਰ ਤਿਆਰੀਆਂ ਕਿਵੇਂ ਚੱਲਦੀਆਂ ਨੇ ਵਿਆਹ ਦੀਆਂ?" ਉਸਨੇ ਪੁੱਛਿਆ ਸੀ।

"ਸਭ ਵਧੀਆ ਚੱਲ ਰਿਹਾ ਜੀ। ਮਿਹਰ ਐ ਬਾਬੇ ਦੀ", ਜੋਗਿੰਦਰ ਸਿੰਘ ਬਣਾਉਟੀ ਜਿਹਾ ਹਾਸਾ ਹੱਸਿਆ ਸੀ।

"ਚਲੋ ਬਹੁਤ ਅੱਛੇ, ਮਿਹਰ ਈ ਚਾਹੀਦੀ ਐ ਮਾਲਕ ਦੀ", ਉਹ ਬੋਲਦਾ ਰਿਹਾ, "ਅੱਛਿਆ ਮੈਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਐ। ਮੈਂ ਪਿਛਲੇ ਹਫਤੇ ਵੀ ਫੋਨ ਕੀਤਾ ਸੀ ਮਿਲਣ ਲਈ, ਸ਼ਾਇਦ ਤੁਹਾਡੇ ਦਿਮਾਗ਼ 'ਚੋਂ ਨਿਕਲ ਗਿਆ ਹੋਣਾ, ਹੋ ਜਾਂਦੀ ਐ ਗੱਲ ਇਧਰ ਓਧਰ ਐਨੀ ਭੱਜ ਦੌੜ 'ਚ।"

"ਹੁਕਮ ਕਰੋ ਸਰਦਾਰ ਸਾਬ੍ਹ", ਜੋਗਿੰਦਰ ਸਿੰਘ ਦੇ ਬੋਲ ਖੁਸ਼ਕੀ ਫੜ ਗਏ ਸਨ।

"ਹੁਕਮ ਨਹੀਂ ਜੀ, ਬੇਨਤੀ ਹੀ ਕਰਨੀ ਐ ਇਕ", ਅੱਗੋਂ ਗੱਲ ਜਾਰੀ ਰਹੀ, "ਕੀ ਤੁਸੀਂ ਕੱਲ੍ਹ ਨੂੰ ਮੈਨੂੰ ਆ ਕੇ ਮਿਲ ਸਕਦੇ ਹੋ। ਮੈਂ ਇਹ ਗੱਲ ਫੋਨ 'ਤੇ ਨਹੀਂ ਕਰਨੀ ਚਾਹੁੰਦਾ।"

"ਹਾਂ ਜੀ, ਕਿਉਂ ਨਹੀਂ", ਜੋਗਿੰਦਰ ਸਿੰਘ ਮਸਾਂ ਹੀ ਬੋਲਿਆ ਸੀ, "ਦੱਸੋ ਕਦੋਂ ਆਵਾਂ?"

"ਐਂ ਕਰਿਓ ਫੇਰ, ਕੱਲ੍ਹ ਨੂੰ ਬਾਰਾਂ ਕੁ ਵਜੇ ਉਸੇ ਹੋਟਲ 'ਤੇ ਆ ਜਾਇਓ ਜਿੱਥੇ ਆਪਾਂ ਬੱਚਿਆਂ ਦੀ ਦੇਖ ਦਿਖਾਈ ਕੀਤੀ ਸੀ", ਐਡਵੋਕੇਟ ਨੇ ਗੱਲ ਨਿਬੇੜ ਦਿੱਤੀ ਸੀ।

"ਜ਼ਰੂਰ ਜੀ ਜ਼ਰੂਰ, ਮੈਂ ਪਹੁੰਚ ਜਾਵਾਂਗਾ", ਆਖ ਉਸਨੇ ਫੋਨ ਕੱਟ ਦਿੱਤਾ ਸੀ।

ਫੋਨ ਕੱਟਦਿਆਂ ਹੀ ਉਸਦੇ ਅੰਦਰ ਸਵਾਲਾਂ ਦਾ ਹੜ੍ਹ ਆ ਗਿਆ ਸੀ।

ਕੀ ਇਹ ਕਹਾਣੀ ਵੀ ਪਹਿਲਾਂ ਵਾਲਾ ਹੀ ਮੋੜ ਕੱਟ ਰਹੀ ਹੈ? ਕਿਹੜੀ ਗੱਲ ਹੈ ਜਿਹੜੀ ਫੋਨ 'ਤੇ ਨਹੀਂ ਸੀ ਕੀਤੀ ਜਾ ਸਕਦੀ? ਜ਼ਰੂਰ ਵੱਡੀ ਗੱਡੀ ਦੀ ਮੰਗ ਹੋਣੀ ਐ। ਜਾਂ ਫੇਰ ਨਕਦ ਨਾਮੇ ਦੀ। ਨਹੀਂ ਤਾਂ ਵਿਆਹ ਤੋਂ ਪਹਿਲਾਂ ਇਸ ਤਰ੍ਹਾਂ ਫੋਨ ਕਰ ਕੇ ਕੌਣ ਬੁਲਾਉਂਦਾ ਕੁੜੀ ਵਾਲਿਆਂ ਨੂੰ। ਛੋਟੇ ਮੋਟੇ ਲੈਣ ਦੇਣ ਦੀ ਗੱਲ ਹੁੰਦੀ ਤਾਂ ਉਹਨਾਂ ਨੇ ਵਿਚੋਲੇ ਹੱਥ ਸੁਨੇਹਾ ਭੇਜ ਦੇਣਾ ਸੀ। ਜ਼ਰੂਰ

ਮੰਗ ਕੋਈ ਵੱਡੀ ਹੋਵੇਗੀ। ਲੱਗਦਾ ਸੀ ਰਿਸ਼ਤੇਦਾਰ ਚੰਗੇ ਮਿਲ ਗਏ ਜਿਨ੍ਹਾਂ ਨੇ ਕੋਈ ਮੰਗ ਨਹੀਂ ਸੀ ਰੱਖੀ। ਪਰ ਕਿੱਥੇ। ਅੱਜ ਕੱਲ ਦੁੱਧ ਦਾ ਧੋਤਾ ਕੌਣ ਐ ਭਲਾਂ। ਅਗਲਿਆਂ ਨੇ ਵੀ ਦੋ ਕੁ ਮਹੀਨੇ ਪਹਿਲਾਂ ਕੁੜੀ ਤੋਰੀ ਐ ਘਰੋਂ। ਉਹਨਾਂ ਨੇ ਵੀ ਮੁੰਡੇ ਵਾਲਿਆਂ ਦਾ ਮੂੰਹ ਬੰਦ ਕਰਵਾਇਆ ਹੋਣੈ। ਉਸ ਦੀ ਭਰਪਾਈ ਹੁਣ ਸਾਥੋਂ ਕਰਨਗੇ। ਇਹੀ ਰਿਵਾਜ ਬਣ ਗਿਆ ਅੱਜ ਕੱਲ ਦੇ ਸਮਾਜ ਦਾ। ਜੇ ਜਿਉਂਦੇ ਰਹਿਣਾ ਹੈ ਤਾਂ ਇਸ ਭਵਸਾਗਰ ਵਿਚ ਬਾਕੀਆਂ ਦੇ ਨਾਲ ਹੀ ਤਰਨਾ ਪੈਣਾ ਜੋਗਿੰਦਰ ਸਿਆਂ।

"ਤੁਸੀਂ ਤਾਂ ਪੱਗ ਬੰਨ੍ਹਣ ਲੱਗੇ ਸੀ", ਉਸਦੀ ਘਰਵਾਲੀ ਪ੍ਰੀਤ ਨੇ ਆ ਕੇ ਉਸ ਦੀਆਂ ਸੋਚਾਂ ਦੀ ਲੜੀ ਤੋੜੀ।

"ਬੰਨ੍ਹਣ ਤਾਂ ਲੱਗਿਆ ਸੀ ਪਰ ਪੱਗ ਦਾ ਲੜ ਹੀ ਸੂਤ ਨਹੀਂ ਆ ਰਿਹਾ ਅੱਜ", ਉਹ ਉੱਠ ਕੇ ਬੈਠ ਗਿਆ।

"ਇਹ ਤਾਂ ਤੁਹਾਡੀ ਪੁਰਾਣੀ ਪੱਗ ਹੈ, ਇਸਦੇ ਲੜ ਨੂੰ ਕੀ ਅੱਜ ਗੋਲ਼ੀ ਵੱਜ ਗਈ", ਪ੍ਰੀਤ ਨੇ ਬੈੱਡ ਤੋਂ ਪੱਗ ਚੁੱਕੀ ਤੇ ਪੂਣੀ ਉਧੇੜ ਦਿੱਤੀ।

"ਪਤਾ ਨਹੀਂ ਕਿਉਂ ਅੱਜ ਆਖਰੀ ਲੜ ਛੋਟਾ ਵੱਡਾ ਹੋਈ ਜਾਂਦੈ", ਜੋਗਿੰਦਰ ਸਿੰਘ ਦੁਬਾਰਾ ਸ਼ੀਸ਼ੇ ਅੱਗੇ ਜਾ ਖੜ੍ਹਿਆ, "ਤੂੰ ਮੈਨੂੰ ਦੂਸਰੀ ਪੱਗ ਫੜਾ ਅਲਮਾਰੀ 'ਚੋਂ। ਮੈਂ ਪਹਿਲਾਂ ਹੀ ਲੇਟ ਹੋਈ ਜਾਨਾਂ।"

"ਤੁਸੀਂ ਪੱਗ ਬੰਨ੍ਹ ਕੇ ਰੋਟੀ ਖਾ ਲਓ ਪਹਿਲਾਂ, ਫੇਰ ਜਾਇਓ ਜਿੱਧਰ ਜਾਣਾ", ਪ੍ਰੀਤ ਨੇ ਨੀਲੀ ਪੱਗ ਉਸਦੇ ਹੱਥ ਫੜਾਉਂਦਿਆਂ ਕਿਹਾ।

"ਰੋਟੀ ਨੀ ਖਾਣੀ ਮੈਂ। ਲੇਟ ਹੋ ਜਾਣਾ। ਤੂੰ ਚਾਹ ਦੀ ਘੁੱਟ ਬਣਾ ਦੇ ਬੱਸ", ਕਹਿ ਕੇ ਉਹ ਪੱਗ ਦੀ ਪੂਣੀ ਕਰਨ ਲੱਗ ਗਿਆ। ਦਿਮਾਗ਼ ਨੂੰ ਸਹਿਜ 'ਚ ਰੱਖ ਕੇ ਇਸ ਵਾਰ ਉਹ ਪੱਗ ਬੰਨ੍ਹਣ ਵਿਚ ਕਾਮਯਾਬ ਹੋ ਗਿਆ।

ਪੱਗ ਬੰਨ੍ਹ ਕੇ ਉਹ ਬਾਹਰ ਵਿਹੜੇ ਵਿਚ ਆ ਗਿਆ ਤੇ ਮੰਜੇ 'ਤੇ ਬੈਠ ਕੇ ਉਹ ਗਰਮ ਗਰਮ ਚਾਹ ਦੀਆਂ ਚੁਸਕੀਆਂ ਭਰਨ ਲੱਗਾ।

ਪ੍ਰੀਤ ਵੀ ਆਪਣਾ ਚਾਹ ਵਾਲਾ ਕੱਪ ਲੈ ਕੇ ਉਸ ਕੋਲ਼ ਆ ਬੈਠੀ।

"ਜੇ ਤੁਸੀਂ ਸ਼ਹਿਰ ਚੱਲੇ ਓ ਤਾਂ ਮੈਨੂੰ ਵੀ ਨਾਲ ਲੈ ਚੱਲੋ। ਆਪਾਂ ਵਰੀ ਦੇ ਕੱਪੜਿਆਂ ਦਾ ਕੰਮ ਨਿਬੇੜ ਆਵਾਂਗੇ", ਪ੍ਰੀਤ ਨੇ ਕੋਲ਼ ਬੈਠਦਿਆਂ ਗੱਲ ਤੋਰੀ।

"ਅੱਜ ਮੈਨੂੰ ਹੋਰ ਬਹੁਤ ਕੰਮ ਨੇ। ਤੇਰੇ ਨਾਲ ਗਿਆ ਤਾਂ ਮੇਰੇ ਆਪਣੇ ਕੰਮ ਨੀ ਹੋਣੇ। ਤੈਨੂੰ ਕੱਲ ਨੂੰ ਲੈ ਕੇ ਚੱਲੂੰ", ਚਾਹ ਵਾਲਾ ਕੱਪ ਮੰਜੇ ਦੀ ਪੈਂਦ 'ਚ ਫਸਾਉਂਦਿਆਂ ਉਹ ਉੱਠ ਕੇ ਤੁਰ ਪਿਆ।

ਜੋਗਿੰਦਰ ਸਿੰਘ ਮੁੰਡੇ ਦੇ ਬਾਪ ਵੱਲੋਂ ਆਏ ਸੁਨੇਹੇ ਬਾਰੇ ਘਰ ਦੇ ਕਿਸੇ ਵੀ ਜੀਅ ਨੂੰ ਨਹੀਂ ਸੀ ਦੱਸਣਾ ਚਾਹੁੰਦਾ। ਐਵੇਂ ਸਾਰਾ ਟੱਬਰ ਸੂਲ਼ੀ 'ਤੇ ਟੰਗਿਆ ਜਾਊ। ਮਸਾਂ ਮਸਾਂ ਤਾਂ ਗੱਲ ਸਿਰੇ ਚੜ੍ਹੀ ਐ। ਹੁਣ ਜੋ ਵੀ ਹੋਇਆ, ਕਰ ਕਰਾ ਕੇ ਰਿਸ਼ਤਾ ਸਿਰੇ ਚਾੜ੍ਹਣ ਦੀ ਕੀਤੀ ਜਾਵੇ। ਇਹ ਉਸਦੀ ਆਪਣੀ ਸੋਚ ਸੀ। ਅਸਲ ਵਿਚ ਉਸਦੀ ਇਹ ਸੋਚ ਪਹਿਲਾਂ ਟੁੱਟੇ ਰਿਸ਼ਤੇ ਕਾਰਣ ਹੀ ਬਣੀ ਸੀ। ਉਹ ਤਾਂ ਉਸ ਸਮੇਂ ਵੀ ਲੈ ਦੇ ਕੇ ਗੱਲ ਸਿਰੇ ਚੜ੍ਹਾਉਣ ਦੇ ਹੱਕ ਵਿਚ ਸੀ।

"ਜੇ ਇਕ ਵਾਰੀ ਧੀ ਪੁੱਤ ਦਾ ਰਿਸ਼ਤਾ ਟੁੱਟ ਜਾਵੇ ਤਾਂ ਦੁਬਾਰਾ ਰਿਸ਼ਤਾ ਹੋਣਾ ਬੜਾ ਮੁਸ਼ਕਿਲ ਹੋ ਜਾਂਦੈ। ਅਗਲੇ ਸੌ ਸਵਾਲ ਪੁੱਛਦੇ ਆ ਬਈ ਪਹਿਲਾਂ ਕਿਹੜੀ ਗੱਲੋਂ ਟੁੱਟ ਫੁੱਟ ਹੋਈ। ਇਹ ਲੈਣ ਦੇਣ ਤਾਂ ਚਲਦਾ ਹੀ ਰਹਿੰਦਾ ਰਿਸ਼ਤੇਦਾਰੀਆਂ 'ਚ। ਕੋਈ ਅਲੋਕਾਰੀ ਗੱਲ ਨੀ ਇਹ ਆਪਣੇ ਸਮਾਜ ਲਈ। ਆਪਾਂ ਗੱਲ ਅੱਗੇ ਤੋਰਨ ਦੀ ਕਰੀਏ", ਉਸ ਨੇ ਸਾਰੇ ਟੱਬਰ ਨੂੰ ਕਿਹਾ ਸੀ। ਪਰ ਸੁੱਖੀ ਤੇ ਜੱਗੀ ਨੇ ਤਾਂ ਪੈਰਾਂ 'ਤੇ ਪਾਣੀ ਨਹੀਂ ਸੀ ਪੈਣਾ ਦਿੱਤਾ।

"ਜੇ ਹੁਣ ਇਹ ਹਾਲ ਨੇ ਉਹਨਾਂ ਦੇ ਤਾਂ ਕੱਲ ਨੂੰ ਕੀ ਪਤਾ ਕੀ ਕੀ ਮੰਗਾਂ ਰੱਖਣਗੇ। ਇਹ ਲਾਲਚੀ ਕਿਸਮ ਦੇ ਲੋਕ ਸਾਰੀ ਉਮਰ ਤੰਗ ਕਰਨਗੇ ਆਪਾਂ ਨੂੰ। ਇਸ ਬਿਮਾਰੀ ਨੂੰ ਹੁਣੇ ਖਤਮ ਕਰ ਦੇਈਏ ਤਾਂ ਸੁਖੀ ਰਹਾਂਗੇ, ਨਹੀਂ ਤਾਂ ਇਸ ਨੇ ਨਾਸੂਰ ਬਣ ਕੇ ਸਾਰੀ ਉਮਰ ਖਹਿੜਾ ਨੀ ਛੱਡਣਾ", ਉਹ ਦੋਵੇਂ ਇਕੋ ਵਿਚਾਰ ਰੱਖਦੇ ਸਨ।

ਉਸ ਵੇਲੇ ਮਹਾਂਬੱਧਰ ਵਾਲੇ ਸਰਦਾਰਾਂ ਨੇ ਮੰਗ ਕੇ ਸੁੱਖੀ ਦਾ ਰਿਸ਼ਤਾ ਲਿਆ ਸੀ। ਅਸਲ ਵਿਚ ਮੁੰਡੇ ਦੀ ਭੂਆ ਉਹਨਾਂ ਦੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦੀ ਸੀ। ਉਸਨੇ ਸੁੱਖੀ ਨੂੰ ਅੱਡੇ ਤੋਂ ਕਾਲਿਜ ਜਾਂਦੀ ਨੂੰ ਦੇਖਿਆ ਸੀ ਤੇ ਆਪਣੇ ਭਤੀਜੇ ਲਈ ਪਸੰਦ ਕਰ ਲਿਆ ਸੀ।

"ਮੈਨੂੰ ਤਾਂ ਕੁੜੀ ਦੇਖਣ ਸਾਰ ਜਚ ਗਈ ਸੀ। ਮੇਰੇ ਭਤੀਜੇ ਦੀ ਤਾਂ ਬੱਸ ਇਕੋ ਮੰਗ ਐ ਬਈ ਕੁੜੀ ਸੁਨੱਖੀ ਹੋਵੇ, ਲੈਣ ਦੇਣ ਦਾ ਕੋਈ ਚੱਕਰ ਨਹੀਂ", ਭੂਆ ਨੇ ਹੀ ਰਿਸ਼ਤੇ ਦੀ ਗੱਲ ਸਿਰੇ ਚੜ੍ਹਾਈ ਸੀ। ਜਦੋਂ ਰਿਸ਼ਤਾ ਤੈਅ ਹੋਇਆ ਸੀ ਤਾਂ ਆਮ ਲੈਣ ਦੇਣ ਤੋਂ ਬਿਨਾਂ ਕੋਈ ਬਹੁਤੀ ਵੱਡੀ ਮੰਗ ਨਹੀਂ ਸੀ ਰੱਖੀ ਮਹਾਂਬੱਧਰ ਵਾਲਿਆਂ ਨੇ। ਪਰ ਜਿਉਂ ਜਿਉਂ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ, ਵਿਚੋਲੇ ਹੱਥ ਵੱਡੀਆਂ ਵੱਡੀਆਂ ਮੰਗਾਂ ਦੇ ਨਿੱਕੇ ਨਿੱਕੇ ਰੁੱਕੇ ਆਉਣ ਲੱਗ ਪਏ ਸਨ। ਐਨੇ ਸੋਨੇ ਦੇ ਸੈੱਟ, ਐਨੀਆਂ ਛਾਪਾਂ। ਵੱਡੀ ਕਾਰ ਤੇ ਨਕਦ ਨਾਮੇ ਦੀ ਮੰਗ ਵੀ ਪਹੁੰਚ ਗਈ ਸੀ। ਮਹਾਂਬੱਧਰ ਵਾਲਿਆਂ ਦੀਆਂ ਵਧ ਰਹੀਆਂ ਮੰਗਾਂ ਤੋਂ ਸਾਰਾ ਪਰਿਵਾਰ ਪਰੇਸ਼ਾਨ ਹੋ ਗਿਆ ਸੀ। ਪਰ ਸੁੱਖੀ ਤੇ ਜੱਗੀ ਨੂੰ ਤਾਂ ਦਾਜ ਵਾਲੀ ਗੱਲ ਬਿਲਕੁਲ ਪਸੰਦ ਨਹੀਂ ਸੀ। ਅੱਜ ਕੱਲ ਦੇ ਪੜ੍ਹੇ ਲਿਖੇ ਦਿਮਾਗ਼ਾਂ ਨੇ ਉਸ ਰਿਸ਼ਤੇ ਦਾ ਖੁਦ ਹੀ ਭੋਗ ਪਾ ਦਿੱਤਾ ਸੀ।

ਸੁੱਖੀ ਨੇ ਆਪਣੇ ਹੋਣ ਵਾਲੇ ਘਰਵਾਲੇ ਨੂੰ ਫੋਨ ਕਰ ਕੇ ਵਿਆਹ ਤੋਂ ਕੋਰਾ ਜਵਾਬ ਦੇ ਦਿੱਤਾ ਸੀ, "ਦਾਜ ਲੈਣ ਵਾਲੇ ਘਰ ਵਿਚ ਨੂੰਹ ਬਣ ਕੇ ਜਾਣ ਨਾਲੋਂ ਮੈਂ ਸਾਰੀ ਉਮਰ ਕੁਆਰੀ ਬੈਠਣਾ ਪਸੰਦ ਕਰਾਂਗੀ।"

ਓਧਰ ਜੱਗੀ ਨੇ ਤਾਂ ਮੁੰਡੇ ਦੇ ਪਿਉ ਨੂੰ ਹੀ ਖਰੀਆਂ ਖਰੀਆਂ ਸੁਣਾ ਦਿੱਤੀਆਂ ਸਨ, "ਜੇ ਸਰਦਾਰ ਹੋ ਕੇ ਵੀ ਤੁਹਾਡਾ ਢਿੱਡ ਨਹੀਂ ਭਰਿਆ ਤਾਂ ਸਾਡੀਆਂ ਦਿੱਤੀਆਂ ਦਾਜ ਦੀਆਂ ਚੀਜ਼ਾਂ ਨਾਲ ਵੀ ਤੁਹਾਡਾ ਕੁਝ ਨਹੀਂ ਬਣਨਾ, ਕਿਉਂਕਿ ਤੁਹਾਡੀ ਸੋਚ ਵਿਚ ਭੁੱਖ ਵੜੀ ਹੋਈ ਐ। ਦਾਜ ਦੇ ਲੋਭੀਆਂ ਨਾਲ ਮੈਂ ਜਿਉਂਦੇ ਜੀਅ ਰਿਸ਼ਤਾ ਨਹੀਂ ਜੁੜਨ ਦਿਆਂਗਾ ਆਪਣੇ ਘਰ ਦਾ।"

"ਅਸੀਂ ਕੋਈ ਭੁੱਖੇ ਨਹੀਂ ਕਿਸੇ ਚੀਜ਼ ਦੇ ਕਾਕਾ ਜੀ। ਕਿਸੇ ਚੀਜ਼ ਦੀ ਕੋਈ ਤੰਗੀ ਨਹੀਂ। ਦਸ ਪੁਸ਼ਤਾਂ ਵਿਹਲੀਆਂ ਬਹਿ ਕੇ ਵੀ ਖਾਈ ਜਾਣ ਤਾਂ ਵੀ ਕੋਈ ਫਰਕ ਨੀ ਪੈਣ ਲੱਗਾ ਸਾਨੂੰ। ਪਰ ਸਾਡੀ ਬਿਰਾਦਰੀ 'ਚ ਸਾਡੀ ਕੋਈ ਇੱਜ਼ਤ ਐ। ਜੇ ਬਿਨਾਂ ਕਿਸੇ ਲੈਣ ਦੇਣ ਦੇ ਮੁੰਡਾ ਵਿਆਹ ਲਿਆ ਤਾਂ ਸਾਨੂੰ ਤਾਂ ਸਾਰੀ ਉਮਰ ਸ਼ਰੀਕਾਂ ਦੀਆਂ ਗੱਲਾਂ ਸੁਣਨੀਆਂ ਪੈਣਗੀਆਂ।" ਅੱਗੋਂ ਮਹਾਂਬੱਧਰ ਵਾਲਾ ਸਰਦਾਰ ਬੋਲਿਆ ਤਾਂ ਜੱਗੀ ਹੋਰ ਭੜਕ ਗਿਆ ਸੀ, "ਜੇ ਇਹਨਾਂ ਭੈੜੀਆਂ ਰੀਤਾਂ ਨੂੰ ਤੋੜਨ ਦੀ ਤਾਕਤ ਹੈਨੀ ਤੁਹਾਡੇ 'ਚ ਤਾਂ ਸਾਨੂੰ ਮਾਫ ਕਰੋ। ਆਪਣੀ ਬਿਰਾਦਰੀ 'ਚ ਆਪਣੀ ਫੋਕੀ ਟਹੁਰ ਬਣਾ ਕੇ ਰੱਖਣ ਲਈ ਕੋਈ ਹੋਰ ਘਰ ਲੱਭੋ ਸਰਦਾਰ ਜੀ। ਸਾਡੇ ਵੱਲੋਂ ਤਾਂ ਦੋਵੇਂ ਹੱਥ ਜੋੜ ਕੇ ਨਾਂਹ ਹੈ ਇਸ ਰਿਸ਼ਤੇ ਨੂੰ", ਕਹਿ ਕੇ ਉਸਨੇ ਫੋਨ ਅਤੇ ਰਿਸ਼ਤਾ ਦੋਵਾਂ ਨੂੰ ਕੱਟ ਦਿੱਤਾ ਸੀ।

"ਮੈਂ ਉਸ ਵੇਲੇ ਕਿੰਨਾ ਕਲਪਿਆ ਸੀ, ਤੁਸੀਂ ਵੀ ਆਪ ਈ ਵੱਡੇ ਸਿਆਣੇ ਬਣ ਜਾਨੇਂ ਓ। ਐਂ ਥੋੜ੍ਹੀ ਤੂੰ-ਤੜੱਕ ਨਾਲ ਰਿਸ਼ਤੇ ਤੋੜੇ ਜਾਂਦੇ ਨੇ। ਬੈਠ ਕੇ ਗੱਲਬਾਤ ਕਰਦੇ, ਸੌ ਹੱਲ ਨਿਕਲ ਆਉਂਦੈ ਇਹਨਾਂ ਚੀਜ਼ਾਂ ਦਾ। ਕਮਾਲ ਈ ਕਰਦੇ ਓ। ਚਾਰ ਅੱਖਰ ਪੜ੍ਹ ਕੀ ਗਏ, ਸਾਨੂੰ ਤਾਂ ਕੁਛ ਗੌਲ਼ਦੇ ਹੀ ਨਹੀਂ।"

"ਬਾਪੂ ਗੱਲ ਗੌਲ਼ਣ ਦੀ ਨੀ। ਜੇ ਉਹਨਾਂ ਦਾ ਖੁਲ੍ਹਾ ਮੂੰਹ ਤੁਸੀਂ ਅੱਜ ਭਰ ਵੀ ਦਿੰਦੇ ਤਾਂ ਇਹ ਮੂੰਹ ਸਾਰੀ ਜ਼ਿੰਦਗੀ ਤੁਹਾਡੇ ਕੋਲ਼ੋਂ ਬੰਦ ਨੀ ਸੀ ਹੋਣਾ। ਜਿਹਨਾਂ ਲੋਕਾਂ ਦੇ ਅੰਦਰ ਲਾਲਚ ਦਾ ਕੀੜਾ ਜਿਹੜਾ ਵੜ ਜਾਵੇ, ਫੇਰ ਨਿਕਲਦਾ ਨਹੀਂ ਆਪਣੇ ਵਰਗਿਆਂ ਤੋਂ।"

ਜੱਗੀ ਦੀਆਂ ਦਲੀਲਾਂ ਉਸ ਵੇਲ਼ੇ ਤਾਂ ਜੋਗਿੰਦਰ ਸਿੰਘ ਨੂੰ ਭਾਵੇਂ ਚੰਗੀਆਂ ਨਾ ਲੱਗੀਆਂ। ਪਰ ਜਦੋਂ ਬਾਅਦ ਵਿਚ ਉਸ ਨੇ ਬੈਠ ਕੇ ਸੋਚਿਆ ਤਾਂ ਲੱਗਿਆ ਜੋ ਹੋਇਆ ਠੀਕ ਹੀ ਹੋਇਆ।

ਸੋਚਦਾ ਸੋਚਦਾ ਉਹ ਕਦੋਂ ਸੱਥ ਵਾਲਾ ਮੋੜ ਮੁੜ ਗਿਆ, ਉਸਨੂੰ ਪਤਾ ਹੀ ਨਾ ਲੱਗਿਆ। ਰਾਹ ਵਿਚ ਕਿੰਨੇ ਬੰਦਿਆਂ ਨੇ ਉਸ ਨਾਲ ਦੁਆ ਸਲਾਮ ਕੀਤੀ, ਉਸਨੂੰ ਭੋਰਾ ਵੀ ਚਿੱਤ ਚੇਤਾ ਨਹੀਂ ਸੀ। ਗਿਆਰਾਂ ਵਾਲੀ ਮਿੰਨੀ ਬੱਸ ਦਾ ਹਾਰਨ ਸੁਣ ਕੇ ਉਸਨੇ ਆਪਣੀ ਚਾਲ ਹੋਰ ਤੇਜ਼ ਕਰ ਲਈ। ਜੇ ਇਹ ਬੱਸ ਖੁੰਝ ਗਈ ਤਾਂ ਉਸਨੇ ਬਾਰਾਂ ਵਜੇ ਵਾਲੇ ਸਮੇਂ ਤੋਂ ਲੇਟ ਹੋ ਜਾਣਾ ਸੀ। ਉਹ ਬੱਸ ਦੇ ਪਹੁੰਚਣ ਤੋਂ ਪਹਿਲਾਂ ਹੀ ਅੱਡੇ 'ਤੇ ਪਹੁੰਚ ਗਿਆ ਸੀ।

ਬੱਸ ਵਿਚ ਬੈਠਦਿਆਂ ਹੀ ਉਸ ਬਰਨਾਲੇ ਦੀ ਟਿਕਟ ਕਟਾ ਲਈ।

ਗੱਲ ਦਾ ਉੱਘ ਸੁੱਘ ਲਾਉਣ ਲਈ ਉਸਨੇ ਵਿਚੋਲੇ ਹਾਕਮ ਸਿੰਘ ਨਾਲ ਵੀ ਗੱਲ ਕੀਤੀ ਸੀ।

"ਹਾਕਮ ਸਿਆਂ, ਕੁੜਮ ਦਾ ਦੋ ਵਾਰ ਸੱਦਾ ਆ ਗਿਆ। ਕਹਿੰਦਾ ਵਿਆਹ ਤੋਂ ਪਹਿਲਾਂ ਬਹਿ ਕੇ ਕੋਈ ਗੱਲ ਕਰਨੀ ਐ। ਤੂੰ ਹੀ ਦੱਸ ਦੇ ਜੇ ਤੈਨੂੰ ਕੋਈ ਖਬਰ ਸਾਰ ਐ ਇਸ ਬਾਰੇ। ਕੋਈ ਲੈਣ ਦੇਣ ਦੀ ਗੱਲ ਈ ਲੱਗਦੀ ਐ ਮੈਨੂੰ ਤਾਂ।" ਉਸਨੇ ਨਜ਼ਰਾਂ ਹਾਕਮ ਸਿੰਘ ਦੇ ਚਿਹਰੇ 'ਤੇ ਗੱਡ ਲਈਆਂ ਸਨ।

"ਨਹੀਂ ਨਹੀਂ ਸਰਦਾਰ ਸਾਬ੍ਹ। ਐਸੀ ਤਾਂ ਕੋਈ ਗੱਲ ਨੀ। ਜੇ ਹੁੰਦੀ ਤਾਂ ਮੈਨੂੰ ਸਭ ਤੋਂ ਪਹਿਲਾਂ ਪਤਾ ਹੁੰਦਾ। ਨਾਲੇ ਆਪਾਂ ਤਾਂ ਲੈਣ ਦੇਣ ਬਾਰੇ ਸਭ ਕੁਝ ਪਹਿਲਾਂ ਹੀ ਪੁੱਛ ਲਿਆ ਸੀ। ਪੁੱਛ ਪੜਤਾਲ ਕਰ ਕੇ ਉਹਨਾਂ ਦੀ ਤਸੱਲੀ ਤੋਂ ਬਾਅਦ ਹੀ ਸ਼ਗਨ ਪਾਇਆ ਸੀ", ਹਾਕਮ ਸਿੰਘ ਵੀ ਅਣਜਾਣ ਬਣਿਆ ਬੈਠਾ ਸੀ।

"ਮੈਨੂੰ ਤਾਂ ਯਾਰ ਗੱਲ ਸ਼ੱਕੀ ਜਿਹੀ ਜਾਪਦੀ ਐ। ਇਸ ਤਰ੍ਹਾਂ ਮੈਨੂੰ ਸੁਨੇਹਾ ਭੇਜ ਕੇ ਗੱਲ ਕਰਨ ਲਈ ਬੁਲਾਉਣਾ, ਉਹ ਵੀ ਵਿਆਹ ਤੋਂ ਦਸ ਬਾਰਾਂ ਦਿਨ ਪਹਿਲਾਂ। ਦਿਲ 'ਚ ਗੱਲ ਬੈਠ ਜਿਹੀ ਗਈ ਮੇਰੇ ਤਾਂ। ਹੋਰ ਨਾ ਕਿਧਰੇ ਕੋਈ ਵੱਡੀ ਮੰਗ.....।" ਹਾਲੇ ਉਸਦੀ ਗੱਲ ਪੂਰੀ ਨਹੀਂ ਸੀ ਹੋਈ ਕਿ ਹਾਕਮ ਸਿੰਘ ਵਿਚੋਂ ਹੀ ਬੋਲ ਪਿਆ, "ਓ ਨਹੀਂ ਨਹੀਂ ਸਰਦਾਰ ਜੀ। ਮੈਂ ਐਡਵੋਕੇਟ ਸਾਬ੍ਹ ਨੂੰ ਪੰਦਰਾਂ ਸਾਲ ਤੋਂ ਜਾਣਦਾਂ। ਜ਼ੁਬਾਨ ਦੇ ਪੱਕੇ ਤੇ ਅਸੂਲਾਂ ਦੇ ਖਰੇ ਨੇ ਉਹ। ਜੇ ਕੋਈ ਮੰਗ ਮੁੰਗ ਹੁੰਦੀ, ਉਹਨਾਂ ਪਹਿਲਾਂ ਹੀ ਦੱਸ ਦੇਣਾ ਸੀ। ਨਾਲੇ ਉਹਨਾਂ ਦੇ ਘਰ ਕਿਹੜਾ ਘਾਟਾ ਕਿਸੇ ਚੀਜ਼ ਦਾ। ਵੈਸੇ ਹੀ ਨਵਾਂ ਰਿਸ਼ਤਾ ਬਣਾਉਣ ਤੋਂ ਪਹਿਲਾਂ ਮਿਲ ਕੇ ਥੋੜ੍ਹਾ ਗੱਲਬਾਤ ਕਰ ਕੇ ਮੇਲ ਮਿਲਾਪ ਵਧਾਉਣ ਲਈ ਹੀ ਤੁਹਾਨੂੰ ਬੁਲਾਇਆ ਹੋਣਾ। ਤੁਸੀਂ ਐਵੇਂ ਨਾ ਬਹੁਤੀ ਫਿਕਰ ਕਰੋ। ਨਾਲੇ ਜੇ ਕੋਈ ਹੋਈ ਉੱਨੀ ਇੱਕੀ ਤਾਂ ਮੈਂ ਆਪ ਗੱਲ ਕਰੂੰ। ਮੇਰੇ ਨਾਲ ਤਾਂ ਘਰ ਵਾਲੀ ਗੱਲ ਐ ਉਹਨਾਂ ਦੀ।"

ਹਾਕਮ ਦਿਲਾਸਾ ਵੀ ਦੇ ਗਿਆ ਸੀ, ਪਰ ਜਾਂਦਾ ਜਾਂਦਾ ਇਹ ਆਖ ਕੇ 'ਜੇ ਹੋਈ ਕੋਈ ਉੱਨੀ ਇੱਕੀ ਤਾਂ' ਉਹ ਪਰਨਾਲਾ ਉੱਥੇ ਦਾ ਉੱਥੇ ਹੀ ਛੱਡ ਗਿਆ ਸੀ। ਹਾਕਮ ਵੱਲੋਂ ਗੱਲ ਕਿਸੇ ਤਣ ਪੱਤਣ ਨਾ ਲਾਉਣ ਕਰਕੇ ਉਸਦੇ ਮਨ ਦਾ ਧੁੜਕੂ ਹੋਰ ਵਧ ਗਿਆ ਸੀ।

ਜਿਉਂ ਜਿਉਂ ਬੱਸ ਸ਼ਹਿਰ ਵੱਲ ਨੂੰ ਜਾ ਰਹੀ ਸੀ, ਤਿਉਂ ਤਿਉਂ ਉਸਦੇ ਦਿਲ ਦੀ ਧੜਕਣ ਤੇਜ਼ ਹੋ ਰਹੀ ਸੀ। ਕਈ ਵਾਰ ਉਸਨੂੰ ਜਾਪਿਆ ਜਿਵੇਂ ਧੜਕ ਧੜਕ ਕੇ ਦਿਲ ਸੀਨੇ 'ਚੋਂ ਬਾਹਰ ਆ ਨਿਕਲੇਗਾ। ਆਪਣਾ ਧਿਆਨ ਇਸ ਗੱਲ ਤੋਂ ਹਟਾਉਣ ਲਈ ਉਸਨੇ ਬੱਸ ਦੀ ਬਾਰੀ ਵਿਚੋਂ ਬਾਹਰ ਵੱਲ ਨਿਗਾਹ ਮਾਰੀ। ਸੜਕ ਦੇ ਆਸੇ ਪਾਸੇ ਸੋਨੇ ਰੰਗੀ ਕਣਕ ਨੂੰ ਦੇਖ ਕੇ ਇਕ ਪਲ ਲਈ ਤਾਂ ਉਸ ਅੰਦਰਲਾ ਕਿਸਾਨ ਖੁਸ਼ੀ ਨਾਲ ਖੀਵਾ ਹੋ ਗਿਆ। ਇਹ ਖੇਤ ਦੇਖ ਕੇ ਉਸਨੂੰ ਆਪਣੀ ਫਸਲ ਯਾਦ ਆ ਗਈ। ਪਰ ਅਗਲੇ ਹੀ ਪਲ ਐਡਵੋਕੇਟ ਅਜੀਤ ਸਿੰਘ ਦੇ ਬੋਲ ਉਸਦੇ ਕੰਨਾਂ ਵਿਚ ਖੌਰੂ ਪਾਉਣ ਲੱਗੇ। ਐਡਵੋਕੇਟ ਦੇ ਸਹਿਜਤਾ ਨਾਲ ਕਹੇ ਬੋਲ ਵੀ ਉਸਦੇ ਕੰਨਾਂ ਵਿਚ ਹਥੌੜਿਆਂ ਵਾਂਗ ਵੱਜ ਰਹੇ ਸਨ।

'ਜੇਕਰ ਅੱਜ ਉਹਨਾਂ ਨੇ ਕਾਰ ਦੀ ਮੰਗ ਰੱਖ ਦਿੱਤੀ ਜਾਂ ਨਕਦ ਨਾਮਾ ਮੰਗ ਲਿਆ ਤਾਂ ਮੈਂ ਹਾਂ ਕਰ ਦੇਣੀ ਐ। ਇਸ ਤਰ੍ਹਾਂ ਵਾਰ ਵਾਰ ਰਿਸ਼ਤਾ ਤੋੜਨ ਨਾਲ ਤਾਂ ਕੁੜੀ ਦਾ ਰਿਸ਼ਤਾ ਹਮੇਸ਼ਾ ਲਈ ਅਟਕ ਜਾਵੇਗਾ ਤੇ ਲੋਕ ਤਾਂ ਮਿੰਟੋ ਮਿੰਟੀ ਖੰਭਾਂ ਦੀਆਂ ਡਾਰਾਂ ਬਣਾ ਦਿੰਦੇ ਨੇ। ਮੁੰਡੇ ਵਾਲੇ ਤਾਂ ਹੁਣੇ ਈ ਨੀ ਮਾਣ, ਜੇ ਕੁੜੀ ਦਾ ਦੋ ਵਾਰ ਰਿਸ਼ਤਾ ਟੁੱਟ ਗਿਆ ਤਾਂ ਕੰਮ ਔਖਾ ਹੋ ਜਾਣੈ। ਨਾਲੇ ਕੁੜੀਆਂ ਨੂੰ ਕਿੰਨਾ ਕੁ ਚਿਰ ਘਰੇ ਬਿਠਾਇਆ ਜਾ ਸਕਦੈ। ਇਹ ਅੱਕ ਤਾਂ ਇਉਂ ਹੀ ਚੱਬਣਾ ਪੈਣਾ, ਭਾਵੇਂ ਕਿੰਨਾ ਵੀ ਕੌੜਾ ਕਿਉਂ ਨਾ ਹੋਵੇ। ਸਭ ਕੁਝ ਅੱਜ ਮੁਕਾ ਕੇ ਹੀ ਮੁੜਾਂਗਾ। ਆੜ੍ਹਤੀਏ ਦੇ ਜਾ ਕੇ ਗੱਲ ਨਿਬੇੜ ਲਵਾਂਗਾ। ਸੁਖ ਨਾਲ ਇਸ ਵਾਰ ਫਸਲ ਵੀ ਸੋਹਣੀ ਹੋ ਜਾਣੀ ਐ। ਫਿਕਰ ਕਿਸ ਗੱਲ ਦੀ ਹੈ। ਬੱਸ ਇਹ ਰਿਸ਼ਤਾ ਹੱਥੋਂ ਨਹੀਂ ਜਾਣਾ ਚਾਹੀਦਾ, ਜੋ ਮਰਜ਼ੀ ਹੋ ਜਾਏ।' ਉਹ ਬੈਠਾ ਬੈਠਾ ਆਪਣੇ ਆਪ ਨਾਲ ਉਲਝਿਆ ਹੋਇਆ ਸੀ।

"ਬੱਸ ਅੱਡੇ ਆਲ਼ੇ...ਬੱਸ ਅੱਡੇ ਆਲ਼ੇ ਉਤਰੋ ਬਈ, ਬੱਸ ਅੰਦਰ ਨੀ ਜਾਣੀ ਬੱਸ ਅੱਡੇ ਦੇ।" ਬੱਸ ਕੰਡਕਟਰ ਦੀ ਉੱਚੀ ਆਵਾਜ਼ ਨੇ ਉਸਨੂੰ ਸੋਚਾਂ 'ਤੋਂ ਬਾਹਰ ਕੱਢਿਆ।

ਬੱਸ ਦੀ ਪਿਛਲੀ ਤਾਕੀ ਉੱਤਰ ਉਹ ਬਾਜ਼ਾਰ ਵੱਲ ਤੁਰ ਪਿਆ। ਭਾਵੇਂ ਹੋਟਲ ਤਕ ਪਹੁੰਚਣ ਲਈ ਰਿਕਸ਼ਾ ਲੈਣਾ ਬਿਹਤਰ ਸੀ, ਪਰ ਉਸਨੇ ਤੁਰ ਕੇ ਜਾਣ ਨੂੰ ਹੀ ਬਿਹਤਰ ਸਮਝਿਆ।

'ਦਸਾਂ ਮਿੰਟਾਂ ਦੀ ਵਾਟ ਐ। ਤੁਰੇ ਚੱਲਦੇ ਆਂ', ਸੋਚਕੇ ਉਹ ਰਾਹੇ ਪੈ ਗਿਆ। ਜਿਵੇਂ ਜਿਵੇਂ ਹੋਟਲ ਨੇੜੇ ਆ ਰਿਹਾ ਸੀ, ਉਸਦਾ ਦਿਲ ਘਟ ਰਿਹਾ ਸੀ। 'ਜੇਕਰ ਵੱਡੀ ਕਾਰ ਤੇ ਨਕਦ ਨਾਮਾ ਦੋਵੇਂ ਹੀ ਮੰਗ ਲਏ? ਫੇਰ ਤਾਂ ਕਸੂਤਾ ਯੱਭ ਖੜ੍ਹਾ ਹੋ ਜਾਊ। ਸ਼ਹਿਰ ਦੇ ਕਹਿੰਦੇ ਕਹਾਉਂਦੇ ਵਕੀਲ ਦਾ ਇਕਲੌਤਾ ਸਰਕਾਰੀ ਵਕੀਲ ਮੁੰਡਾ ਹੋਵੇ ਤੇ ਮੰਗ ਤਾਂ ਉੱਚੀ ਹੋਣੀ ਸੁਭਾਵਕ ਹੀ ਐ। ਏਸੇ ਗੱਲੋਂ ਡਰਦਿਆਂ ਨੇ ਪਹਿਲਾਂ ਹੀ ਇਹ ਗੱਲਾਂ ਖੋਲ੍ਹਣ ਲਈ ਐਨਾ ਜ਼ੋਰ ਪਾਇਆ ਸੀ। ਪਰ ਉਦੋਂ ਤਾਂ ਪਤੰਦਰਾਂ ਨੇ ਲੈਣ ਦੇਣ ਦਾ ਨਾਂ ਤਕ ਨਹੀਂ ਲਿਆ। ਅਖੇ ਰੱਬ ਦਾ ਦਿੱਤਾ ਸਭ ਕੁਝ ਐ ਸੁੱਖ ਨਾਲ। ਨਾ ਪੁੱਛੇ ਹੁਣ ਰੱਬ ਦੇ ਦਿੱਤੇ ਨੂੰ ਕਿਹੜੇ ਚੋਰ ਪੈ ਗਏ।' ਤੁਰਦਿਆਂ ਉਸਦੀ ਸੋਚ ਵੀ ਪੁਲਾਂਘਾਂ ਪੁੱਟਦੀ ਜਾ ਰਹੀ ਸੀ। 'ਪਰ ਐਤਕੀਂ ਗੱਲ ਹਰ ਹੀਲੇ ਸਿਰੇ ਲਾਉਣੀ ਐ, ਜੇ ਕਾਰ ਤੇ ਨਕਦੀ ਦੋਵੇਂ ਮੰਗ ਲਈਆਂ ਤਾਂ ਵੀ ਹਾਂ ਕਰ ਦੇਵਾਂਗਾ। ਆੜ੍ਹਤੀਏ ਤੋਂ ਵਿਆਜੂ ਫੜ ਲਵਾਂਗੇ। ਅਗਲੀ ਫਸਲ 'ਤੇ ਹੱਥ ਘੁੱਟ ਕੇ ਸਭ ਲਾਹ ਦਿਆਂਗੇ। ਬੱਸ ਐਡਵੋਕੇਟ ਸਾਬ੍ਹ ਨੂੰ ਇਕੋ ਬੇਨਤੀ ਕਰਾਂਗਾ ਕਿ ਇਸ ਲੈਣ ਦੇਣ ਦੀ ਸਾਡੇ ਟੱਬਰ ਦੇ ਕਿਸੇ ਜੀਅ ਕੋਲ਼ ਭਾਫ ਨਹੀਂ ਨਿਕਲਣੀ ਚਾਹੀਦੀ। ਐਨੀ ਕੁ ਗੱਲ ਤਾਂ ਮੰਨ ਹੀ ਜਾਣਗੇ।'

ਪੰਦਰਾਂ ਮਿੰਟ ਕਦੋਂ ਲੰਘ ਗਏ, ਉਸਨੂੰ ਪਤਾ ਹੀ ਨਾ ਲੱਗਿਆ। ਐਡਵੋਕੇਟ ਅਜੀਤ ਸਿੰਘ ਉਸਦੀ ਪਹਿਲੋਂ ਹੀ ਹੋਟਲ ਦੇ ਬਾਹਰ ਖੜ੍ਹਾ ਉਡੀਕ ਕਰ ਰਿਹਾ ਸੀ।

"ਸਤਿ ਸ੍ਰੀ ਅਕਾਲ ਸਰਦਾਰ ਸਾਬ੍ਹ", ਉਸਨੇ ਆਪਣੇ ਹੋਣ ਵਾਲੇ ਕੁੜਮ ਨਾਲ ਘੁੱਟ ਕੇ ਹੱਥ ਮਿਲਾਇਆ।

"ਆਓ, ਅੰਦਰ ਬੈਠ ਕੇ ਗੱਲਾਂ ਕਰਦੇ ਹਾਂ", ਆਖ ਕੇ ਐਡਵੋਕੇਟ ਉਸਨੂੰ ਹੋਟਲ ਦੇ ਅੰਦਰ ਲੈ ਗਿਆ। "ਦੱਸੋ ਕੀ ਖਾਣਾ ਪੀਣੈ? ਚਾਹ ਜਾਂ ਲੰਗਰ ਪਾਣੀ?" ਐਡਵੋਕੇਟ ਨੇ ਸੁਲ੍ਹਾ ਮਾਰੀ।

"ਚਾਹ ਹੀ ਪੀ ਲਵਾਂਗੇ", ਉਸਦੇ ਮੂੰਹੋਂ ਮਸਾਂ ਹੀ ਨਿਕਲਿਆ। 'ਵੈਸੇ ਤਾਂ ਚਾਹ ਵੀ ਕਿਹੜਾ ਸੰਘੀ 'ਚੋਂ ਨਿਕਲਣੀ ਐ ਹੁਣ', ਜੋਗਿੰਦਰ ਸਿੰਘ ਮਨ ਹੀ ਮਨ ਸੋਚ ਰਿਹਾ ਸੀ।

"ਮਾਫੀ ਚਾਹੁੰਨਾਂ, ਤੁਹਾਨੂੰ ਇਹ ਤਕਲੀਫ ਦਿੱਤੀ। ਪਰ ਕੁਝ ਗੱਲਾਂ ਨੇ, ਜੋ ਮੈਂ ਸਮਝਦਾਂ ਵਿਆਹ ਤੋਂ ਪਹਿਲਾਂ ਤੁਹਾਡੇ ਨਾਲ ਜ਼ਰੂਰ ਕਰ ਲਈਆਂ ਜਾਣ।" ਐਡਵੋਕੇਟ ਨੇ ਗੱਲਬਾਤ ਸ਼ੁਰੂ ਕੀਤੀ।

"ਮਾਫੀ ਆਲ਼ੀ ਕਿਹੜੀ ਗੱਲ ਐ ਜੀ, ਤੁਹਾਡਾ ਹੁਕਮ ਸਿਰ ਮੱਥੇ", ਉਸਨੇ ਜਵਾਬ ਦਿੱਤਾ।

"ਦਰ ਅਸਲ ਸਰਦਾਰ ਸਾਬ੍ਹ, ਮੈਂ ਤੁਹਾਡੇ ਨਾਲ ਆਪਣੇ ਦਿਲ ਦੀ ਗੱਲ ਕਰਨੀ ਚਾਹੁੰਨਾਂ। ਤੁਹਾਡੇ ਵਾਂਗ ਮੈਂ ਇਕ ਧੀ ਦਾ ਬਾਪ ਹਾਂ ਤੇ ਹਾਲੇ ਕੁਝ ਮਹੀਨੇ ਪਹਿਲਾਂ ਹੀ ਉਸਦਾ ਕਾਰਜ ਕਰ ਕੇ ਹਟਿਆ ਹਾਂ। ਇਕ ਧੀ ਦੇ ਬਾਪ ਦੇ ਸਿਰ 'ਤੇ ਜੋ ਭਾਰ ਹੁੰਦੈ, ਫਿਕਰਾਂ ਦੀ ਜੋ ਪੰਡ ਹੁੰਦੀ ਐ, ਮੈਂ ਉਸ ਤੋਂ ਭਲੀ ਭਾਂਤ ਜਾਣੂ ਹਾਂ। ਸੋ ਮੈਂ ਚਾਹੁੰਨਾਂ ਕਿ ਤੁਹਾਡੇ ਸਿਰ 'ਤੇ ਕੋਈ ਭਾਰ ਨਾ ਹੋਵੇ ਜਦੋਂ ਤੁਸੀਂ ਆਪਣੀ ਧੀ ਦਾ ਕਾਰਜ ਕਰ ਰਹੇ ਹੋਵੋ। ਸੋ ਮੇਰੀ ਬੇਨਤੀ ਹੈ ਕਿ ਸਾਨੂੰ ਖੁਸ਼ ਕਰਨ ਲਈ ਕੋਈ ਵੀ ਐਸਾ ਕੰਮ ਨਾ ਕਰਿਓ ਕਿ ਪੈਰ ਚਾਦਰ 'ਚੋਂ ਬਾਹਰ ਨਿਕਲ ਜਾਣ। ਤੁਸੀਂ ਆਪਣੀ ਧੀ ਦੇ ਕੇ ਜੋ ਅਹਿਸਾਨ ਸਾਡੇ 'ਤੇ ਕਰ ਰਹੇ ਹੋ, ਉਹ ਹੀ ਸਾਡੇ ਲਈ ਬਹੁਤ ਹੈ। ਹੋਰ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਹੱਥ ਜੋੜ ਕੇ ਬੇਨਤੀ ਹੈ ਕਿ ਕੋਈ ਲੈਣ ਦੇਣ ਦੇ ਚੱਕਰ 'ਚ ਨਾ ਪਇਓ। ਅਸੀਂ ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਅਸੀਂ ਲੈਣ ਦੇਣ ਦੇ ਬਿਲਕੁਲ ਵੀ ਹੱਕ ਵਿਚ ਨਹੀਂ ਹਾਂ। ਸਾਨੂੰ ਸਿਰਫ ਤੁਹਾਡੀ ਧੀ ਆਪਣੇ ਪੁੱਤ ਲਈ ਚਾਹੀਦੀ ਹੈ, ਬਾਕੀ ਰੱਬ ਦਾ ਦਿੱਤਾ ਬਹੁਤ ਕੁਝ ਹੈ ਸਾਡੇ ਕੋਲ਼।" ਕਹਿੰਦਿਆਂ ਕਹਿੰਦਿਆਂ ਐਡਵੋਕੇਟ ਦੇ ਬੋਲਾਂ ਵਿਚ ਨਮੀ ਭਰ ਗਈ ਸੀ ਤੇ ਜੋਗਿੰਦਰ ਸਿੰਘ ਦੀਆਂ ਭਰੀਆਂ ਅੱਖਾਂ ਛਲਕ ਪਈਆਂ ਸਨ।

ਜੋਗਿੰਦਰ ਸਿੰਘ ਦੇ ਹੱਥ ਹਾਲੇ ਵੀ ਐਡਵੋਕੇਟ ਦੇ ਹੱਥਾਂ ਵਿਚ ਘੁੱਟੇ ਹੋਏ ਸਨ ਤੇ ਉਸਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਹੱਥਾਂ ਦੀ ਇਹ ਘੁੱਟਣ ਇਕ ਨਿੱਘੇ ਤੇ ਪਿਆਰੇ ਰਿਸ਼ਤੇ ਦੇ ਭਵਿੱਖ ਦੀ ਗਵਾਹੀ ਭਰ ਰਹੀ ਹੋਵੇ। 000

***(9024 Wharton Way, Elk Grove CA95624 USA)***
***Email: drgilldvm@yahoo.com***
***Phone: +1916-753-2868)***

---

## ਵਿਛੋੜਾ ਦੇ ਗਈਆਂ ਮਹਾਨ ਸ਼ਖਸੀਅਤਾਂ

## ਸੁਰਜੀਤ ਹਾਂਸ, ਦਲੀਪ ਕੌਰ ਟਿਵਾਣਾ, ਜਸਵੰਤ ਸਿੰਘ ਕੰਵਲ

ਪਿਛਲੇ ਦਿਨੀਂ ਥੋੜ੍ਹੇ ਜਿਹੇ ਸਮੇਂ ਵਿਚ ਹੀ ਵਾਰੋ ਵਾਰੀ ਸਦੀਵੀ ਵਿਛੋੜਾ ਦੇ ਗਏ ਡਾ. ਸੁਰਜੀਤ ਹਾਂਸ, ਡਾ. ਦਲੀਪ ਕੌਰ ਟਿਵਾਣਾ ਅਤੇ ਜਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ-ਜਗਤ ਵਿਚ ਨਿਵੇਕਲ਼ੀ ਪਛਾਣ ਵਾਲੇ ਬਹੁਤ ਵੱਡੇ ਨਾਂ ਸਨ। ਆਪੋ ਆਪਣੀ ਥਾਂ ਤਿੰਨਾਂ ਦੀ ਹੀ ਸਾਹਿਤ, ਸਿਰਜਣਾ ਅਤੇ ਚਿੰਤਨ ਦੇ ਪੱਖ ਤੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਦੇਣ ਬਹੁਤ ਗੌਰਵਸ਼ਾਲੀ ਸੀ। ਜਸਵੰਤ ਸਿੰਘ ਕੰਵਲ ਪੰਜਾਬੀ ਦਾ ਸਭ ਤੋਂ ਵੱਧ ਲੋਕਪ੍ਰਿਯ ਨਾਵਲਕਾਰ ਪੰਜਾਬੀ ਨਾਵਲ-ਨਿਗਾਰੀ ਦਾ ਵੱਡਾ ਥੰਮ ਸੀ। ਦਲੀਪ ਕੌਰ ਟਿਵਾਣਾ ਨੇ ਕਮਾਲ ਦੀ ਸਹਿਜਤਾ ਨਾਲ ਔਰਤ ਦੀ ਸੰਵੇਦਨਾ ਨੂੰ ਆਪਣੇ ਨਾਵਲਾਂ ਵਿਚ ਰੂਪਮਾਨ ਕੀਤਾ ਸੀ। ਡਾ. ਸੁਰਜੀਤ ਹਾਂਸ ਦੀ ਸਿਰਜਣਾਤਮਕ ਬੌਧਿਕਤਾ ਕਵਿਤਾ ਤੇ ਗਲਪ ਵਿਚ ਨਿਵਕੇਲੀ ਸਿਰਜਣਾ ਤੋਂ ਲੈ ਕੇ ਵਿਸ਼ਵ ਚਿੰਤਨ ਤੇ ਇਤਿਹਾਸਕਾਰੀ ਤਕ ਫੈਲੀ ਹੋਈ ਸੀ। ਸੰਪਾਦਕ ਸਿਰਜਣਾ ਲਈ ਇਹ ਵੱਡੇ ਮਾਣ ਵਾਲੀ ਗੱਲ ਸੀ ਕਿ ਤਿੰਨਾਂ ਹੀ ਮਹਾਂ ਸ਼ਖਸੀਅਤਾਂ ਨਾਲ ਅੱਧੀ ਸਦੀ ਤੋਂ ਵੀ ਵੱਧ ਦੇ ਸਮੇਂ ਤਕ ਫੈਲਿਆ ਨੇੜਤਾ, ਸਾਂਝ ਅਤੇ ਦੋਸਤੀ ਵਾਲਾ ਨਿੱਘਾ ਰਿਸ਼ਤਾ ਬਣਿਆ ਰਿਹਾ ਸੀ। ਇਹਨਾਂ ਕਲਮ ਦੇ ਧਨੀਆਂ ਅਤੇ ਸ਼ਾਨਦਾਰ ਜੀਆਂ ਦੀ ਕੀਰਤੀ ਨੂੰ ਭਾਵ-ਭਿੰਨੀ ਸ਼ਰਧਾਂਜਲੀ। **-ਸੰਪਾਦਕ**

---

# ਅਜਮੇਰ ਸਿੱਧੂ ਨਾਲ ਮੁਲਾਕਾਤ: ਮੁਲਾਕਾਤੀ: ਮਨਪ੍ਰੀਤ ਕੌਰ

*ਅਜਮੇਰ ਸਿੱਧੂ ਨੇ ਰੰਗਮੰਚ ਵੀ ਕੀਤਾ। ਦੇਸ਼ ਭਗਤ ਅਤੇ ਕ੍ਰਾਂਤੀਕਾਰੀਆਂ ਦੀਆਂ ਜੀਵਨੀਆਂ ਵੀ ਲਿਖੀਆਂ। ਲੰਬਾ ਸਮਾਂ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਦੋਆਬੇ ਦੇ ਕਈ ਪਿੰਡਾਂ ਦਾ ਇਤਿਹਾਸ ਵੀ ਲਿਖਿਆ। ਇਹ ਮੌਖਿਕ ਇਤਿਹਾਸ ਸੀ। ਇਸ ਵਿਚ ਜ਼ਿਆਦਾਤਰ ਦੇਸ਼ ਦੀ ਆਜ਼ਾਦੀ ਅਤੇ ਲੋਕ ਮੁਕਤੀ ਲਈ ਉੱਠੀਆਂ ਲਹਿਰਾਂ ਵਿਚ ਹਿੱਸਾ ਲੈਣ ਵਾਲੇ ਪਿੰਡਾਂ ਦਾ ਜ਼ਿਕਰ ਸੀ। ਸਿੱਧੂ ਨੇ ਉਹ ਪਿੰਡ ਵਿਸ਼ੇਸ਼ ਤੌਰ 'ਤੇ ਲਏ, ਜਿਨ੍ਹਾਂ ਨੂੰ 1947 ਦੇ ਕਤਲੇਆਮ ਵੇਲੇ ਜਨੂੰਨੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ। ਬਹੁਤ ਸਾਰੀਆਂ ਜਬਰੀ ਰੱਖੀਆਂ ਗਈਆਂ ਜਾਂ ਮਜਬੂਰੀਵਸ ਭਾਰਤੀ ਪੰਜਾਬ ਵਿਚ ਰਹਿ ਗਈਆਂ ਮੁਸਲਿਮ ਔਰਤਾਂ ਨਾਲ ਮੁਲਾਕਾਤਾਂ ਕੀਤੀਆਂ ਸਨ। ਇਸੇ ਕਾਰਨ ਉਹ 'ਇਕਬਾਲ ਹੁਸੈਨ ਮੋਇਆ ਨਹੀਂ'' ਅਤੇ 'ਬਲ਼ਦੇ ਚਿਰਾਗ਼' ਵਰਗੀਆਂ ਕਲਾਤਮਕ ਕਹਾਣੀਆਂ ਲਿਖ ਸਕਿਆ। ਉਸਨੇ ਹੋਰ ਵੀ ਕਈ ਸਿਰਜਣਾਤਮਕ ਕਾਰਜ ਕੀਤੇ ਪਰ ਪੰਜਾਬੀ ਸਾਹਿਤ ਵਿਚ ਉਸਦੀ ਪਹਿਚਾਣ ਕਹਾਣੀਕਾਰ ਵਜੋਂ ਹੀ ਉੱਭਰੀ ਹੈ।*

*ਅਜਮੇਰ ਸਿੱਧੂ ਦੇ ਹੁਣ ਤਕ 'ਨਚੀਕਤਾ ਦੀ ਮੌਤ' (1998), 'ਖੂਹ ਗਿੜਦਾ ਹੈ' (2004), 'ਖ਼ੁਸ਼ਕ ਅੱਖ ਦਾ ਖ਼ਾਬ' (2013), 'ਰੰਗ ਦੀ ਬਾਜ਼ੀ' (2018) ਚਾਰ ਕਹਾਣੀ ਸੰਗ੍ਰਹਿ ਆ ਚੁੱਕੇ ਹਨ। ਚੌਥੀ ਪੀੜ੍ਹੀ ਦੇ ਪ੍ਰਮੁੱਖ ਕਹਾਣੀਕਾਰਾਂ ਵਿਚੋਂ ਉਹ ਇਕ ਹੈ। ਆਪਣੇ ਸਿਰਜਣਾਤਮਕ ਸਫਰ ਦੌਰਾਨ ਉਸ ਨੇ ਗਿਣਤੀ ਦੇ ਪੱਖ ਤੋ ਤਾਂ ਥੋੜ੍ਹੀਆਂ ਹੀ ਕਹਾਣੀਆਂ ਲਿਖੀਆਂ ਹਨ ਪਰ ਪੰਜਾਬੀ ਕਹਾਣੀ ਵਿਚ ਯਕੀਨਨ ਵਰਨਣਯੋਗ ਵਾਧਾ ਕੀਤਾ ਹੈ। ਉਸ ਕੋਲ ਵਿਸ਼ਿਆਂ ਦੀ ਵੰਨ-ਸੁਵੰਨਤਾ ਹੈ ਅਤੇ ਕਹਾਣੀ ਕਹਿਣ ਦੀ ਉਸਨੂੰ ਜਾਚ ਵੀ ਹੈ। ਪੇਸ਼ ਹਨ ਅਜਮੇਰ ਸਿੱਧੂ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼:*

**ਬਚਪਨ ਦੀਆਂ ਉਹ ਯਾਦਾਂ ਸਾਂਝੀਆਂ ਕਰੋ, ਜਿਹੜੀਆਂ ਤੁਹਾਡੇ ਅੰਦਰ ਕਹਾਣੀ ਦੇ ਬੀਜ ਬੀਜਣ ਵਿਚ ਸਹਾਈ ਹੁੰਦੀਆਂ ਹਨ?**

ਬਚਪਨ ਵਿਚ ਮੈਂ ਆਪਣੇ ਪਿਤਾ ਜੀ ਤੇ ਵੱਡੇ ਭਰਾ ਕੋਲ਼ੋਂ ਰਾਤਾਂ ਨੂੰ ਬਹੁਤ ਸਾਰੀਆਂ ਬਾਤਾਂ ਸੁਣੀਆਂ ਹੋਈਆਂ ਹਨ, ਜਿਹੜੀਆਂ ਮੈਨੂੰ ਬਾਅਦ ਵਿਚ ਕਹਾਣੀ ਨਾਲ ਜੋੜਦੀਆਂ ਹਨ। ਪਿੰਡ ਵਿਚ ਹੁੰਦੇ ਧਾਰਮਿਕ ਸਮਾਗਮਾਂ 'ਤੇ ਰਾਗੀਆਂ, ਢਾਡੀਆਂ ਤੇ ਕਵੀਸ਼ਰਾਂ ਵੱਲੋਂ ਸੁਣਾਏ ਇਤਿਹਾਸਕ ਪ੍ਰਸੰਗ ਵੀ ਇਸੇ ਕੜੀ ਦਾ ਹਿੱਸਾ ਹਨ। ਪਿੰਡ ਵਿਚ ਹੁੰਦੇ ਧਾਰਮਿਕ, ਸਮਾਜਕ ਤੇ ਸਿੱਖਿਆਦਾਇਕ ਡਰਾਮੇ ਵੀ ਕਹਾਣੀ ਰਸ ਨਾਲ ਜੋੜਦੇ ਸਨ। ਪੰਜਾਬ ਦੀ ਇਨਕਲਾਬੀ ਤਹਿਰੀਕ ਨਾਲ ਜੁੜੇ ਨਾਟਕਾਂ ਦੀਆਂ ਪੇਸ਼ਕਾਰੀਆਂ, ਰਾਜਨੀਤਕ ਕਾਨਫਰੰਸਾਂ ਅਤੇ ਰਾਜਸੀ ਲਿਟਰੇਚਰ ਪੜ੍ਹਨ ਨੇ ਸਭ ਤੋਂ ਵੱਧ ਮੇਰੇ ਸਾਹਿਤ ਪੜ੍ਹਨ ਅਤੇ ਲੇਖਕ ਬਣਨ ਵਿਚ ਭੂਮਿਕਾ ਨਿਭਾਈ ਹੈ। 'ਹਿਰਾਵਲ ਦਸਤਾ' ਅਤੇ 'ਸੁਰਖ ਰੇਖਾ' ਰਾਜਨੀਤਕ ਪਰਚਿਆਂ ਵਿਚ ਛਪਦੀਆਂ ਟਾਂਵੀਆਂ-ਟਾਂਵੀਆਂ ਕਹਾਣੀਆਂ ਵੀ ਆਕਰਸ਼ਤ ਕਰਦੀਆਂ ਸਨ।

**ਸਕੂਲ ਕਾਲਜ ਦਾ ਪ੍ਰਭਾਵ ਵੀ ਰਿਹਾ?**

ਹਾਂ, ਥੋੜ੍ਹਾ ਰਿਹਾ। ਦਰਅਸਲ ਮੇਰੀ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਸਰਦਾਰਨੀ ਬਲਦੇਵ ਕੌਰ ਸੀ। ਜਿਵੇਂ ਮੇਰਾ ਭਰਾ ਸਤਨਾਮ ਸਿੰਘ ਵਿਦਿਆਰਥੀਆਂ ਤੇ ਨੌਜਵਾਨਾਂ ਦੀਆਂ ਜੱਥੇਬੰਦੀਆਂ ਨਾਲ ਜੁੜਿਆ ਹੋਇਆ ਸੀ, ਉਵੇਂ ਮੇਰੀ ਅਧਿਆਪਕਾ ਦਾ ਦਿਓਰ ਵੀ ਇਸ ਪਾਸੇ ਹੀ ਸਰਗਰਮ ਸੀ।

ਜਸਵੰਤ ਸਿੰਘ ਕੰਵਲ ਦਾ ਨਾਵਲ 'ਲਹੂ ਦੀ ਲੋਅ' ਉਨ੍ਹਾਂ ਮੈਨੂੰ ਅੱਠਵੀਂ ਜਮਾਤ ਦੇ ਪੱਕੇ ਪੇਪਰਾਂ ਤੋਂ ਬਾਅਦ ਪੜ੍ਹਾ ਦਿੱਤਾ ਸੀ। ਮੇਰੇ ਦੋਆਬਾ ਸਿੱਖ ਨੈਸ਼ਨਲ ਹਾਈ ਸਕੂਲ ਨਵਾਂ ਸ਼ਹਿਰ ਦਾ ਚੰਗੀ ਤਾਲੀਮ ਦੇਣ ਵਿਚ ਬਹੁਤ ਯੋਗਦਾਨ ਆ ਪਰ ਸਾਹਿਤ ਨਾਲ ਜੋੜਨ ਵਿਚ ਉਹ ਫਾਡੀ ਹੀ ਰਹੇ। ਹਾਂ, ਉੱਥੇ ਰਣਜੀਤ ਵਰਗੇ ਮੇਰੇ ਜਮਾਤੀ ਤੇ ਦੋਸਤ ਜ਼ਰੂਰ ਕਿਤਾਬਾਂ ਆਦਾਨ-ਪ੍ਰਦਾਨ ਕਰਨ ਦਾ ਇਹ ਰੋਲ ਨਿਭਾਉਂਦੇ ਸਨ। ਕਾਲਿਜ ਵਿਚ ਜਾ ਕੇ ਤਾਂ ਮੈਂ ਆਪ ਹੀ ਸਾਹਿਤਕ ਮਾਹੌਲ ਬਣਾਉਣ ਵਿਚ ਸਰਗਰਮ ਹੋ ਗਿਆ। ਸਕੂਲ ਤੇ ਕਾਲਿਜ ਦੀ ਮੇਰੀ ਪੜ੍ਹਾਈ ਦਾ ਸਾਰਾ ਸਮਾਂ ਪੰਜਾਬ ਸੰਤਾਪ ਦੇ ਵਰ੍ਹਿਆਂ ਦਾ ਸਮਾਂ ਹੈ, ਜਦੋਂ ਖਾਲਸਤਾਨੀ ਦਹਿਸ਼ਤਗਰਦੀ ਦਾ ਬੋਲਬਾਲਾ ਸੀ। 1984 ਦਾ ਸਿੱਖ ਕਤਲੇਆਮ, ਸਾਕਾ ਨੀਲਾ ਤਾਰਾ, ਬਲੈਕ ਥੰਡਰ, ਸਿੱਖ ਨੌਜਵਾਨਾਂ, ਕਮਿਊਨਿਸਟਾਂ ਤੇ ਆਮ ਲੋਕਾਂ ਦੇ ਕਤਲ ਇਸ ਸਮੇਂ ਦੌਰਾਨ ਹੀ ਹੋਏ। ਇਹਨਾਂ ਹਾਲਾਤ ਦੇ ਤਿੱਖੇ ਪ੍ਰਭਾਵ ਨੇ ਵੀ ਮੈਨੂੰ ਨਾਟਕ ਤੇ ਕਹਾਣੀ ਨਾਲ ਜੋੜਿਆ।

**ਤੁਸੀਂ ਆਪਣੀ ਪਹਿਲੀ ਕਹਾਣੀ 'ਨਚੀਕੇਤਾ ਦੀ ਮੌਤ' ਤੋਂ ਲੈ ਕੇ ਚੌਥੇ ਕਹਾਣੀ ਸੰਗ੍ਰਹਿ 'ਰੰਗ ਦੀ ਬਾਜ਼ੀ' ਦੀ ਆਖ਼ਰੀ ਕਹਾਣੀ 'ਝਨਾਅ ਦੀਆਂ ਛੱਲਾਂ' ਦੇ ਸਫ਼ਰ ਤਕ ਰਚਨਾਤਮਕ ਪ੍ਰਕਿਰਿਆ ਵਿਚ ਵਾਪਰੇ ਪਰਿਵਰਤਨਾਂ ਬਾਰੇ ਦੱਸੋ?**

ਮੇਰੀ ਪਹਿਲੀ ਕਹਾਣੀ 'ਨਚੀਕੇਤਾ ਦੀ ਮੌਤ' 1995 ਵਿਚ ਛਪੀ। ਉਸ ਸਮੇਂ 'ਗੌਰਜਾਂ' ਕਹਾਣੀ ਵੀ ਛਪੀ। ਇਸ ਸਮੇਂ ਤੋਂ ਪਹਿਲਾਂ ਕਹਾਣੀ ਤਾਂ ਹਰ ਵਿਸ਼ੇ 'ਤੇ ਲਿਖੀ ਜਾਂਦੀ ਰਹੀ ਹੋਵੇਗੀ, ਪਰ ਉਸ ਸਮੇਂ ਕਿਸਾਨੀ ਸਮੱਸਿਆਵਾਂ ਤੇ ਔਰਤ-ਮਰਦ ਦੇ ਸੰਬੰਧਾਂ ਵਾਲੀਆਂ ਕਹਾਣੀਆਂ ਦਾ ਬੋਲਬਾਲਾ ਸੀ। 1990 ਤੋਂ ਬਾਅਦ ਚੌਥੀ ਪੀੜ੍ਹੀ ਦੇ ਨਵੇਂ ਕਥਾਕਾਰਾਂ ਦਾ ਇਕ ਪੂਰ ਸਾਹਮਣੇ ਆਇਆ। ਵੱਖ-ਵੱਖ ਵਰਗਾਂ ਤੇ ਪਿਛੋਕੜ ਵਿਚੋਂ ਆਏ ਹੋਣ ਅਤੇ ਨਿਵੇਕਲੇ ਅਨੁਭਵ ਕਰਕੇ, ਉਹਨਾਂ ਦੀਆਂ ਕਹਾਣੀਆਂ ਵਿਚ ਵਿਸ਼ਿਆਂ ਦੀ ਵੰਨ ਸੁਵੰਨਤਾ ਦੇਖਣ ਨੂੰ ਮਿਲੀ। ਕਹਾਣੀ ਇਕ -ਪਰਤੀ ਤੋਂ ਬਹੁ-ਪਰਤੀ ਹੋ ਗਈ। ਕਹਾਣੀ ਕਹਿਣ ਲਈ ਵੀ ਨਵੀਆਂ ਜੁਗਤਾਂ ਤੇ ਤਕਨੀਕਾਂ ਵਰਤੀਆਂ ਜਾਣ ਲੱਗੀਆਂ। ਮੇਰੇ ਚਾਰ ਕਹਾਣੀ-ਸੰਗ੍ਰਹਿ 'ਨਚੀਕੇਤਾ ਦੀ ਮੌਤ', 'ਖੂਹ ਗਿੜਦਾ ਹੈ', 'ਖੁਸ਼ਕ ਅੱਖ ਦਾ ਖ਼ਾਬ' ਅਤੇ 'ਰੰਗ ਦੀ ਬਾਜ਼ੀ' ਛਪ ਚੁੱਕੇ ਹਨ। ਪਹਿਲੇ ਕਹਾਣੀ ਸੰਗ੍ਰਹਿ ਵੇਲੇ ਕਹਾਣੀ ਦਾ ਆਕਾਰ 9-10 ਪੰਨਿਆਂ ਤਕ ਸੀ। ਦੂਜੇ ਤੀਜੇ ਸੰਗ੍ਰਹਿਾਂ ਤਕ ਇਸ ਤੋਂ ਡੇਢਾ ਹੋ ਗਿਆ। ਚੌਥੇ ਸੰਗ੍ਰਹਿ ਵੇਲੇ ਵੱਡੇ ਤੇ ਛੋਟੇ ਆਕਾਰ ਦੀਆਂ ਕਹਾਣੀਆਂ ਲਿਖੀਆਂ ਗਈਆਂ। ਇਸ ਦੌਰਾਨ ਤਕਨੀਕ ਦੇ ਨਵੇਂ ਰਾਹ ਖੋਜੇ ਗਏ। ਮੈਂ ਕਹਾਣੀ ਵਿਚ ਉੱਤਮ-ਪੁਰਖੀ ਬਿਰਤਾਂਤਕਾਰ ਨੂੰ ਹਾਜ਼ਰ ਰੱਖਿਆ। ਮੈਂ ਇਸਨੂੰ ਇਕ ਵਿਧੀ ਵਜੋਂ ਵਰਤਿਆ। ਮੈਂ ਕਹਾਣੀਆਂ ਨੂੰ ਲਕੀਰੀ ਬਿਰਤਾਂਤ ਵਿਚ ਸੁਣਾਉਣ ਦੀ ਥਾਂ ਟੋਟਿਆਂ ਵਿਚ ਸੁਣਾਇਆ ਹੈ। ਮੈਂ ਆਪਣੀਆਂ ਕਹਾਣੀਆਂ ਵਿਚ ਅਜਿਹੇ ਪ੍ਰਤੀਕ ਸਿਰਜਦਾ ਹਾਂ, ਜਿਨ੍ਹਾਂ ਦੇ ਅਰਥ ਵਿਸ਼ਾਲ ਹੋ ਜਾਂਦੇ ਹਨ। ਅਸੀਂ ਮੁੱਢਲੇ ਪ੍ਰਮੁੱਖ ਕਹਾਣੀਕਾਰਾਂ ਦੇ ਸਥਾਪਤ ਮਾਪਦੰਡਾਂ ਵਿਚ ਕਈ ਵਾਧੇ ਕੀਤੇ ਹਨ। ਮੇਰੀਆਂ ਕਹਾਣੀਆਂ ਯਥਾਰਥ ਦੇ ਬਹੁ-ਪਾਸਾਰੀ ਰੂਪਾਂ ਨੂੰ ਇਕੋ ਵੇਲ਼ੇ ਫੜਨ ਦੀ ਕੋਸ਼ਿਸ਼ ਕਰਦੀਆਂ ਹਨ। ਸਾਡੀ ਕਹਾਣੀ ਨੇ ਸਿਧਾਂਤ ਤੋਂ ਖਹਿੜਾ ਛੁਡਾਇਆ ਹੈ। ਇਕੋ ਕਹਾਣੀ ਵਿਚ ਵਧੇਰੇ ਵਿਧੀਆਂ ਨੂੰ ਰਲ਼ਾ ਕੇ ਵਰਤਿਆ ਹੈ। ਮੈਂ ਬਹੁਤੀ ਕਹਾਣੀ ਪੰਜਾਬੀ ਖਿੱਤੇ ਬਾਰੇ ਲਿਖੀ ਹੈ ਪਰ ਦੇਸ਼ ਅਤੇ ਵਿਦੇਸ਼ ਨੂੰ ਵੀ ਕਲੇਵਰ ਵਿਚ ਲਿਆ ਹੈ। ਫ਼ਿਰਕਾਪ੍ਰਸਤੀ ਦੀ ਮਾਰ ਦੇ ਹਾਲਾਤ ਅਤੇ ਗਿਆਨ-ਵਿਗਿਆਨ ਲਈ ਮੇਰੀ ਚੇਟਕ ਨੇ ਇਹ ਰਾਹ ਮੋਕਲ਼ਾ ਕੀਤਾ ਹੈ। ਮੈਂ ਇਕੋ ਸਮੇਂ ਸ਼ਾਹਪੁਰ ਪਿੰਡ (ਕੰਡੇ ਦਾ ਜ਼ਖ਼ਮ) ਦੇ ਉਸ ਆਜੜੀ ਦੀ ਵੀ ਕਹਾਣੀ ਲਿਖ ਰਿਹਾ ਹਾਂ, ਜਿਹੜਾ ਪੇਂਡੂ ਧਨਾਢਾਂ ਦੇ ਜਬਰ ਖਿਲਾਫ਼ ਡਟਿਆ ਹੋਇਆ ਹੈ ਅਤੇ ਭੇਡ ਦਾ ਕਲੋਨ ਤਿਆਰ ਕਰ ਰਹੇ ਰੋਜ਼ਲਿਨ ਇੰਸਟੀਚਿਊਟ ਸਕਾਟਲੈਂਡ ਦੇ ਵਿਗਿਆਨੀਆਂ (ਦ ਲੈਨਿਨਜ਼ ਫਰੌਮ ਕਲੋਨ ਵੈਲੀ, ਅੰਨ੍ਹੇ ਸੁਜਾਖੇ) ਬਾਰੇ ਵੀ ਲਿਖ ਰਿਹਾ ਹਾਂ। ਮੈਂ ਨਾਸਾ ਬਾਰੇ ਵੀ ਲਿਖ ਰਿਹਾ ਹਾਂ।

**ਤੁਸੀਂ ਕਹਾਣੀ ਨੂੰ ਕਿਵੇਂ ਫੜਦੇ ਹੋ? ਮਤਲਬ ਕੋਈ ਵਿਸ਼ਾ ਤੁਹਾਡੇ ਜ਼ਿਹਨ ਵਿਚ ਕਿਵੇਂ ਆਉਂਦਾ ਹੈ? ਫੇਰ ਕਹਾਣੀ ਦਾ ਪੂਰਾ ਪੈਂਡਾ ਕਿਵੇਂ ਸਰ ਕਰਦੇ ਹੋ?**

ਮੇਰੇ ਨਾਲ, ਮੇਰੇ ਆਲ਼ੇ ਦੁਆਲ਼ੇ ਜਾਂ ਦੇਸ਼ ਵਿਦੇਸ਼ ਵਿਚ ਕਿਤੇ ਵੀ ਕੁਝ ਵਾਪਰਦਾ ਹੈ ਜਾਂ ਵਾਪਰਨ ਦੀ ਸੰਭਾਵਨਾ ਹੁੰਦੀ ਹੈ, ਉਸ ਘਟਨਾ ਦਾ ਵਿਸ਼ਾ ਮੈਂ ਆਪਣੇ ਅੰਦਰ ਸਮਾਅ ਲੈਂਦਾ ਹਾਂ। ਫਿਰ ਮੈਂ ਉਸ 'ਤੇ ਕੰਮ ਕਰਦਾ ਹਾਂ। ਉਸ ਵਿਚ ਬਹੁਤ ਕੁਝ ਮੈਂ ਆਪਣੇ ਕੋਲ਼ੋਂ ਜੋੜ ਲੈਂਦਾ ਹਾਂ। ਕੁਝ ਕੱਟ ਵੱਢ ਦਿੰਦਾ ਹਾਂ। ਕਲਪਨਾ ਦੀ ਪੁੱਠ ਦੇਣੀ ਪੈਂਦੀ ਹੈ। ਫਿਰ ਕਹਾਣੀ ਲਿਖਦਾ ਹਾਂ। ਪੰਜ-ਸੱਤ ਵਾਰ ਵੀ ਲਿਖਦਾ ਹਾਂ, ਜ਼ਿਆਦਾ ਵਾਰ ਵੀ। ਮਸਲਨ ਮੇਰੀ ਕਹਾਣੀ 'ਕੰਡੇ ਦਾ ਜ਼ਖ਼ਮ' ਹੈ, ਜੋ ਪਾਸ਼ ਦੀ ਇਸੇ ਨਾਂ ਦੀ ਕਵਿਤਾ ਦਾ ਗਲਪੀ ਰੂਪ ਹੈ। ਪਾਸ਼ ਨੇ ਇਹ ਕਵਿਤਾ ਸ਼ਾਇਰ ਸੁਖਵਿੰਦਰ ਕੰਬੋਜ ਦੇ ਪਿੰਡ ਸ਼ਾਹਪੁਰ ਦੇ ਇਕ ਆਜੜੀ ਨੂੰ ਕਿਸਾਨੀ ਜੀਵਨ ਦੀ ਪੁੱਠ ਦੇ ਕੇ ਲਿਖੀ ਸੀ। ਇਹ ਕਹਾਣੀ ਲਿਖਣ ਵੇਲ਼ੇ ਮੇਰੇ ਸਾਹਮਣੇ ਮਜ਼ਦੂਰ ਆਗੂ ਬੰਤ ਸਿੰਘ ਝੱਬਰ ਦੀ ਬੇਟੀ ਦਾ ਬਲਾਤਕਾਰ, ਝੱਬਰ ਦੀਆਂ ਬਾਹਾਂ ਵੱਢੀਆਂ ਜਾਣੀਆਂ, ਮੇਰੀ ਆਪਣੀ ਇਕ ਵਿਦਿਆਰਥਣ ਦਾ ਸਰੀਰਕ ਸੋਸ਼ਣ ਕਰਨ ਉਪਰੰਤ ਉਸਦਾ ਵੀਡਿਓ ਕਲਿਪ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਉਣਾ, ਨਕਸਲੀ ਲਹਿਰ ਦੇ ਸ਼ਾਇਰਾਂ ਦਾ ਇਨਕਲਾਬ ਦਾ ਸੁਪਨਾ ਲੈਣਾ, ਸੁਪਨੇ ਦਾ ਟੁੱਟਣਾ ਅਤੇ ਫਿਰ ਵਿਦੇਸ਼ਾਂ ਵਿਚ ਉਨ੍ਹਾਂ ਦਾ ਸੈੱਟ ਹੋਣਾ ਸੀ। ਮੈਂ ਇਹ ਸਭ ਕਾਸੇ ਨੂੰ ਲੈ ਕੇ ਕਹਾਣੀ ਜੋੜੀ ਹੈ।

**ਔਰਤ-ਮਰਦ ਸੰਬੰਧਾਂ ਨੂੰ ਲੈ ਕੇ ਰਚੀ ਗਈ ਪੰਜਾਬੀ ਕਹਾਣੀ ਵਿਚ ਸਰੀਰਕ ਸਬੰਧਾਂ ਦੀ ਖੁੱਲ੍ਹੀ ਪੇਸ਼ਕਾਰੀ ਕੀ ਮਸਾਲਾ ਪੈਦਾ ਕਰਨ ਲਈ ਨਹੀਂ ਕੀਤੀ ਜਾ ਰਹੀ?**

ਮਨਪ੍ਰੀਤ, ਅਸੀਂ ਅਜਿਹੀਆਂ ਕਹਾਣੀਆਂ ਨੂੰ ਠਰਕੀ ਚੇਤਨਾ ਦੀਆਂ ਕਹਾਣੀਆਂ ਕਹਿੰਦੇ ਹਾਂ। ਲੇਖਕ ਖੁਦ ਵੀ ਠਰਕ ਭੋਰਦਾ ਹੈ ਤੇ ਪਾਠਕ ਨੂੰ ਵੀ ਸੁਆਦ ਦਿੰਦਾ ਹੈ। ਇਹ ਲੇਖਕ ਭਾਈਚਾਰਾ ਜਾਣ ਬੁੱਝ ਕੇ ਕਰਦਾ ਹੈ। ਕਿਉਂਕਿ ਇਹਦੇ ਨਾਲ ਪਾਠਕਾਂ ਦੀ ਗਿਣਤੀ ਵੱਧਦੀ ਹੈ। ਮੈਂ ਵੀ ਔਰਤ-ਮਰਦ ਦੇ ਰਿਸ਼ਤੇ ਅਤੇ ਸਰੀਰਕ ਸੰਬੰਧਾਂ ਉੱਤੇ ਕਈ ਕਹਾਣੀਆ ਲਿਖੀਆਂ ਹਨ ਜਿਵੇਂ 'ਥੇਹ', 'ਨਸੂਰ', 'ਪਿੱਠ ਭੂਮੀ', 'ਬੰਦ ਦਰਵਾਜ਼ਾ', 'ਕੁਰੂਕਸ਼ੇਤਰ ਤੋਂ ਪਾਰ', ਅਤੇ 'ਝਨਾਅ ਦੀਆਂ ਛੱਲਾਂ'। ਪਰ ਮੈਂ ਕਹਿ ਸਕਦਾ ਹਾਂ ਕਿ ਇਹ ਕਹਾਣੀਆਂ ਮੈਂ ਬੜੀ ਜ਼ਿੰਮੇਵਾਰੀ ਨਾਲ ਲਿਖੀਆਂ ਹਨ।

**ਉਂਝ ਤਾਂ ਲੇਖਕ ਵੱਲੋਂ ਸਿਰਜੀ ਗਈ ਹਰ ਕਹਾਣੀ ਉਸਦੀ ਨਜ਼ਰ ਵਿਚ ਉੱਤਮ ਹੁੰਦੀ ਹੈ ਪਰ ਤੁਸੀਂ ਆਪਣੀਆਂ ਕਹਾਣੀਆਂ ਵਿਚੋਂ ਕਿਹੜੀ ਦਿਲ ਦੇ ਬਹੁਤ ਕਰੀਬ ਸਮਝਦੇ ਹੋ?**

ਮੇਰੀਆਂ ਕਹਾਣੀਆਂ 'ਇਕਬਾਲ ਹੁਸੈਨ ਮੋਇਆ ਨਹੀਂ' ਅਤੇ 'ਸ਼ਾਇਦ ਰੰਮੀ ਮੰਨ ਜਾਵੇ' ਨੂੰ ਆਲੋਚਕਾਂ ਤੇ ਪਾਠਕਾਂ ਵੱਲੋਂ ਬਹੁਤ ਹੁੰਗਾਰਾ ਮਿਲਿਆ ਹੈ। 'ਇਕਬਾਲ ਹੁਸੈਨ ਮੋਇਆ ਨਹੀਂ' ਕਹਾਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਦਿੱਲੀ ਯੂਨੀਵਰਸਿਟੀ ਦੇ ਸਿਲੇਬਸ ਵਿਚ ਲੱਗੀ ਹੋਈ ਹੈ। ਅੰਗਰੇਜ਼ੀ, ਉਰਦੂ, ਹਿੰਦੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਆ। 'ਸ਼ਾਇਦ ਰੰਮੀ ਮੰਨ ਜਾਏ' ਵੀ ਪੰਜਾਬੀ ਯੂਨੀਵਰਸਿਟੀ ਅਤੇ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਸਿਲੇਬਸ ਵਿਚ ਲੱਗੀ ਹੋਈ ਹੈ। ਹਿੰਦੀ ਵਿਚ ਅਨੁਵਾਦ ਹੋ ਚੁੱਕੀ ਹੈ। ਇਹ ਦੋਨੋਂ ਕਹਾਣੀਆਂ ਮੇਰੀ ਆਪਣੀ ਵੀ ਪਸੰਦ ਹਨ। ਇਹ ਕਹਾਣੀਆਂ ਮੇਰੇ ਤੋਂ ਪਤਾ ਨਹੀਂ ਕਿਵੇਂ ਲਿਖੀਆਂ ਗਈਆਂ? ਇਹਨਾਂ ਤੋਂ ਇਲਾਵਾ 'ਨਚੀਕੇਤਾ ਦੀ ਮੌਤ', 'ਖੂਹ ਗਿੜਦਾ ਹੈ', 'ਦਿੱਲੀ ਦੇ ਕਿੰਗਰੇ', 'ਈਵਾਨ ਇਲੀਚ ਦੀ ਦੂਜੀ ਮੌਤ', 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਅਤੇ 'ਦ ਲੈਨਿਨਜ਼ ਫਰੌਮ ਕਲੋਨ ਵੈਲੀ'...ਆਦਿ ਕਹਾਣੀਆਂ ਵੀ ਮੇਰੇ ਦਿਲ ਦੇ ਬਹੁਤ ਕਰੀਬ ਹਨ।

**'ਸ਼ਾਇਦ ਰੰਮੀ ਮੰਨ ਜਾਏ' ਕਹਾਣੀ ਵਿਚ ਇਕ ਮਾਂ ਪੈਸਿਆਂ ਅਤੇ ਉੱਚ ਸਟੇਟਸ ਲਈ ਧੀਆਂ ਨੂੰ ਦੇਹ ਵਪਾਰ ਵਰਗੇ ਗ਼ਲਤ ਕੰਮਾਂ ਵਿਚ ਪਾਉਂਦੀ ਦਿਖਾਈ ਗਈ ਹੈ। ਇਹ ਕਿੰਨਾ ਕੁ ਉਚਿਤ ਹੈ? ਕੀ ਮਾਵਾਂ ਇਵੇਂ ਕਰ ਸਕਦੀਆਂ?**

ਇਸ ਕਹਾਣੀ ਵਿਚ ਬਿਮਲਾ ਤੇ ਉਸਦਾ ਪਰਿਵਾਰ ਧੀਆਂ ਦੇ ਸਿਰ 'ਤੇ 'ਐਸ਼' ਕਰਦਾ ਹੈ। ਮੇਰੀ ਪਾਤਰ ਤਾਰੋ ਸਾਰੀ ਕਹਾਣੀ ਵਿਚ ਇਸ 'ਐਸ਼' ਤੋਂ ਪ੍ਰਭਾਵਤ ਹੋ ਕੇ ਆਪਣੀ ਧੀ ਰੰਮੀ ਨੂੰ ਵੀ ਇਸੇ ਕਿੱਤੇ ਵਿਚ ਪਾਉਣਾ ਚਾਹੁੰਦੀ ਹੈ। ਪਰ ਪਰਿਵਾਰ ਦੇ ਇਨਕਲਾਬੀ ਪਿਛੋਕੜ ਅਤੇ ਧੀ ਰੰਮੀ ਦੇ ਅਣਖ ਵਾਲੀ ਹੋਣ ਕਾਰਨ ਉਹ ਅਜਿਹਾ ਨਹੀਂ ਕਰ ਸਕੀ। ਇੱਥੇ ਕਹਾਣੀਕਾਰ ਵੀ ਅਜਿਹੇ ਵਰਤਾਰਿਆਂ ਦਾ ਵਿਰੋਧ ਕਰ ਰਿਹਾ ਹੈ। ਉਂਝ ਹੁਣ ਭਾਰਤੀ/ ਪੰਜਾਬੀ ਸਮਾਜ ਵਿਚ ਬਹੁਤੀਆਂ ਰੰਮੀਆਂ 'ਮੰਨਣ' ਵਾਲੀਆਂ ਹੀ ਹਨ।

**ਤੁਸੀਂ ਦੋਆਬੇ ਦੇ ਜੰਮਪਲ ਹੋ। ਵਿਦੇਸ਼ ਜਾਣ ਨੇ ਦੋਆਬੇ ਦੇ ਘਰਾਂ ਵਿਚ ਖੁਸ਼ਹਾਲੀ ਲਿਆਂਦੀ ਹੈ ਪਰ 'ਜਹਾਜ਼ ਵਾਲੀ ਟੈਂਕੀ' ਦਾ ਦਲਜਿੰਦਰ ਸਿੰਘ ਤੇ ਉਸਦਾ ਪਰਿਵਾਰ ਇਸੇ ਕਾਰਨ ਤੁਸੀਂ ਮਰਦੇ ਤੇ ਆਤਮ ਹੱਤਿਆਵਾਂ ਕਰਦੇ ਦਿਖਾਏ ਹਨ। ਕਿਉਂ?**

ਇਹ ਸੱਚ ਹੈ ਕਿ ਦੋਆਬੇ ਦੇ ਕਿਸਾਨਾਂ ਨੂੰ ਕਨੇਡਾ, ਅਮਰੀਕਾ, ਇੰਗਲੈਂਡ ਤੇ ਯੂਰਪ ਦੇ ਹੋਰ ਦੇਸ਼ਾਂ ਅਤੇ ਅਨੁਸੂਚਤ ਜਾਤੀਆਂ ਤੇ ਪਛੜੇ ਵਰਗਾਂ ਨੂੰ ਅਰਬ ਦੇ ਦੇਸ਼ਾਂ ਨੇ ਸਹਾਰਾ ਦਿੱਤਾ। ਉਨ੍ਹਾਂ ਦੇ ਜੀਵਨ ਦਾ ਪੱਧਰ ਉੱਚਾ ਚੁੱਕਿਆ। ਇਹ ਵਿਦੇਸ਼ ਦਾ ਇਕ ਪਾਸਾ ਹੈ। ਦੂਜਾ ਪਾਸਾ ਇਹ ਵੀ ਹੈ ਜੋ ਦਲਜਿੰਦਰ ਤੇ ਉਸਦਾ ਪਰਿਵਾਰ ਅਤੇ ਭੱਜੀ ਨਾਲ ਵਾਪਰਦਾ ਹੈ। ਬਹੁ-ਗਿਣਤੀ ਦੋਆਬੇ ਦੇ ਲੋਕਾਂ ਨੂੰ ਵਿਦੇਸ਼ ਨੇ ਖੁਸ਼ਹਾਲ ਬਣਾਇਆ ਪਰ ਜਿਹੜੇ ਰਾਹਾਂ ਵਿਚ ਹੀ ਡੁੱਬ ਗਏ ਜਾਂ ਏਜੰਟਾਂ ਦੀ ਭੇਟ ਚੜ੍ਹ ਗਏ, ਮੈਂ ਉਹਨਾਂ ਬਾਰੇ ਇਹ ਕਹਾਣੀ ਲਿਖੀ ਹੈ।

**'ਖੁਸ਼ਕ ਅੱਖ ਦਾ ਖ਼ਾਬ' ਕਹਾਣੀ ਸੰਗ੍ਰਹਿ ਵਿਚਲੀਆਂ ਬਹੁਤੀਆਂ ਕਹਾਣੀਆਂ ਦੇ ਪਾਤਰ ਜੀਵਨ ਵਿਚ ਡਿੱਗੇ ਹੋਏ/ ਹਾਰੇ ਹੋਏ ਕਿਉਂ ਦਿਖਾਈ ਦਿੰਦੇ ਹਨ?**

'ਬਲ਼ਦੇ ਚਿਰਾਗ਼' ਦਾ ਰਿਆਜ਼ ਅਹਿਮਦ ਸੰਤਾਲੀ ਦੇ ਕਤਲੇਆਮ ਨਾਲ ਝੰਬਿਆ ਹੋਇਆ ਹੈ। 'ਉਣੀਂਦੀ ਨਦੀ' ਦੀ ਸਾਧਵੀ ਅਖੌਤੀ ਧਾਰਮਿਕ ਮਨੌਤਾਂ ਦੀ ਸ਼ਿਕਾਰ ਹੈ। 'ਜਹਾਜ਼ ਵਾਲੀ ਟੈਂਕੀ' ਵਿਚ ਦਲਜਿੰਦਰ ਸਿੰਘ ਤੇ ਭੱਜੀ ਵੱਲੋਂ ਕੀਤੀਆਂ ਆਤਮ ਹੱਤਿਆਵਾਂ ਨੇ ਪਰਿਵਾਰ ਮਧੋਲ਼ੇ ਹੋਏ ਹਨ। 'ਈਵਾਨ ਇਲੀਚ ਦੀ ਦੂਜੀ ਮੌਤ' ਦਾ ਹਰਸੇਵ ਸਿੰਘ ਕਾਰਪੋਰੇਟ ਸੈਕਟਰ ਵੱਲੋਂ ਵਿਛਾਏ ਜਾਲ਼ ਕਾਰਨ ਤਿਲ-ਤਿਲ ਕਰਕੇ ਮਾਰਿਆ ਜਾ ਰਿਹਾ ਹੈ। 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਵਿਚ ਘੱਟ ਗਿਣਤੀਆਂ (ਮੁਸਲਮਾਨਾਂ) ਅੰਦਰ ਡਰ ਅਤੇ ਦਹਿਸ਼ਤ ਆ। 'ਖੁਸ਼ਕ ਅੱਖ ਦਾ ਖ਼ਾਬ' ਵਿਚ ਪੰਜਾਬ ਦਾ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸਿਆ ਹੋਇਆ ਹੈ। ਇਹ ਮੇਰੇ ਦੇਸ਼/ ਪੰਜਾਬ ਦੇ ਵੱਡੇ ਮਸਲੇ ਹਨ, ਜਿਹਨਾਂ ਨੇ ਲੋਕਾਂ ਨੂੰ ਮੂਧੇ ਮੂੰਹ ਸੁੱਟਿਆ ਹੋਇਆ ਹੈ। ਇੱਥੇ ਪੀੜਾ ਹੀ ਪੀੜਾ ਹੈ। ਇਹਨਾਂ ਮਸਲਿਆਂ ਨੇ ਪੰਜਾਬ ਨੂੰ, ਦੇਸ਼ ਨੂੰ ਨਰਕ ਬਣਾ ਛੱਡਿਆ ਹੋਇਆ ਹੈ।

**ਤੁਹਾਡਾ ਨਵਾਂ ਕਹਾਣੀ ਸੰਗ੍ਰਹਿ 'ਰੰਗ ਦੀ ਬਾਜ਼ੀ' ਨਵੇਂ ਅਣਛੋਹੇ ਅਤੇ ਵੰਨ ਸੁਵੰਨੇ ਵਿਸ਼ਿਆਂ ਕਾਰਨ ਚਰਚਾ ਵਿਚ ਹੈ। ਤੁਸੀਂ ਇਸ ਵਿਚ ਨਵੀਆਂ ਜੁਗਤਾਂ ਵੀ ਵਰਤੀਆਂ ਹਨ। ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਇਹ ਕਹਾਣੀ ਸੰਗ੍ਰਹਿ ਲੀਹ ਪਾੜਨ ਦੇ ਸਮਰੱਥ ਹੈ?**

ਮੇਰੇ ਪਹਿਲੇ ਤਿੰਨ ਕਹਾਣੀ ਸੰਗ੍ਰਹਿਾਂ ਵਿਚ ਬਹੁਤੀਆਂ ਕਹਾਣੀਆਂ ਉੱਚ ਪਾਏ ਦੀਆਂ ਮੰਨੀਆਂ ਗਈਆਂ ਹਨ। ਕੁਝ ਕਹਾਣੀਆਂ ਦੀ ਸਮਰੱਥਾ ਤਾਂ ਐਨੀ ਆ ਕਿ ਮੈਨੂੰ ਉਨ੍ਹਾਂ ਤੋਂ ਅਗਾਂਹ ਲੰਘਣਾ ਔਖਾ ਲੱਗਦਾ ਹੈ। ਉਹਨਾਂ ਨੂੰ ਪਾਠਕਾਂ ਵੱਲੋਂ ਬਹੁਤ ਹੁੰਗਾਰਾ ਮਿਲਿਆ ਹੈ। 'ਰੰਗ ਦੀ ਬਾਜ਼ੀ' ਵਿਚ ਵੀ ਆਪਣੇ ਵੱਲੋਂ ਤਾਂ ਵਧੀਆ ਕਹਾਣੀਆਂ ਦੀ ਸਿਰਜਣਾ ਲਈ ਯਤਨ ਕੀਤੇ ਹਨ। ਹੁਣ ਦੇਖੋ ਪਾਠਕ ਕਿੰਨਾ ਕੁ ਹੁੰਗਾਰਾ ਭਰਦੇ ਆ? ਵਿਸ਼ਿਆਂ ਦੀ ਵੰਨ ਸੁਵੰਨਤਾ ਹੈ।

**'ਕਿਊਟਾ-ਕਿਊਟਾ, ਤਾਰੇ-ਤਾਰੇ', 'ਅੰਨ੍ਹੇ-ਸੁਜਾਖੇ', 'ਦ ਲੈਨਿਨਜ਼ ਫਰੌਮ ਕਲੋਨ ਵੈਲੀ' ਅਤੇ 'ਮੈਂ ਮਾਂ...' ਕਹਾਣੀਆਂ ਬਿਲਕੁਲ ਵੱਖਰੀਆਂ ਅਤੇ ਵਿਗਿਆਨ ਦੇ ਸੰਦਰਭ ਵਿਚ ਹਨ। ਇਹਨਾਂ ਕਹਾਣੀਆਂ ਨੂੰ ਲਿਖਣ ਪਿੱਛੇ ਤੁਹਾਡੀ ਕੀ ਸੋਚ ਕੰਮ ਕਰਦੀ ਹੈ?**

ਮੈਂ ਸਾਇੰਸ ਦਾ ਵਿਦਿਆਰਥੀ ਹਾਂ। ਮੈਂ ਚਾਹੁੰਦਾ ਹਾਂ ਕਿ ਮੇਰੇ ਦੇਸ਼ ਵਿਚ ਵੀ ਵਿਗਿਆਨ ਦੇ ਪ੍ਰਕਾਸ਼ ਦਾ ਚਾਨਣ ਫੈਲੇ। ਇਸੇ ਸੋਚ ਵਿਚੋਂ ਇਹ ਕਹਾਣੀਆਂ ਜਨਮ ਲੈਂਦੀਆਂ ਹਨ। 'ਕਿਊਟਾ-ਕਿਊਟਾ, ਤਾਰੇ-ਤਾਰੇ' ਅਤੇ 'ਅੰਨ੍ਹੇ-ਸੁਜਾਖੇ' ਕਹਾਣੀਆਂ ਵਿਗਿਆਨਕ ਆਧਾਰ ਅਤੇ ਵਾਤਾਵਰਣ ਵਾਲੀਆਂ ਹਨ। ਜੇ ਕਿਸੇ ਨੇ ਵਿਗਿਆਨ ਦੇ ਵਿਸ਼ੇ ਨਹੀਂ ਵੀ ਪੜ੍ਹੇ ਹੋਏ, ਉਹ ਵੀ ਕਹਾਣੀਆਂ ਨੂੰ ਇਕ ਜਾਂ ਦੋ ਵਾਰ ਪੜ੍ਹ ਕੇ ਸਮਝ ਲੈਣਗੇ। ਬੇਸ਼ੱਕ ਇਹਨਾਂ ਕਹਾਣੀਆਂ ਨੂੰ ਪੂਰਨ ਤੌਰ 'ਤੇ ਸਾਇੰਸ ਫਿਕਸ਼ਨ ਨਾ ਵੀ ਮੰਨੀਏ, ਪਰ ਇਹ ਚਾਰੇ ਕਹਾਣੀਆਂ ਪੰਜਾਬੀ ਕਹਾਣੀ ਨੂੰ ਉਸ ਪਾਸੇ ਜ਼ਰੂਰ ਲੈ ਕੇ ਜਾਣਗੀਆਂ।

**'ਕੁਰੂਕਸ਼ੇਤਰ ਤੋਂ ਪਾਰ' ਕਹਾਣੀ ਵਿਚ ਤੁਸੀਂ ਰਿਸ਼ਤਿਆਂ ਦੇ ਪਤਿਤਪੁਣੇ ਅਤੇ ਪਵਿੱਤਰਤਾ ਦੀ ਗੱਲ ਕੀਤੀ ਹੈ। ਦਿਓਰ-ਭਾਬੀ, ਨੂੰਹ-ਸਹੁਰਾ ਅਤੇ ਜੀਜਾ-ਸਾਲ਼ੀ ਦੇ ਨਾਜਾਇਜ਼ ਰਿਸ਼ਤਿਆਂ ਬਾਰੇ ਅਨੇਕਾਂ ਕਿੱਸੇ, ਕਹਾਣੀਆਂ ਅਤੇ ਗੀਤ ਮਿਲਦੇ ਹਨ। ਸਮਾਜ ਵਿਚ ਇਹ ਸਭ ਕੁਝ ਮਿਲਦਾ ਵੀ ਹੈ। ਇਸ ਕਹਾਣੀ ਵਿਚ ਸਮਾਜ ਦੀਆਂ ਨਜ਼ਰਾਂ ਵਿਚ ਡਿੱਗੀ ਨੂੰਹ ਦਾ ਅੰਤ 'ਤੇ ਕੱਦ ਉੱਚਾ ਹੋ ਜਾਂਦਾ ਹੈ। ਕੀ ਤੁਹਾਨੂੰ ਇਹ ਸਮਾਜ ਦਾ ਯਥਾਰਥ ਲੱਗਦਾ ਹੈ?**

ਹਾਂ, ਮੇਰੀ ਕਹਾਣੀ ਤਾਂ ਏਹੀ ਸੱਚ ਬਿਆਨ ਕਰਦੀ ਏ। ਮੇਰੀ ਨੂੰਹ ਪਾਤਰ ਮਨਪ੍ਰੀਤ ਦੇ ਕੰਮ ਦੀ ਲਕੀਰ ਐਡੀ ਵੱਡੀ ਏ, ਉਹਦਾ ਕੱਦ ਉੱਚਾ ਹੋ ਜਾਂਦਾ ਆ। ਉਹ ਕੁਰੂਕਸ਼ੇਤਰ ਦਾ ਯੁੱਧ ਜਿੱਤ ਲੈਂਦੀ ਹੈ। ਸਮਾਜ ਵਿਚ ਹਰ ਤਰ੍ਹਾਂ ਦਾ ਯਥਾਰਥ ਪਿਆ ਹੈ। ਤੁਹਾਨੂੰ ਇਹ ਯਥਾਰਥ ਬੀਤੇ ਦੀਆਂ ਕਹਾਣੀਆਂ ਲੱਗਦਾ ਹੋਏਗਾ। ਅੱਜ ਵੀ ਸਮਾਜ ਵਿਚ ਰਿਸ਼ਤਿਆਂ ਦੀ ਪਵਿੱਤਰਤਾ ਕਾਇਮ ਹੈ। ਇਕ ਵਾਰ ਕਹਾਣੀਕਾਰ ਜਿੰਦਰ ਨੇ ਕਿਹਾ ਸੀ ਕਿ ਜੇ ਇਹ ਕਹਾਣੀ ਉਹ ਲਿਖਦਾ, ਨੂੰਹ-ਸਹੁਰੇ ਦੇ ਨਾਜਾਇਜ਼ ਸੰਬੰਧ ਬਣਾਉਂਦਾ। ਬਾਹਰੋਂ ਆਏ ਗੁਰਜਿੰਦਰ ਤੋਂ ਆਪਣੀ ਪਤਨੀ ਤੇ ਪਿਓ ਦਾ ਕਤਲ ਕਰਾ ਦਿੰਦਾ। ਉਸ ਅਨੁਸਾਰ ਏਹੀ ਸੱਚ ਹੈ। ਦੋਆਬੇ ਵਿਚ ਪਰਵਾਸ ਕਾਰਨ ਦੂਰ ਰਹਿ ਰਹੇ ਪਤੀਆਂ ਦੀ ਗ਼ੈਰਹਾਜ਼ਰੀ ਵਿਚ ਨਾਜਾਇਜ਼ ਸੰਬੰਧ ਬਣਦੇ ਹਨ ਅਤੇ ਕਤਲ ਵੀ ਹੁੰਦੇ ਹਨ। ਪਰ ਮੈਂ ਇਸ ਦਿਸ਼ਾ ਵਿਚ ਉਲਟ ਸੋਚ ਕੇ ਕਹਾਣੀ ਲਿਖੀ।

**'ਮੈਂ ਮਾਂ...' ਕਹਾਣੀ ਦੀ ਸਰੋਗੇਟ ਮਦਰ ਸੁਧਾ ਗੁਪਤਾ ਅਤੇ 'ਝਨਾਅ ਦੀਆਂ ਛੱਲਾਂ' ਦੀ ਗੁਰਵਿੰਦਰ ਦੋਵੇਂ ਅਮਰੀਕਾ ਵਰਗੇ ਮੁਲਕ ਵਿਚ ਮਾਨਸਿਕ ਰੋਗੀ ਬਣਦੀਆਂ ਹਨ। ਇਸ ਖੁਸ਼ਹਾਲ ਮੁਲਕ ਵੱਲ ਸਾਰਾ ਭਾਰਤ ਤਾਂ ਭੱਜਿਆ ਜਾ ਰਿਹਾ ਹੈ। ਤੁਸੀਂ ਇਸ ਸਿਸਟਮ ਨੂੰ, ਇੱਥੋਂ ਦੀਆਂ ਕੰਪਨੀਆਂ ਨੂੰ ਕਹਿ ਰਹੇ ਹੋ ਕਿ ਇਹ ਬੰਦੇ ਨੂੰ ਡਿਸਟਰਬ ਕਰ ਰਹੇ ਹਨ?**

ਅਮਰੀਕਾ ਇਕ ਸਾਮਰਾਜੀ ਮੁਲਕ ਹੈ। ਇਥੇ ਮਨੁੱਖ ਲਈ ਬਹੁਤ ਬਰਕਤਾਂ ਹਨ। ਉਹ ਖੁਸ਼ਹਾਲ ਜ਼ਿੰਦਗੀ ਜਿਉਂਦਾ ਹੈ। ਭਾਰਤ ਦੀ ਅਨਿਆਂ ਭਰੀ, ਜ਼ਹਾਲਤ ਭਰੀ, ਵਿਤਕਰੇ ਭਰੀ, ਜਾਤੀ-ਪਾਤੀ ਵਿਵਸਥਾ ਵਾਲੀ, ਗ਼ਰੀਬ-ਅਮੀਰ ਦੇ ਪਾੜੇ ਵਾਲੀ ਜ਼ਿੰਦਗੀ ਤੋਂ ਅੱਕਿਆ ਭਾਰਤੀ ਇਹਨਾਂ ਖੁਸ਼ਹਾਲ ਮੁਲਕਾਂ ਵੱਲ ਜਾਂਦਾ ਹੈ। ਪਰ ਇੱਥੇ ਵੀ ਸਭ ਅੱਛਾ ਨਹੀਂ ਹੈ। ਕੰਮ ਦੇ ਬੋਝ ਅਤੇ ਸ਼ਰਤਾਂ ਨੇ ਬੰਦੇ ਡਿਸਟਰਬ ਕੀਤੇ ਹੋਏ ਹਨ। ਅਮਰੀਕੀ ਸਿਸਟਮ ਬੰਦੇ ਨੂੰ ਲੋਹੇ ਵਾਂਗ ਪਿਘਲ਼ਾ ਕੇ ਆਪਣੇ ਸਾਂਚੇ ਵਿਚ ਢਾਲ਼ ਲੈਂਦਾ ਹੈ ਤੇ ਮਨਮਰਜ਼ੀ ਦਾ ਪੁਰਜ਼ਾ ਬਣਾ ਲੈਂਦਾ ਹੈ। ਅਮਰੀਕਾ ਵਿਚ ਜਿਹੜਾ ਢਲ਼ ਜਾਂਦਾ ਹੈ, ਉਹ ਵਕਤ ਕੱਟ ਲੈਂਦਾ ਹੈ। ਜਿਹੜਾ ਨਹੀਂ ਢਲਦਾ ਉਹ ਹਿਲ ਜਾਂਦਾ ਹੈ।

**'ਜ਼ਖ਼ਮੀ ਖੰਭਾਂ ਦੀ ਫੜਫੜਾਹਟ' ਕਹਾਣੀ ਦਾ ਪਾਤਰ ਹਰਜਿੰਦਰ ਐਕਸੀਡੈਂਟ ਕਾਰਨ ਇਕੱਲਤਾ ਭੋਗਦਾ ਹੈ। ਤੁਸੀਂ ਖੁਦ ਵੱਡੇ ਹਾਦਸੇ ਦਾ ਸ਼ਿਕਾਰ ਰਹੇ ਹੋ। ਇਸ ਪਿਛੋਕੜ ਵਿਚ ਦੱਸੋਗੇ ਕਿ ਇਸ ਕਹਾਣੀ ਦੀ ਪੇਸ਼ਕਾਰੀ ਹੱਡ ਬੀਤੀ ਹੈ ਜਾਂ ਜੱਗ ਬੀਤੀ?**

ਮੈਂ ਐਕਸੀਡੈਂਟ ਕਾਰਨ ਤਿੰਨ ਸਾਲ ਬੈੱਡ 'ਤੇ ਰਿਹਾਂ। ਮੈਨੂੰ ਇਕ ਰਾਤ ਸੁਪਨਾ ਆਇਆ, ਮੇਰੇ 'ਤੇ ਛੱਤ ਵਾਲਾ ਪੱਖਾ ਡਿੱਗ ਪਿਆ। ਮੇਰੀ ਅੱਖ ਖੁੱਲ੍ਹੀ, ਮੈਂ ਠੀਕ ਸੀ ਪਰ ਡਰਿਆ ਹੋਇਆ ਸੀ। ਮੈਂ ਰੋਜ਼ ਏਹੀ ਸੋਚੀ ਜਾਣਾ, ਜੇ ਸੱਚਮੁੱਚ ਮੇਰੇ 'ਤੇ ਛੱਤ ਵਾਲਾ ਪੱਖਾ ਡਿੱਗ ਪਵੇ? ਮੇਰਾ ਪਰਿਵਾਰ ਮੇਰਾ ਬਹੁਤ

ਖ਼ਿਆਲ ਕਰਦਾ ਸੀ। ਮੈਨੂੰ ਲੱਗਾ ਜਿਹੜੇ ਬੰਦੇ ਭਰੇ ਟੱਬਰ ਪਿੰਡ ਛੱਡ ਕੇ ਸ਼ਹਿਰ 'ਚ ਆ ਗਏ ਹਨ, ਉਹ ਇਕੱਲੇ ਪੈ ਗਏ। ਮਹਾਂਨਗਰਾਂ, ਸ਼ਹਿਰਾਂ ਨੇ ਬੰਦੇ ਨੂੰ ਇਕੱਲਾ ਕਰ ਦਿੱਤਾ। ਫੇਰ ਮੈਂ ਇਕੱਲਤਾ ਦੀ ਮਾਰ ਝੱਲ ਰਹੇ ਬੰਦੇ ਬਾਰੇ ਇਹ ਕਹਾਣੀ ਲਿਖੀ। ਇਹ ਜ਼ਿਆਦਾਤਰ ਕਲਪਨਾ 'ਤੇ ਆਧਾਰਤ ਹੈ।

**ਕੀ ਕਦਰਾਂ-ਕੀਮਤਾਂ ਜਾਂ ਮੁੱਲ ਪ੍ਰਬੰਧ ਦੋਨੋਂ ਇਕੋ ਹੀ ਹਨ ਜਾਂ ਵੱਖ-ਵੱਖ ਹਨ? ਇਹਨਾਂ ਵਿਚ ਨਿਘਾਰ ਆਉਣ ਦੇ ਕੀ ਕਾਰਨ ਹਨ?**

ਮਨਪ੍ਰੀਤ ਜੀ, ਮੇਰੇ ਮੁਤਾਬਕ ਮਨੁੱਖੀ ਕਦਰਾਂ-ਕੀਮਤਾਂ ਅਤੇ ਮੁੱਲ ਪ੍ਰਬੰਧ ਇਕੋ ਹੀ ਹਨ। ਸਮਾਜ ਨੇ, ਸਿਆਸਤ ਨੇ, ਕੁਦਰਤ ਨੇ ਕੁਝ ਮਨੁੱਖੀ ਕਦਰਾਂ-ਕੀਮਤਾਂ ਦੀ ਘਾੜਤ ਘੜੀ ਸੀ। ਉਹਨਾਂ ਵਿਚੋਂ ਚੰਗੇ ਮੁੱਲ ਰਹਿਣੇ ਚਾਹੀਦੇ ਹਨ ਤੇ ਮਾੜੇ ਖ਼ਤਮ ਹੋਣੇ ਚਾਹੀਦੇ ਹਨ। ਉਦੋਂ ਦੁੱਖ ਹੁੰਦਾ ਹੈ, ਜਦੋਂ ਚੰਗੀਆਂ ਕਦਰਾਂ-ਕੀਮਤਾਂ ਖ਼ਤਮ ਹੋ ਰਹੀਆਂ ਹਨ। ਮੁਨਾਫਾ, ਲੋਭ, ਲਾਲਚ ਤੇ ਮਾੜੀ ਸਿਆਸਤ ਇਹ ਨਿਘਾਰ ਲਿਆਉਣ ਲਈ ਜ਼ਿੰਮੇਵਾਰ ਹਨ।

**ਤੁਹਾਡੀਆਂ ਕਹਾਣੀਆਂ ਇਹਨਾਂ ਮੁੱਲਾਂ ਦੀ ਕਿਵੇਂ ਤਰਜਮਾਨੀ ਕਰਦੀਆਂ ਹਨ?**

ਜੇ ਮਨੁੱਖੀ ਕਦਰਾਂ-ਕੀਮਤਾਂ ਵਿਚ ਨਿਘਾਰ ਆਇਆ, ਮੇਰੇ ਵਰਗਾ ਕਹਾਣੀਕਾਰ ਇਸ ਨਿਘਾਰ ਨੂੰ ਕਹਾਣੀਆਂ ਵਿਚ ਵੀ ਪੇਸ਼ ਕਰੇਗਾ। ਜਿਵੇਂ ਕਮਿਊਨਿਸਟਾਂ ਦਾ ਜੀਵਨ ਸੱਚਾ ਸੁੱਚਾ ਤੇ ਸੰਘਰਸ਼ਸ਼ੀਲ ਹੁੰਦਾ ਸੀ। ਜੇ 'ਦਿੱਲੀ ਦੇ ਕਿੰਗਰੇ' ਕਹਾਣੀ ਦੇ ਪਾਤਰ ਬਾਬਾ ਬੂਝਾ ਸਿੰਘ ਤੇ ਯੋਧਾ ਦਰਸ਼ਨ ਦੁਸਾਂਝ ਆਪਾ ਵਾਰਨ ਵਾਲੇ ਹਨ, ਤਾਂ 'ਖੂਹ ਗਿੜਦਾ ਹੈ' ਅਤੇ 'ਦ ਲੈਨਿਨਜ਼ ਫਰੌਮ ਕਲੋਨ ਵੈਲੀ' ਵਿਚ ਆਦਰਸ਼ ਟੁੱਟ ਰਹੇ ਨਜ਼ਰ ਆਉਂਦੇ ਹਨ। ਭਾਰਤੀਆਂ ਦੇ ਜੀਵਨ ਵਿਚ ਧਰਮ ਅਤੇ ਅਧਿਆਤਮਵਾਦ ਦਾ ਬਹੁਤ ਜ਼ੋਰ ਰਿਹਾ ਹੈ। 'ਨਚੀਕੇਤਾ ਦੀ ਮੌਤ', 'ਪੁਨਰ ਜਨਮ', 'ਬੰਦ ਦਰਵਾਜ਼ਾ', 'ਉਣੀਂਦੀ ਨਦੀ', ਅਤੇ 'ਰੰਗ ਦੀ ਬਾਜ਼ੀ' ਕਹਾਣੀਆਂ ਵਿਚ ਅਧਿਆਤਮਵਾਦੀਆਂ ਬਾਰੇ ਬਣੀਆਂ ਮਿੱਥਾਂ ਟੁੱਟ ਰਹੀਆਂ ਹਨ। ਸਮਾਜ ਵਿਚ ਉਹਨਾਂ ਦੇ ਦੋਹਰੇ ਚਿਹਰੇ ਸਾਹਮਣੇ ਆ ਰਹੇ ਹਨ। ਕਹਿਣੀ ਅਤੇ ਕਰਨੀ ਵਿਚ ਫ਼ਰਕ ਬਹੁਤ ਵਧ ਰਿਹਾ ਹੈ। ਕਿਸੇ ਸਮੇਂ ਲੋਕ ਆਪਣੇ ਵਾਤਾਵਰਨ ਨੂੰ ਸਹੀ ਤੇ ਤੰਦਰੁਸਤੀ ਭਰਿਆ ਰੱਖਣ ਲਈ ਪੂਜਦੇ ਸਨ। ਹੁਣ ਫੈਸ਼ਨ, ਸੁੰਦਰਤਾ, ਲੋਭ-ਲਾਲਚ ਦੇ ਚੱਕਰ ਵਿਚ ਜਲ, ਜੰਗਲ ਤੇ ਜ਼ਮੀਨ ਨੂੰ ਤਬਾਹ ਕੀਤਾ ਜਾ ਰਿਹਾ ਹੈ। ਲੁੱਟਿਆ ਜਾ ਰਿਹਾ ਹੈ। ਧੀਆਂ ਨੂੰ ਕੰਜਕਾਂ ਸਮਝ ਕੇ ਪੂਜਣ ਵਾਲੇ ਭਾਰਤੀ, ਉਹਨਾਂ ਨੂੰ ਮਰਨ ਲਈ ('ਅੰਬਰ ਵੱਲ ਉੱਠੇ ਹੱਥ') ਮਜਬੂਰ ਕਰ ਰਹੇ ਹਨ। ਭਾਰਤ ਜਾਤ-ਪਾਤ, ਧਰਮ ਤੇ ਵੱਖ-ਵੱਖ ਖਿੱਤਿਆਂ ਦੇ ਮੁਤਾਬਕ ਵੰਨ ਸੁਵੰਨਤਾ ਵਾਲਾ ਦੇਸ਼ ਸੀ। ਪਰ 'ਗੌਰਜਾਂ', 'ਇਕਬਾਲ ਹੁਸੈਨ ਮੋਇਆ ਨਹੀਂ', 'ਬਲ਼ਦੇ ਚਿਰਾਗ਼' ਅਤੇ 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਕਹਾਣੀਆਂ ਵਿਚ ਜਾਤ-ਪਾਤ ਦਾ ਜਬਰ ਹੈ, ਧਰਮ ਦੇ ਨਾਂ 'ਤੇ ਵੱਢ ਟੁੱਕ ਅਤੇ ਬਲਾਤਕਾਰ ਹੈ। ਹੁਣ ਸਾਂਝ, ਇੱਜ਼ਤ ਤੇ ਮਾਣ ਵਾਲੀ ਗੱਲ ਟੁੱਟ ਰਹੀ ਹੈ। ਅੱਗੇ ਰਿਸ਼ਤਿਆਂ ਦੀ ਇਕ ਮਰਿਯਾਦਾ ਹੁੰਦੀ ਸੀ। ਹੁਣ ਇਹ ਸਭ ਟੁੱਟ ਰਹੀਆਂ ਹਨ। 'ਨਾਸੂਰ', 'ਪਿੱਠ ਭੂਮੀ', 'ਉਣੀਂਦੀ ਨਦੀ', 'ਕੁਰੂਕਸ਼ੇਤਰ ਤੋਂ ਪਾਰ', 'ਝਨਾਅ ਦੀਆਂ ਛੱਲਾਂ' ਅਤੇ 'ਮੈਂ ਮਾਂ...' ਕਹਾਣੀਆਂ ਅਜਿਹੀ ਹੀ ਬਾਤ ਪਾਉਂਦੀਆਂ ਹਨ। 'ਜ਼ਖ਼ਮੀ ਖੰਭਾਂ ਦੀ ਫੜਫੜਾਹਟ' ਕਹਾਣੀ ਵਿਚ ਪਿੰਡਾਂ ਵਿਚਲੀ ਭਾਈਚਾਰਕ ਸਾਂਝ ਸ਼ਹਿਰ 'ਚ ਆ ਕੇ ਟੁੱਟ ਰਹੀ ਹੈ। ਪੂੰਜੀਵਾਦ ਨੇ ਬੰਦੇ ਨੂੰ ਇਕੱਲਾ ਕਰ ਦਿੱਤਾ ਹੈ।

**ਪੰਜਾਬੀ ਸਾਹਿਤ ਜਗਤ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹੋ?**

ਮੇਰੇ ਆਪਣੇ ਪੰਜਾਬੀ/ ਭਾਰਤੀ ਲੋਕ ਚੰਗਾ ਤੇ ਲੋਕ ਪੱਖੀ ਸਾਹਿਤ ਪੜ੍ਹਨ। ਉਹਦਾ ਪ੍ਰਚਾਰ ਕਰਨ ਤੇ ਉਹਦੀ ਸੇਧ ਵਿਚ ਹੀ ਕੰਮ ਕਰਨ।000

***(ਵਾਰਡ 11, ਮਕਾਨ ਨੰਬਰ 243, ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ***
***ਫੋਨ: 80546-46530)***

# 'ਐਤਵਾਰਤਾ', ਸਾਹਿਤਕ ਪੱਤਰਕਾਰੀ ਤੇ ਮੈਂ

## ਬਲਬੀਰ ਪਰਵਾਨਾ

ਜਦੋਂ ਮੈਂ ਖ਼ਬਰਾਂ ਵਾਲੇ ਪਾਸੇ ਤੋਂ ਸਾਹਿਤਕ ਪੱਤਰਕਾਰੀ ਵੱਲ ਆਇਆ ਤਾਂ ਪਹਿਲਾਂ ਇਸਦਾ ਕੋਈ ਤਜਰਬਾ ਨਹੀਂ ਸੀ। ਬਸ ਮਨ 'ਚ ਇਕ ਸੁਪਨਾ ਸੀ ਜਿਹੜਾ 'ਨਾਗਮਣੀ', 'ਸਿਰਜਣਾ', 'ਦ੍ਰਿਸ਼ਟੀ', 'ਆਰਸੀ' ਜਾਂ 'ਸਮਤਾ' ਪੜ੍ਹਦਿਆਂ ਬਣਿਆ ਹੋਇਆ ਸੀ ਕਿ ਪਰਚੇ ਵਿਚ ਰਚਨਾ ਛਪਣ 'ਤੇ ਲੇਖਕ ਨੂੰ ਮਾਣ ਮਹਿਸੂਸ ਹੋਵੇ। ਉਹ ਕਿਸੇ ਨੂੰ ਮਾਣ ਨਾਲ ਦੱਸ ਸਕੇ, ਮੇਰੀ ਰਚਨਾ ਫਲਾਣੇ ਥਾਂ ਛਪੀ ਹੈ ਜਿਵੇਂ ਕਿ ਲੇਖਕ ਉਪਰੋਕਤ ਪਰਚਿਆਂ 'ਚ ਛਪਣ 'ਤੇ ਮਹਿਸੂਸ ਕਰਦੇ। ਇਹਨਾਂ ਤੋਂ ਪਹਿਲਾਂ ਇਹ ਉਡੀਕ ਗੁਰਬਖਸ਼ ਸਿੰਘ ਵੇਲੇ 'ਪ੍ਰੀਤਲੜੀ' ਨੇ ਪੈਦਾ ਕੀਤੀ ਸੀ।

ਮੇਰੇ ਸਾਹਮਣੇ ਸਾਹਿਤਕ ਪੱਤਰਕਾਰੀ ਦਾ ਇਹ ਮਿਆਰ ਸੀ ਜਦੋਂ ਮੈਂ 'ਨਵਾਂ ਜ਼ਮਾਨਾ' ਦੇ ਸਾਹਿਤਕ ਅੰਕ ਨੂੰ ਸੰਭਾਲਿਆ। ਡਰ ਤੇ ਦੁਬਿੱਧਾ ਵੀ ਕਿ ਜਿਸ ਸੁਪਨੇ ਨੂੰ ਲੈ ਕੇ ਇਧਰ ਆਇਆਂ, ਉਹ ਪੂਰਾ ਵੀ ਕਰ ਸਕਾਂਗਾ! ਉਤਸੁਕਤਾ ਤੇ ਉਤਸ਼ਾਹ ਵੀ, ਕਿ ਕੁਝ ਕਰਨ ਦਾ ਮੌਕਾ ਮਿਲ ਰਿਹਾ। ਇਹ 1991 ਦੇ ਅਖੀਰ ਦੀ ਗੱਲ ਹੈ।

ਇਸ ਤੋਂ ਪਹਿਲਾਂ ਅਖ਼ਬਾਰ ਦੀ ਰਵਾਇਤ ਸੀ ਕਿ ਜੋ ਕੁਝ ਛਪਣ ਲਈ ਆਉਂਦਾ, ਉਸੇ 'ਚੋਂ ਕਾਂਟ-ਛਾਂਟ ਕਰਕੇ ਛਾਪ ਲਿਆ ਜਾਂਦਾ। ਸਭ ਤੋਂ ਮੁੱਖ ਹੁੰਦਾ ਸੀ ਕੋਈ ਨਾ ਕੋਈ ਨਾਵਲ ਜਾਂ ਲੰਮੀ ਕਹਾਣੀ ਸ਼ੁਰੂ ਕਰ ਲਈ ਜਾਂਦੀ, ਜਿਹੜੀ ਪਹਿਲਾਂ ਹੀ ਚਰਚਾ 'ਚ ਹੁੰਦੀ ਤੇ ਲਹਿਰ ਦੇ ਆਸ਼ਿਆਂ ਨਾਲ ਮੇਲ ਖਾਂਦੀ ਵੀ। ਬਹੁਤੀ ਵਾਰ ਇਹ ਸੋਵੀਅਤ ਵੱਲੋਂ ਛਾਪੇ ਰੂਸੀ ਲੇਖਕਾਂ ਦੇ ਅਨੁਵਾਦ ਹੁੰਦੇ। ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਨੂੰ ਜਦੋਂ ਸਾਹਿਤ ਅਕਾਦਮੀ ਐਵਾਰਡ ਮਿਲਿਆ ਤਾਂ ਇਹ ਲੜੀਵਾਰ 'ਨਵਾਂ ਜ਼ਮਾਨਾ' ਦੇ ਸਪਤਾਹਕ ਅੰਕਾਂ 'ਚ ਛਪਦਾ ਰਿਹਾ ਸਾਲ ਤੋਂ ਵਧੇਰੇ ਸਮਾਂ। ਇਹ ਬਹੁਤੀ ਵਾਰ ਪਰਚੇ ਨੂੰ ਆਉਂਦੇ ਮੈਟਰ ਦੀ ਘਾਟ ਕਰਕੇ ਵੀ ਹੁੰਦਾ ਤੇ ਇਸ ਡਰ 'ਚੋਂ ਵੀ ਕਿ ਅਣਛਪੀ ਰਚਨਾ ਪਾਠਕਾਂ ਨੂੰ ਪਸੰਦ ਆਵੇਗੀ ਕਿ ਨਹੀਂ! ਵਿਚਾਰਧਾਰਕ ਪੱਖੋਂ ਊਣੀ ਤਾਂ ਨਹੀਂ ਹੋਵੇਗੀ ਜਾਂ ਕਾਮਰੇਡ ਇਸ ਬਾਰੇ ਵਾ-ਵੇਲਾ ਤਾਂ ਨਹੀਂ ਕਰਨਗੇ? 'ਨਵਾਂ ਜ਼ਮਾਨਾ' ਵਰਗਾ ਪਰਚਾ ਜਿਸਦਾ ਸਪੱਸ਼ਟ ਵਿਚਾਰਧਾਰਕ ਪੈਂਤੜਾ ਹੁੰਦਾ, ਇਕ ਤਰ੍ਹਾਂ ਲਹਿਰ ਦਾ ਬੁਲਾਰਾ ਵੀ, ਤਾਂ ਸੰਪਾਦਕ ਦੇ ਮਨ 'ਚ ਤੌਖਲਾ ਕੁਝ ਵਧੇਰੇ ਹੀ ਹੁੰਦਾ ਹੈ। ਹੋਰ ਤਾਂ ਹੋਰ, ਕਿਤਾਬਾਂ ਦੇ ਰੀਵਿਊ ਛਾਪਣ ਤੋਂ ਵੀ ਗੁਰੇਜ਼ ਕੀਤਾ ਜਾਂਦਾ ਸੀ। ਸੋਵੀਅਤ ਵੱਲੋਂ ਛਾਪੀਆਂ ਕਿਤਾਬਾਂ, ਲਹਿਰ ਨਾਲ ਜੁੜੇ 'ਸਿੱਕੇਬੰਦ' ਲੇਖਕਾਂ ਦੀਆਂ ਕਿਤਾਬਾਂ ਬਾਰੇ ਇਧਰ-ਉਧਰ ਛਪੇ ਲੇਖ/ਰੀਵਿਊ ਚੁੱਕ ਕੇ ਮੁੜ ਛਾਪ ਲਏ ਜਾਂਦੇ ਸਨ, ਖਾਨਾਪੂਰਤੀ ਵਜੋਂ। ਸਾਹਿਤਕ ਅੰਕ ਨੂੰ 26 ਜੁਲਾਈ 1992 ਵਾਲੇ ਅੰਕ ਤੋਂ 'ਐਤਵਾਰਤਾ' ਦੇ ਨਾਂ ਹੇਠ ਸ਼ੁਰੂ ਕਰਦਿਆਂ ਸਭ ਤੋਂ ਪਹਿਲੀ ਪਹਿਲ, ਪਹਿਲਾਂ ਛਪੀਆਂ ਰਚਨਾਵਾਂ ਨੂੰ ਮੁੜ ਛਾਪਣੀਆਂ ਬੰਦ ਕਰਨ ਤੋਂ ਕੀਤੀ।

ਲੇਖਕਾਂ ਤਕ ਉਚੇਚੀ ਪਹੁੰਚ ਕਰ ਕੇ ਉਹਨਾਂ ਦੀਆਂ ਨਵੀਆਂ ਛਪੀਆਂ ਕਿਤਾਬਾਂ ਰੀਵਿਊ ਲਈ ਮੰਗਵਾਉਣੀਆਂ ਸ਼ੁਰੂ ਕੀਤੀਆਂ, ਇਸ ਭਰੋਸੇ ਨਾਲ ਕਿ ਦਫ਼ਤਰ 'ਚ ਆਈ ਹਰ ਕਿਤਾਬ ਦਾ ਨੋਟਿਸ ਲਿਆ ਜਾਵੇਗਾ। ਭਾਵੇਂ ਇਸ ਬਾਰੇ ਲੇਖ ਛਾਪਣਾ ਜਾਂ ਛੋਟਾ ਰੀਵਿਊ, ਇਹ ਫੈਸਲਾ ਅਦਾਰੇ ਦਾ ਹੋਵੇਗਾ, ਪਰ ਛਪੇਗਾ ਜ਼ਰੂਰ। ਇਸ ਜੜ੍ਹਤਾ ਨੂੰ ਤੋੜਨ ਲਈ ਪੰਜ ਛੇ ਮਹੀਨੇ ਲੱਗੇ, ਪਰ ਫਿਰ ਨਵੀਆਂ ਕਿਤਾਬਾਂ ਆਉਣ ਲੱਗੀਆਂ। ਨਾਲੋ ਨਾਲ ਇਹਨਾਂ ਬਾਰੇ ਲਿਖਣ ਲਈ ਨਵੇਂ ਉਭਰ ਰਹੇ ਵਿਦਵਾਨਾਂ ਦੀ ਇਕ ਟੀਮ ਵੀ ਅਦਾਰੇ ਨਾਲ ਜੁੜਨ ਲੱਗੀ। ਡਾ. ਰਜਨੀਸ਼ ਬਹਾਦਰ ਸਿੰਘ, ਸੁਖਪਾਲ ਥਿੰਦ, ਡਾ. ਸਰਬਜੀਤ ਸਿੰਘ, ਹਰਵਿੰਦਰ ਭੰਡਾਲ, ਤਸਕੀਨ, ਅਮਰਜੀਤ ਕੌਂਕੇ, ਸੁਰਜੀਤ ਬਰਾੜ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੇ ਵਿਦਵਾਨਾਂ ਨੇ ਇਨ੍ਹਾਂ ਕਾਲਮਾਂ 'ਚ ਲੰਮਾ ਸਮਾਂ

ਲਗਾਤਾਰ ਲਿਖਿਆ। ਇਹ ਵੀ ਪੱਕਾ ਬਣਾ ਲਿਆ ਕਿ ਲੇਖਕ ਵੱਲੋਂ ਆਪਣੀ ਪੁਸਤਕ ਨਾਲ ਕਰਵਾ ਕੇ ਭੇਜਿਆ ਰੀਵਿਊ ਨਹੀਂ ਛਾਪਣਾ। ਹਰ ਅੰਕ ਛਪਣ ਤੋਂ ਬਾਅਦ ਕਾਮਰੇਡ ਆਨੰਦ ਜੀ ਨਾਲ ਬਹਿ ਕੇ ਉਸ ਬਾਰੇ ਚਰਚਾ ਹੁੰਦੀ। ਉਹ ਪੂਰਾ ਨਿੱਠ ਕੇ ਪੜ੍ਹਦੇ, ਪਰੂਫ ਤਕ ਦੀਆਂ ਗ਼ਲਤੀਆਂ ਨੂੰ ਨੋਟ ਕਰਦੇ। ਲੇਖਕਾਂ ਤਕ ਪਹੁੰਚ ਕਰਨ ਦੀਆਂ ਸਲਾਹਾਂ ਵੀ ਹੁੰਦੀਆਂ, ਨਵੇਂ ਤੋਂ ਨਵੇਂ ਸੰਕਲਪ ਸੋਚੇ ਜਾਂਦੇ ਤੇ ਇਸਦੇ ਫਾਲੋਅੱਪ 'ਤੇ ਧਿਆਨ ਰੱਖਦੇ, ਲਗਾਤਾਰ ਇਸਦੇ ਬਾਰੇ ਪੁੱਛਦੇ। ਇਸ ਨਾਲ ਕੰਮ ਕਰਨ ਦਾ ਉਤਸ਼ਾਹ ਵੀ ਬਣਦਾ ਤੇ ਇਹ ਡਰ ਵੀ ਬਣਿਆ ਰਹਿੰਦਾ ਕਿ ਜੇ ਨਾ ਕੀਤਾ ਤਾਂ ਕੀ ਜੁਆਬ ਦਿਆਂਗਾ!

1992 ਦੇ ਅੱਧ ਜਿਹੇ 'ਚ ਚੰਡੀਗੜ੍ਹੋਂ ਪੰਜਾਬੀ ਕਵਿਤਰੀ ਪ੍ਰੀਤਮ ਸੰਧੂ ਜਲੰਧਰ ਆਈ, ਉਰਮਿਲਾ ਜੀ ਨੂੰ ਮਿਲਣ ਦਫਤਰ ਆ ਗਈ। ਉਹਨਾਂ ਨੇ ਮੈਨੂੰ ਉਸ ਨਾਲ ਮਿਲਾਇਆ ਤੇ ਨਾਲ ਹੀ ਕਿਹਾ, ''ਇਹ ਮੁੰਡਾ ਸਾਹਿਤਕ ਮੈਗਜ਼ੀਨ ਦੇਖਦਾ ਹੈ। ਆਪਣੀਆਂ ਕੁਝ ਨਵੀਆਂ ਕਵਿਤਾਵਾਂ ਵੀ ਇਸਨੂੰ ਦੇ ਜਾਣੀਆਂ।'' ਉਹਨਾਂ ਆਪਣੀਆਂ ਤਿੰਨ ਚਾਰ ਕਵਿਤਾਵਾਂ ਦੇ ਨਾਲ ਆਪਣੀ ਫੋਟੋ ਵੀ ਦੇ ਦਿੱਤੀ। ਜਦੋਂ ਛਾਪਣ ਲੱਗਾ ਤਾਂ ਕੀਤੀ ਗੱਲਬਾਤ ਦੇ ਆਧਾਰ 'ਤੇ ਨਾਲ ਜਾਣ-ਪਛਾਣ ਵਜੋਂ ਸੰਖੇਪ ਜਿਹਾ ਨੋਟ ਲਿਖ ਦਿੱਤਾ। ਇਹ ਨੋਟ ਲਿਖਦਿਆਂ ਮਨ 'ਚ ਆਇਆ, ਕਿਉਂ ਨਾ ਨਵੇਂ ਕਵੀਆਂ ਬਾਰੇ ਕਵਿਤਾ ਦਾ ਅਜਿਹਾ ਕਾਲਮ ਸ਼ੁਰੂ ਕੀਤਾ ਜਾਵੇ, ਜਿਸ ਵਿਚ ਕਵੀ ਦੀਆਂ ਪੰਜ ਛੇ ਕਵਿਤਾਵਾਂ ਹੋਣ, ਫੋਟੋ ਹੋਵੇ, ਛਪੀਆਂ ਕਿਤਾਬਾਂ ਦਾ ਵੇਰਵਾ ਤੇ ਨਾਲ ਕੁਝ ਲਾਈਨਾਂ ਉਸਦੀ ਕਵਿਤਾ ਬਾਰੇ। ਇਸ ਬਾਰੇ ਕੁਝ ਦਿਨ ਸੋਚਦਾ ਰਿਹਾ, ਇਸਦੇ ਹੋਰ ਬਹੁਤ ਸਾਰੇ ਵਿਸਥਾਰ ਤੇ ਕਾਲਮ ਸ਼ੁਰੂ ਕੀਤਾ 'ਨਵੇਂ ਦਿਸਹੱਦਿਆਂ ਦੀ ਤਲਾਸ਼ 'ਚ ਨਵੀਂ ਪੰਜਾਬੀ ਕਵਿਤਾ'। ਇਕ ਹਫ਼ਤਾ ਛੱਡ ਕੇ ਛਪਣ ਵਾਲੇ ਇਸ ਕਾਲਮ ਅਧੀਨ ਅਜੇ ਪੰਜ ਛੇ ਕਵੀਆਂ ਦੀਆਂ ਕਵਿਤਾਵਾਂ ਹੀ ਛਪੀਆਂ ਸਨ ਕਿ ਬਹੁਤ ਸਾਰੇ ਕਵੀਆਂ ਦੀਆਂ ਕਵਿਤਾਵਾਂ ਇਸ ਕਾਲਮ ਲਈ ਆਉਣ ਲੱਗੀਆਂ। ਇਹ ਪੱਕਾ ਰੱਖਿਆ ਇਸ ਕਾਲਮ ਅਧੀਨ ਉਹਨਾਂ ਹੀ ਕਵੀਆਂ ਨੂੰ ਛਾਪਿਆ, ਜਿਹੜੇ ਸਥਾਪਤ ਹੋਣ ਵੱਲ ਵਧ ਰਹੇ ਸਨ, ਜਿਹੜੇ ਸਾਡੇ ਪਹਿਲਾਂ ਸੋਚੇ ਹੋਏ ਘੇਰੇ 'ਚ ਆਉਂਦੇ ਸਨ। ਬਾਕੀਆਂ ਦੀਆਂ ਕਵਿਤਾਵਾਂ ਉਂਝ ਛਾਪੀਆਂ ਪਰ ਇਸ ਕਾਲਮ ਅਧੀਨ ਨਹੀਂ। ਇਹ ਕਾਲਮ ਬੜਾ ਚਰਚਿਤ ਰਿਹਾ। ਇਸ ਅਧੀਨ ਛੱਬੀ ਕਵੀਆਂ ਨੂੰ ਛਾਪਿਆ, ਸਾਰੀ ਦੀ ਸਾਰੀ ਉਸ ਵੇਲੇ ਦੀ ਉਭਰ ਰਹੀ ਨਵੀਂ ਪੀੜ੍ਹੀ। ਪਿੱਛੋਂ ਇਸ ਕਾਲਮ ਵਾਲੀਆਂ ਕਵਿਤਾਵਾਂ ਨੂੰ ਗੁਰਸ਼ਰਨ ਭਾਅ ਜੀ ਨੇ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਵੱਲੋਂ 'ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ' ਸਿਰਲੇਖ ਹੇਠ ਪੁਸਤਕ ਰੂਪ 'ਚ ਛਾਪਿਆ। ਅਜਿਹਾ ਹੀ ਕਾਲਮ ਫਿਰ ਪਰਵਾਸੀ ਪੰਜਾਬੀ ਕਵਿਤਾ ਬਾਰੇ ਛਾਪਿਆ। ਇਹਨਾਂ ਦੋਹਾਂ ਕਾਲਮਾਂ ਦੇ ਛਪਣ ਨਾਲ 'ਐਤਵਾਰਤਾ' ਨੇ ਪੰਜਾਬੀ ਕਵਿਤਾ 'ਚ ਇਕ ਥਾਂ ਬਣਾ ਲਿਆ ਤੇ ਬਹੁਤ ਸਾਰੀ ਚੰਗੀ ਕਵਿਤਾ ਛਪਣ ਲਈ ਆਉਣ ਲੱਗੀ। ਕਵਿਤਾ ਛਾਪਣ ਲੱਗਿਆਂ ਉਸਦੇ ਸ਼ਬਦਾਂ ਨਾਲੋਂ ਸੁਰ ਨੂੰ ਪਹਿਲਾਂ ਵਿਚਾਰਿਆ ਕਿ ਇਹ ਸਮਕਾਲ ਨਾਲ ਖਹਿੰਦੀ ਵੀ ਹੈ ਕਿ ਨਹੀਂ।

ਇਹਨਾਂ ਹੀ ਦਿਨਾਂ 'ਚ ਰਵਿੰਦਰ ਧਾਲੀਵਾਲ ਸਰਹੰਦ ਸ਼ਹਿਰ ਬਾਰੇ ਫੋਟੋਆਂ ਸਮੇਤ ਇਕ ਲੇਖ-ਲੜੀ ਲੈ ਕੇ ਆਇਆ। ਇਸ ਵਿਚ ਉੱਥੋਂ ਦੀਆਂ ਵੱਖ-ਵੱਖ ਇਤਿਹਾਸਕ ਇਮਾਰਤਾਂ, ਮਕਬਰਿਆਂ, ਬਾਗ਼ਾਂ, ਗੁਰਦੁਆਰਿਆਂ ਬਾਰੇ ਲੇਖ ਸਨ। ਲੇਖ ਪੜ੍ਹੇ ਤਾਂ ਦਿਲਚਸਪ ਲੱਗੇ ਪਰ ਅਜਿਹੀ ਲੇਖ-ਲੜੀ ਪਹਿਲਾਂ ਕਦੀ 'ਨਵਾਂ ਜ਼ਮਾਨਾ' 'ਚ ਛਪੀ ਨਹੀਂ ਸੀ। ਕਿੰਨਾ ਚਿਰ ਇਸ ਬਾਰੇ ਮਨ ਹੀ ਮਨ ਔਝਲਦਾ ਰਿਹਾ। ਆਨੰਦ ਜੀ ਨਾਲ ਸਲਾਹ ਕੀਤੀ ਤਾਂ ਉਹਨਾਂ ਇਸਦੇ ਛਾਪਣ ਨੂੰ ਪ੍ਰਵਾਨਗੀ ਦੇ ਦਿੱਤੀ। ਇਸਨੂੰ 'ਇਤਿਹਾਸ ਦੀਆਂ ਪੈੜਾਂ' ਕਾਲਮ ਅਧੀਨ ਛਾਪਣਾ ਸ਼ੁਰੂ ਕੀਤਾ। ਛਾਪਣਾ ਸ਼ੁਰੂ ਕਰਨ 'ਤੇ ਨਾਲ ਟਿੱਪਣੀ ਛਾਪੀ ਜਿਸਦਾ ਭਾਵ ਕੁਝ ਇਸ ਤਰ੍ਹਾਂ ਸੀ, 'ਇਸ ਕਾਲਮ ਅਧੀਨ ਪੰਜਾਬ ਦੇ ਇਤਿਹਾਸ, ਵਿਰਸਾ, ਪਰੰਪਰਾਵਾਂ ਬਾਰੇ ਸਚਿੱਤਰ ਲੇਖਾਂ ਨੂੰ ਛਾਪਿਆ ਜਾਵੇਗਾ।' ਧਾਲੀਵਾਲ ਦੇ ਇਹਨਾਂ ਲੇਖਾਂ ਦੇ ਛਪਦਿਆਂ ਕਈ ਹੋਰ ਲੇਖਕਾਂ ਵੱਲੋਂ ਵੀ ਅਜਿਹੇ ਲੇਖ ਆਉਣ ਲੱਗੇ। ਕਈਆਂ ਤੋਂ ਜ਼ੋਰ ਦੇ ਕੇ ਲਿਖਵਾਏ। ਸੰਤਾਲੀ ਦੀ ਵੰਡ ਵੇਲੇ ਜਿਨ੍ਹਾਂ-ਜਿਨ੍ਹਾਂ ਪਿੰਡਾਂ 'ਚ ਮੁਸਲਮਾਨਾਂ ਦੇ ਕਤਲੇਆਮ

ਹੋਏ, ਇਨ੍ਹਾਂ ਪਿੰਡਾਂ ਬਾਰੇ ਅਜਮੇਰ ਸਿੱਧੂ ਨੇ ਬਹੁਤ ਸਾਰੇ ਲੇਖ ਲਿਖੇ, ਜਿਨ੍ਹਾਂ ਨੇ ਇਸ ਕਾਲਮ ਨੂੰ ਨਵਾਂ ਵਿਸਥਾਰ ਦਿੱਤਾ। ਵਿਜੈ ਬੰਬੇਲੀ ਨੇ ਕੰਢੀ ਦੇ ਖਿੱਤੇ 'ਚ ਗ਼ਦਰ ਲਹਿਰ ਤੇ ਬੱਬਰ ਅਕਾਲੀ ਲਹਿਰ ਬਾਰੇ, ਵਾਸਦੇਵ ਸਿੰਘ ਪਰਹਾਰ ਨੇ ਬੱਬਰ ਅਕਾਲੀ ਲਹਿਰ ਵਾਲੇ ਪਿੰਡਾਂ ਬਾਰੇ, ਜਰਨੈਲ ਅੱਚਰਵਾਲ ਨੇ ਗ਼ਦਰ ਲਹਿਰ, ਮੁਜ਼ਾਰਾ ਲਹਿਰ ਤੇ ਨਕਸਲਬਾੜੀ ਲਹਿਰ ਵਾਲੇ ਪਿੰਡਾਂ ਬਾਰੇ, ਗੁਰਮੀਤ ਕੜਿਆਲਵੀ, ਸਤਪਾਲ ਭੀਖੀ, ਚਰੰਜੀ ਲਾਲ ਕੰਗਣੀਵਾਲ, ਕਹਾਣੀਕਾਰ ਲਾਲ ਸਿੰਘ, ਜਗਦੀਸ਼ ਪਾਪੜਾ ਸਮੇਤ ਬਹੁਤ ਸਾਰੇ ਲੇਖਕਾਂ ਨੇ ਇਸ ਕਾਲਮ ਲਈ ਲਿਖਿਆ। ਇਨ੍ਹਾਂ ਨੇ ਪਰਚੇ ਦਾ ਘੇਰਾ ਮੋਕਲ਼ਾ ਕਰਨ 'ਚ ਬਹੁਤ ਭੂਮਿਕਾ ਅਦਾ ਕੀਤੀ। ਇਹ ਨਹੀਂ ਕਿ ਇਸ ਕਾਲਮ ਅਧੀਨ ਆਏ ਸਾਰੇ ਲੇਖ ਛਾਪੇ ਹੀ, ਬਹੁਤ ਸਾਰਿਆਂ ਨੂੰ ਰੱਦ ਵੀ ਕੀਤਾ, ਖਾਸ ਕਰ ਕੇ ਜਿਹੜੇ ਡਾਇਰੀਨੁਮਾ ਸਨ ਜਾਂ ਧਾਰਮਿਕ ਸੰਸਥਾਵਾਂ ਬਾਰੇ ਅੰਧਵਿਸ਼ਵਾਸਾਂ ਨਾਲ ਭਰੇ ਹੋਏ। ਇਸ ਕਾਲਮ ਅਧੀਨ ਹੀ ਬਹੁਤ ਸਾਰੇ ਕਾਮਰੇਡਾਂ ਦੀਆਂ ਮੁਜ਼ਾਰਾ ਲਹਿਰ ਦੇ ਪਿੰਡਾਂ ਬਾਰੇ ਜੁੜੀਆਂ ਟਕਰਾਅ ਦੀਆਂ ਮਹੱਤਵਪੂਰਨ ਘਟਨਾਵਾਂ ਬਾਰੇ ਯਾਦਾਂ ਨੂੰ ਛਾਪਿਆ। ਇਸ ਕਾਲਮ ਦਾ ਜਿਵੇਂ ਵਿਸਥਾਰ ਹੋਇਆ, ਉਹ ਸੋਚੀ ਹੋਈ ਰੂਪ-ਰੇਖਾ ਦੇ ਕਿਆਸ ਤੋਂ ਕਿਤੇ ਵਧੇਰੇ ਵਿਸ਼ਾਲ ਸੀ। ਇਸ ਤੋਂ ਸਮਝ ਆਈ ਕਿ ਸੰਪਾਦਕ ਦਾ ਕੰਮ ਇਕ ਸੁਪਨੇ ਨੂੰ ਸਿਰਜਣਾ ਤੇ ਉਸਦੀ ਪਹਿਰੇਦਾਰੀ ਕਰਨੀ ਹੁੰਦੀ ਹੈ, ਉਸ 'ਚ ਰੰਗ ਭਰਨ ਲਈ ਲਿਖਤਾਂ ਦੀ ਕੋਈ ਕਮੀ ਨਹੀਂ ਰਹਿੰਦੀ। ਪਾਠਕ/ਲੇਖਕ ਬੜੀ ਛੇਤੀ ਸਮਝ ਜਾਂਦੇ ਹਨ ਸੰਪਾਦਕ ਦੀ ਮਨਸ਼ਾ ਤੇ ਸੁਪਨੇ ਦੀ ਸੇਧ। ਇਕ ਹੋਰ ਵੀ ਮਹੱਤਵਪੂਰਨ ਪਹਿਲੂ ਨੂੰ ਸਮਝਿਆ ਕਿ ਜਿਨ੍ਹਾਂ ਨੇ ਹੱਡੀਂ ਹੰਢਾਇਆ ਹੋਵੇ, ਜਦੋਂ ਉਹ ਉਹਨਾਂ ਘਟਨਾਵਾਂ/ਵਾਕਿਆਤ ਨੂੰ ਲਿਖਦੇ ਹਨ ਤਾਂ ਉਹਨਾਂ ਦੇ ਲਫ਼ਜ਼ਾਂ 'ਚ ਜਿਹੜੀ ਸ਼ਿੱਦਤ ਹੁੰਦੀ ਹੈ, ਉਸਨੂੰ ਬਹੁਤ ਘੱਟ ਕਸਬੀ ਲੇਖਕ ਆਪਣੀਆਂ ਲਿਖਤਾਂ 'ਚ ਭਰ ਸਕਦੇ ਹਨ। ਕਾਮਰੇਡ ਅਮਰਜੀਤ ਸਿੰਘ ਕੁਲਾਰ, ਕਾਮਰੇਡ ਲਖਵੀਰ ਸਿੰਘ ਹਾਰਨੀਆਂ, ਕਾਮਰੇਡ ਮੋਹਨ ਸਿੰਘ ਰਾਜਾਤਾਲ ਦੀਆਂ ਮੁਜ਼ਾਰਾ ਲਹਿਰ ਤੇ ਕਮਿਊਨਿਸਟ ਲਹਿਰ ਬਾਰੇ ਯਾਦਾਂ ਨੇ ਲਹਿਰ ਦਾ ਮੌਖਿਕ ਇਤਿਹਾਸ ਸਾਂਭਣ 'ਚ ਤਾਂ ਭੂਮਿਕਾ ਅਦਾ ਕੀਤੀ, ਇਨ੍ਹਾਂ ਨੂੰ ਪਾਠਕਾਂ ਨੇ ਵੀ ਜ਼ਬਰਦਸਤ ਹੁੰਗਾਰਾ ਭਰਿਆ। ਇਹਨਾਂ ਲਿਖਤਾਂ ਨੂੰ ਠੀਕ ਕਰਨ ਵਾਸਤੇ ਮਿਹਨਤ ਤਾਂ ਬਹੁਤ ਕਰਨੀ ਪੈਂਦੀ ਪਰ ਇਹਨਾਂ ਵਿਚਲੀ ਤੜਪ ਦੀ ਸ਼ਿੱਦਤ ਮਹਿਸੂਸ ਕਰ ਮੈਨੂੰ ਆਪ ਹੈਰਾਨੀ ਹੁੰਦੀ। ਜਿਨ੍ਹਾਂ ਲੋਕਾਂ ਨੇ ਕਿਸੇ ਸੁਪਨੇ ਲਈ ਜ਼ਿੰਦਗੀ ਲਾਈ ਹੋਵੇ, ਉਹ ਜਦੋਂ ਆਪਣੀ ਜ਼ਿੰਦਗੀ ਦੇ ਵਾਕਿਆਤ ਬਾਰੇ ਲਿਖਦੇ ਹਨ ਤਾਂ ਜਿਵੇਂ ਸੁਪਨਾ ਕਾਗ਼ਜ਼ਾਂ 'ਤੇ ਉੱਭਰ ਆਉਂਦਾ ਹੈ।

ਲਲਿਤ ਲਿਸਕਲਾਨੀ ਫਗਵਾੜੇ ਝੁੱਗੀ-ਝੌਂਪੜੀ ਵਾਲੇ ਬੱਚਿਆਂ ਦਾ ਸਕੂਲ ਚਲਾਉਂਦੀ ਹੈ। ਮੈਂ ਕਈ ਵਾਰ ਉਸਨੂੰ ਆਪਣੇ ਤਜਰਬੇ ਲਿਖਣ ਲਈ ਕਹਿੰਦਾ, ਉਸਦਾ ਹਰ ਵਾਰ ਜਵਾਬ ਹੁੰਦਾ, ''ਭਾਅ ਜੀ, ਮੈਂ ਲਿਖਣ 'ਚ ਨਹੀਂ, ਕੁਝ ਕਰਨ 'ਚ ਵਿਸ਼ਵਾਸ ਕਰਦੀ ਹਾਂ।'' ਬੜਾ ਜ਼ੋਰ ਦੇ ਕੇ ਆਖਰ ਉਸ ਤੋਂ 'ਆਪਣਾ ਘਰ ਸਕੂਲ' ਲੇਖ ਲੜੀ ਲਿਖਵਾਈ। ਉਸਨੇ ਨਾ ਉਸਤੋਂ ਪਹਿਲਾਂ ਲਿਖਿਆ ਸੀ, ਨਾ ਬਆਦ 'ਚ ਹੀ ਕੋਈ ਲਿਖਤ ਨਜ਼ਰੀਂ ਪਈ। ਪਰ ਉਸਦੀਆਂ ਛੇ ਜਾਂ ਸੱਤ ਕਿਸ਼ਤਾਂ 'ਚ, 'ਐਤਵਾਰਤਾ' ਦੇ ਮੁੱਖ-ਪੰਨੇ 'ਤੇ ਛਪੀਆਂ ਲਿਖਤਾਂ ਨੇ ਦੇਸ਼-ਵਿਦੇਸ਼ ਦੇ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ। ਇਕ ਦਹਾਕੇ ਤੋਂ ਵੀ ਵਧੇਰੇ ਸਮਾਂ ਹੋ ਗਿਆ ਹੈ ਇਹਨਾਂ ਨੂੰ ਛਾਪਿਆਂ, ਪਰ ਇਹ ਲੇਖ ਲੜੀ ਅਜੇ ਵੀ ਜ਼ਿਹਨ 'ਚ ਵਸੀ ਹੋਈ ਹੈ। ਮੈਨੂੰ ਮਾਣ ਹੈ ਕਿ ਅਜਿਹੀਆਂ 'ਵਿਲੱਖਣ ਲਿਖਤਾਂ' 'ਐਤਵਾਰਤਾ' ਦੀ ਸ਼ਾਨ ਬਣੀਆਂ।

ਸਭ ਤੋਂ ਮਹੱਤਵਪੂਰਨ ਹੁੰਗਾਰਾ ਰਿਹਾ ਲੇਖਕਾਂ ਨਾਲ ਮੁਲਾਕਾਤਾਂ ਵਾਲੇ ਕਾਲਮ ਨੂੰ। ਇਸਦੀ ਰੂਪ ਰੇਖਾ ਉਲੀਕਣ 'ਚ ਬਲਬੀਰ ਮਾਧੋਪੁਰੀ ਦਾ ਮਹੱਤਵਪੂਰਨ ਯੋਗਦਾਨ ਰਿਹਾ। ਉਹ ਦਿੱਲੀ ਤੋਂ ਪਿੰਡ ਮਿਲਣ ਆਇਆ (ਉਸਦਾ ਪਿੰਡ ਭੋਗਪੁਰ ਨੇੜੇ ਮਾਧੋਪੁਰ ਹੈ) 'ਨਵਾਂ ਜ਼ਮਾਨਾ' ਮਿਲਣ ਲਈ ਆ ਗਿਆ। ਉਸ ਨਾਲ ਗੱਲਾਂ ਕਰਦਿਆਂ ਉਸਨੂੰ ਦਿੱਲੀ ਦੇ ਲੇਖਕਾਂ ਨਾਲ ਮੁਲਾਕਾਤਾਂ ਕਰਨ ਲਈ ਕਿਹਾ। ਗੱਲਾਂ ਹੀ ਗੱਲਾਂ 'ਚ ਆਨੰਦ ਜੀ ਨੇ ਉਸਨੂੰ ਦਸ ਕੁ ਲੇਖਕਾਂ ਦੇ ਨਾਂ ਗਿਣਾ ਦਿੱਤੇ। ਉਸਨੇ ਕਰਨ ਲਈ ਹਾਮੀ ਭਰ ਦਿੱਤੀ। ਚੌਖਟਾ ਇਹ ਬਣਿਆ ਕਿ ਇਹ 'ਐਤਵਾਰਤਾ' ਦੇ ਆਖਰੀ ਸਫ਼ੇ

'ਤੇ ਛਾਪਾਂਗੇ। ਨਾਲ ਲੇਖਕ ਦੀ ਪਰਿਵਾਰ ਸਮੇਤ ਫੋਟੋ, ਉਸਦੇ ਦੋਸਤਾਂ ਨਾਲ ਵੀ, ਤੇ ਇਕ ਮੁਲਾਕਾਤ ਕਰਤਾ ਨਾਲ। ਤਿੰਨ ਤਸਵੀਰਾਂ ਘੱਟੋ ਘੱਟ, ਇਸਤੋਂ ਵੱਧ ਵੀ ਹੋ ਸਕਦੀਆਂ, ਜੇ ਉਹ ਮਹੱਤਵਪੂਰਨ ਲੱਗਣ। ਤਿੰਨ ਵੱਖ-ਵੱਖ ਕਾਲਮਾਂ ਅਧੀਨ ਇਹ ਮੁਲਾਕਾਤਾਂ ਛਾਪਣ ਦਾ ਫੈਸਲਾ ਹੋਇਆ। 'ਆਹਮਣੇ-ਸਾਹਮਣੇ' ਕਾਲਮ ਅਧੀਨ ਉਹਨਾਂ ਲੇਖਕਾਂ ਨਾਲ, ਜਿਹਨਾਂ ਦਾ ਸਾਹਿਤ 'ਚ ਕੋਈ ਮੁਕਾਮ ਸਥਾਪਤ ਹੋ ਚੁੱਕਾ ਹੈ ਤੇ ਉਹ ਆਪਣੀ ਸਿਖਰ 'ਤੇ ਹਨ। 'ਪਰਵਾਜ਼' ਅਧੀਨ ਉਹਨਾਂ ਲੇਖਕਾਂ ਨਾਲ, ਜਿਹਨਾਂ ਨੂੰ ਸਾਹਿਤ ਜਗਤ 'ਚ ਜਾਣਿਆ ਤਾਂ ਜਾਂਦਾ ਪਰ ਉਹਨਾਂ ਨੇ ਆਪਣੀ ਪਛਾਣ ਅਜੇ ਗੂੜ੍ਹੀ ਕਰਨੀ ਹੈ। 'ਪੈੜਾਂ' ਅਧੀਨ ਉਹਨਾਂ ਨਾਲ, ਜਿਹਨਾਂ ਦੀ ਸਾਹਿਤ ਸਭਿਆਚਾਰ ਦੇ ਖੇਤਰ 'ਚ ਪਛਾਣ ਤਾਂ ਗੂੜ੍ਹੀ ਹੈ ਪਰ ਉਸ ਪਛਾਣ ਨੂੰ ਕਿਸੇ ਇਕ ਚੌਖਟੇ 'ਚ ਨਹੀਂ ਬੰਨ੍ਹਿਆ ਜਾ ਸਕਦਾ ਜਾਂ ਉਹਨਾਂ ਨੇ ਆਪਣੀ ਜ਼ਿੰਦਗੀ ਕਿਸੇ ਮਿਸ਼ਨ ਲਈ ਇਮਾਨਦਾਰੀ ਨਾਲ ਲਾਈ। ਪਹਿਲੀਆਂ ਕੁਝ ਮੁਲਾਕਾਤਾਂ ਹੀ ਛਪੀਆਂ ਕਿ ਹੋਰ ਬਹੁਤ ਸਾਰੇ ਲੇਖਕਾਂ ਵੱਲੋਂ ਮੁਲਾਕਾਤਾਂ ਆਉਣ ਲੱਗੀਆਂ। ਮਾਰਚ 1995 ਤੋਂ ਜਿਉਂ ਇਹ ਕਾਲਮ ਸ਼ੁਰੂ ਕੀਤਾ, ਇਸ 'ਚ ਕਦੀ ਨਾਗਾ ਨਾ ਪਿਆ ਕਿ ਛਪਣ ਲਈ ਮੁਲਾਕਾਤ ਸਾਡੇ ਕੋਲ਼ ਨਾ ਹੋਵੇ। ਹੋਰ ਕਾਰਨਾਂ ਜਿਵੇਂ ਕੋਈ ਵਿਸ਼ੇਸ਼ ਅੰਕ ਕੱਢਣ, ਕਿਸੇ ਯਾਦ ਨੂੰ ਛਾਪਣ ਕਰਕੇ ਇਹ ਨਹੀਂ ਛਪਿਆ। ਪਿੱਛੋਂ ਅਸੀਂ ਮੁਲਾਕਾਤਾਂ ਦੇ ਨਾਲ-ਨਾਲ ਵੱਡੇ ਕੱਦ ਦੇ ਲੇਖਕਾਂ, ਬਜ਼ੁਰਗ ਕਾਮਰੇਡਾਂ ਦੀਆਂ ਲਹਿਰ ਵਿਚਲੀਆਂ ਯਾਦਾਂ ਨੂੰ ਵੀ ਲੜੀ 'ਚ ਸ਼ਾਮਲ ਕਰ ਲਿਆ। ਦੂਸਰੀਆਂ ਭਾਸ਼ਾਵਾਂ ਦੇ ਲੇਖਕਾਂ ਦੀਆਂ ਕਿਸੇ ਥਾਂ ਛਪੀਆਂ ਚਰਚਿਤ ਮੁਲਾਕਾਤਾਂ ਨੂੰ ਅਨੁਵਾਦ ਕਰਕੇ 'ਮਹਿਮਾਨ ਹਸਤਾਖਰ' ਅਧੀਨ ਛਾਪਣ ਲੱਗੇ ਦੋ ਚਾਰ ਮਹੀਨਿਆਂ ਬਾਅਦ। ਸਭ ਤੋਂ ਵੱਧ ਦਬਾਅ ਵੀ ਇਸ ਕਾਲਮ ਲਈ ਸਹਿਣੇ ਪਏ। ਸਿਫਾਰਸ਼ੀ ਮੁਲਾਕਾਤਾਂ ਨਾ ਛਾਪਣ 'ਤੇ ਕਈ ਨਾਰਾਜ਼ ਵੀ ਹੋਏ ਪਰ ਆਪਣਾ ਪੱਧਰ ਜਾਂ ਨਿਸ਼ਾਨਾ ਨਾ ਖੁੰਝਣ ਦਿੱਤਾ। ਇਸ ਬਾਰੇ ਸਭ ਤੋਂ ਉਭਰਵੀਂ ਇਕ ਯਾਦ।

ਮਦਨ ਲਾਲ ਹਸੀਜਾ ਉਦੋਂ ਭਾਸ਼ਾ ਵਿਭਾਗ ਦਾ ਡਾਇਰੈਕਟਰ ਹੁੰਦਾ ਸੀ। ਪਟਿਆਲੇ ਕਿਸੇ ਸਮਾਗਮ ਦੌਰਾਨ ਉਹ ਆਨੰਦ ਜੀ ਨੂੰ ਮਿਲਿਆ ਤੇ ਆਪਣੀ ਮੁਲਾਕਾਤ 'ਐਤਵਾਰਤਾ' 'ਚ ਛਾਪਣ ਦੀ ਇੱਛਾ ਜ਼ਾਹਰ ਕੀਤੀ। ਆਨੰਦ ਜੀ ਨੇ ਆਪਣੇ ਸੁਭਾਅ ਅਨੁਸਾਰ ਉਸਨੂੰ ਕਰਵਾ ਕੇ ਭੇਜ ਦੇਣ ਲਈ ਕਹਿ ਦਿੱਤਾ। ਉਸਦੀ ਮੁਲਾਕਾਤ ਆਈ, ਉਸਨੂੰ ਪੜ੍ਹਿਆ ਤਾਂ ਮੈਨੂੰ ਸਮਝ ਨਾ ਆਵੇ, ਇਸਨੂੰ ਕਿਉਂ ਛਾਪਿਆ ਜਾਣਾ ਚਾਹੀਦਾ! ਇਕ ਪਾਸੇ ਆਨੰਦ ਜੀ ਦਾ ਕਿਹਾ ਹੋਇਆ ਸੀ, ਦੂਸਰੇ ਪਾਸੇ ਪਰਚੇ ਦੀ ਉਹ ਪਰੰਪਰਾ ਜਿਹੜੀ ਅਸੀਂ ਸਥਾਪਤ ਕਰ ਚੁੱਕੇ ਸਾਂ। ਉਸ ਪਰੰਪਰਾ 'ਚ ਇਹ ਕਿਤੇ ਫਿੱਟ ਆਉਂਦੀ ਨਾ ਦਿਸਦੀ। ਆਪਣੀ ਇਸ ਦੁਬਿੱਧਾ ਨੂੰ ਲੈ ਕੇ ਆਨੰਦ ਜੀ ਨਾਲ ਗੱਲ ਕੀਤੀ, "ਅਸੀਂ ਜਦੋਂ ਇਹ ਕਾਲਮ ਸ਼ੁਰੂ ਕੀਤਾ ਸੀ ਤਾਂ ਐਲਾਨ ਕੀਤਾ ਸੀ ਕਿ ਇਸ ਅਧੀਨ ਲੇਖਕਾਂ, ਰੰਗ ਕਰਮੀਆਂ, ਸਮਾਜਕ ਕਾਰਕੁਨਾਂ ਜਾਂ ਲਹਿਰ ਦੇ ਹੰਢੇ-ਵਰਤੇ ਆਗੂਆਂ ਨਾਲ ਮੁਲਾਕਾਤਾਂ ਛਾਪਿਆ ਕਰਾਂਗੇ। ਇਹ ਠੀਕ ਹੈ ਕਿ ਹਸੀਜਾ ਜੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਹਨ ਪਰ ਉਹਨਾਂ ਦੀ ਪੰਜਾਬੀ ਸਾਹਿਤ, ਸਭਿਆਚਾਰ ਦੇ ਖੇਤਰ 'ਚ, ਇਸ ਅਫ਼ਸਰੀ ਤੋਂ ਬਿਨਾਂ ਹੋਰ ਕੀ ਪਛਾਣ ਹੈ? ਇਹ ਛਾਪਣ ਨਾਲ ਅਸੀਂ ਆਪਣੇ ਆਦਰਸ਼ਾਂ ਨੂੰ ਧੁੰਦਲਾ ਕਰ ਰਹੇ ਹੋਵਾਂਗੇ।" ਆਨੰਦ ਜੀ ਦੀ ਸਭ ਤੋਂ ਵੱਡੀ ਖੂਬੀ ਸੀ ਕਿ ਉਹਨਾਂ ਨਾਲ 'ਸੰਵਾਦ' ਕੀਤਾ ਜਾ ਸਕਦਾ ਸੀ, ਵਿਚਾਰ-ਵਟਾਂਦਰਾ ਹੋ ਸਕਦਾ ਸੀ। ਤੇ ਜੇ ਉਹਨਾਂ ਨੂੰ ਦੂਸਰੇ ਦੀ ਗੱਲ ਠੀਕ ਲੱਗੇ, ਉਹ ਝੱਟ ਆਪਣੀ ਗੱਲ ਛੱਡ ਦਿੰਦੇ ਸਨ। ਉਹਨਾਂ 'ਚ ਅਜਿਹੀ ਕੋਈ 'ਈਗੋ' ਨਹੀਂ ਸੀ ਕਿ ਮੈਂ ਕਿਹਾ। ਸੰਵਾਦ ਤੋਂ ਬਾਅਦ ਸਾਡੇ 'ਚ ਇਹ ਸਹਿਮਤੀ ਹੋ ਗਈ ਕਿ ਮੁਲਾਕਾਤ ਆਪਣੇ ਕਾਲਮਾਂ ਦੀ ਤਰਤੀਬ ਅਧੀਨ ਨਾ ਛਾਪੀ ਜਾਵੇ ਕਿ ਹਰ ਹਫ਼ਤੇ ਅਸੀਂ ਮੁਲਾਕਾਤ ਛਾਪਣ ਦੇ ਨਾਲ ਇਕ ਸੂਚਨਾ ਵੀ ਛਾਪਦੇ ਹਾਂ ਜਿਸ ਵਿਚ ਪਹਿਲਾਂ ਛਪੀਆਂ ਸਾਰੀਆਂ ਮੁਲਾਕਾਤਾਂ ਵਾਲੇ ਲੇਖਕਾਂ ਦੇ ਨਾਂ ਹੁੰਦੇ ਸਨ ਤੇ ਆਉਂਦੇ ਹਫ਼ਤੇ ਛਪਣ ਵਾਲੀ ਮੁਲਾਕਾਤ ਦਾ ਜ਼ਿਕਰ ਵੀ। ਹਸੀਜਾ ਦੀ ਮੁਲਾਕਾਤ ਛਾਪੀ, ਪਰ ਇਸਨੂੰ ਅਸੀਂ ਆਪਣੇ ਕਾਲਮਾਂ ਦੀ ਤਰਤੀਬ 'ਚ ਨਾ ਰੱਖਿਆ। ਉਸ ਤਰਤੀਬ 'ਚ 'ਰਿਕੋਗਨਾਈਜ਼' ਨਾ ਕੀਤਾ। ਇਸਦਾ ਬਾਅਦ

'ਚ ਹਸੀਜਾ ਨੇ ਆਨੰਦ ਜੀ ਨੂੰ ਉਲਾਹਮਾ ਵੀ ਦਿੱਤਾ।

ਸੰਪਾਦਕ ਦਾ ਕੰਮ ਸਿਰਫ਼ ਰਚਨਾਵਾਂ ਨੂੰ ਛਾਪਣਾ ਹੀ ਨਹੀਂ ਹੁੰਦਾ, ਉਹਨਾਂ ਰਾਹੀਂ ਪਰਚੇ ਦੀ ਸੁਰ-ਸੇਧ ਨੂੰ ਤੈਅ ਕਰਨਾ ਵੀ ਹੁੰਦਾ ਹੈ ਤੇ ਪਰੰਪਰਾਵਾਂ ਨੂੰ ਅਗਾਂਹ ਵਧਾਉਣਾ ਵੀ। ਹਸੀਜਾ ਵਾਲੀ ਤਾਂ ਇਕ ਘਟਨਾ ਹੈ। ਅਜਿਹਾ ਬਹੁਤ ਵਾਰ ਹੋਇਆ, ਬਹੁਤ ਸਾਰੇ ਦਬਾਅ ਆਉਂਦੇ ਕਿਸੇ ਖਾਸ ਲਿਖਤ ਨੂੰ ਛਾਪਣ ਲਈ। ਅਜਿਹੀਆਂ ਬਹੁਤੀਆਂ ਸਿਫ਼ਾਰਸ਼ਾਂ/ ਦਬਾਅ ਜਾਂ ਤਾਂ ਨੇੜਲੇ ਦੋਸਤ ਲੇਖਕ ਮਿੱਤਰਾਂ ਵੱਲੋਂ ਹੁੰਦੇ, ਕਦੀ ਨਾਲ ਦੇ ਕੁਲੀਗਜ਼ ਵੱਲੋਂ ਵੀ। ਕਈ ਨਾਰਾਜ਼ ਵੀ ਹੋਏ ਪਰ ਇਹਨਾਂ ਨਾਰਾਜ਼ ਹੋਣ ਵਾਲਿਆਂ ਤੋਂ ਵੱਧ ਸੰਜੀਦਾ ਲੇਖਕ/ਪਾਠਕ ਨਾਲ ਜੁੜੇ ਵੀ। ਇਕ ਇਮੇਜ ਵੀ ਬਣਦਾ ਗਿਆ ਕਿ ਮਾੜੀ ਰਚਨਾ ਛਪ ਨਹੀਂ ਸਕਣੀ। ਜੇ ਕੋਈ ਪੁੱਛਦਾ ਤਾਂ ਮੇਰਾ ਸਦਾ ਹੀ ਜੁਆਬ ਹੁੰਦਾ, "ਜੋ ਕੁਝ ਛਪ ਰਿਹਾ ਹੈ, ਉਹ ਤੁਹਾਡੇ ਸਾਹਮਣੇ ਹੀ ਹੈ! ਉਸ ਨਾਲ ਤੁਸੀਂ ਆਪਣੀ ਲਿਖਤ ਨੂੰ ਮੇਚ ਕੇ ਦੇਖ ਲਵੋ।"

ਕਿਸੇ ਨੂੰ ਜਾਣਦਾ ਸੀ ਜਾਂ ਨਹੀਂ, ਪੜ੍ਹਨ ਤੋਂ ਬਾਅਦ ਜੇ ਉਹ ਰਚਨਾ ਠੀਕ ਲੱਗੀ ਤਾਂ ਪੂਰੇ 'ਮਾਣ' ਨਾਲ ਛਾਪੀ। ਜਦੋਂ ਮੁਲਾਕਾਤਾਂ ਵਾਲਾ ਕਾਲਮ ਆਪਣੀ ਪੂਰੀ ਚੜ੍ਹਾਈ 'ਤੇ ਸੀ ਤਾਂ ਬਹੁਤ ਸਾਰੇ ਵੱਡੇ ਲੇਖਕਾਂ ਨੇ ਇਸ ਲਈ ਮੁਲਾਕਾਤਾਂ ਕੀਤੀਆਂ। ਬਲਬੀਰ ਮਾਧੋਪੁਰੀ ਤੋਂ ਸ਼ੁਰੂ ਹੋ ਕੇ ਡਾ. ਕਰਨਜੀਤ ਸਿੰਘ, ਅਜਮੇਰ ਸਿੱਧੂ, ਤਲਵਿੰਦਰ ਸਿੰਘ, ਬਲਦੇਵ ਸਿੰਘ, ਜਸਪ੍ਰੀਤ ਜਗਰਾਓਂ, ਸਤਪਾਲ ਭੀਖੀ, ਸੁਸ਼ੀਲ ਸ਼ਰਮਾ ਜੰਮੂ, ਸਤਨਾਮ ਢਾਅ, ਜਿੰਦਰ, ਭਗੰਤ ਰਸੂਲਪੁਰੀ, ਦੇਸ ਰਾਜ ਕਾਲੀ, ਧਰਮਪਾਲ ਸਾਹਿਲ, ਗੁਰਮੀਤ ਕੜਿਆਲਵੀ, ਡਾ. ਰਾਜਿੰਦਰ ਪਾਲ ਸਿੰਘ, ਤਰਸੇਮ, ਸੁਕੀਰਤ ਆਦਿ ਅਨੇਕਾਂ ਨਾਂ ਹਨ। ਕਦੀ-ਕਦੀ ਅਜਿਹਾ ਵੀ ਹੁੰਦਾ ਸੀ ਕਿ ਕਿਸੇ ਅਹਿਮ ਮੁਲਾਕਾਤ ਨੂੰ ਅਸੀਂ ਆਖਰੀ ਪੰਨੇ ਦੀ ਬਜਾਏ ਮੁੱਖ-ਪੰਨੇ 'ਤੇ ਛਾਪਦੇ। ਅੰਮ੍ਰਿਤਾ ਪ੍ਰੀਤਮ, ਗੁਰਸ਼ਰਨ ਭਾਅ ਜੀ, ਅਜਮੇਰ ਔਲਖ ਤੇ ਕੁਝ ਗਿਣਤੀ ਦੇ ਨਾਂ ਹਨ ਮੁੱਖ-ਪੰਨੇ 'ਤੇ ਛਪਣ ਵਾਲੀਆਂ ਮੁਲਾਕਾਤਾਂ। ਸੁਕੀਰਤ ਨੇ ਅਜੀਤ ਕੌਰ ਨਾਲ ਮੁਲਾਕਾਤ ਕੀਤੀ। ਸੁਕੀਰਤ ਦਾ ਮੁਲਾਕਾਤਾਂ ਕਰਨ ਦਾ ਇਕ ਆਪਣਾ ਅੰਦਾਜ਼ ਹੈ। ਉਸਦੀਆਂ ਮੁਲਾਕਾਤਾਂ ਨੇ ਹਮੇਸ਼ਾ ਹੀ ਪਾਠਕਾਂ ਦਾ ਧਿਆਨ ਖਿੱਚਿਆ ਤੇ ਚਰਚਾ ਦਾ ਵਿਸ਼ਾ ਵੀ ਬਣਦੀਆਂ ਰਹੀਆਂ। ਉਹਨਾਂ ਦਿਨਾਂ 'ਚ ਰਾਜਿੰਦਰ ਰਾਹੀ ਵੀ 'ਨਵਾਂ ਜ਼ਮਾਨਾ' 'ਚ ਹੁੰਦਾ ਸੀ। ਜਦੋਂ ਇਸ ਮੁਲਾਕਾਤ ਦੇ ਆਖਰੀ ਪਰੂਫ਼ ਪੜ੍ਹੇ ਜਾ ਰਹੇ ਸਨ, ਉਸਨੇ ਇਹ ਦੇਖੀ ਤੇ ਆ ਕੇ ਮੈਨੂੰ ਕਹਿਣ ਲੱਗਾ, "ਇਹ ਮੁਲਾਕਾਤ ਮੁੱਖ-ਪੰਨੇ 'ਤੇ ਛਪਣ ਵਾਲੀ ਹੈ।" "ਦੇਖਦਾ ਹਾਂ", ਕਹਿ ਕੇ ਮੈਂ ਉਸਨੂੰ ਟਾਲ ਦਿੱਤਾ ਕਿਉਂਕਿ ਮੈਂ ਇਸਨੂੰ ਆਖਰੀ ਪੰਨੇ 'ਤੇ ਛਾਪਣ ਦਾ ਫੈਸਲਾ ਕੀਤਾ ਹੋਇਆ ਸੀ। ਆਨੰਦ ਜੀ ਤੋਂ ਬਿਨਾਂ ਮੈਂ ਬਹੁਤਾ ਕਿਸੇ ਨਾਲ ਰਚਨਾਵਾਂ ਬਾਰੇ ਆਪਣੇ ਫੈਸਲੇ ਸਾਂਝੇ ਨਹੀਂ ਸੀ ਕਰਦਾ, ਛਾਪਣ ਤੋਂ ਪਹਿਲਾਂ ਤਾਂ ਬਿਲਕੁਲ ਹੀ ਨਹੀਂ। ਹਾਂ, ਛਪਣ ਤੋਂ ਬਾਅਦ ਜੇ ਕੋਈ ਗੱਲ ਉਠਦੀ ਤਾਂ ਉਸ ਲਈ ਸਦਾ ਆਪਣੇ ਆਪ ਨੂੰ ਤਿਆਰ ਰੱਖਦਾ। ਰਾਹੀ ਨੇ ਆਪਣੀ ਗੱਲ ਉਰਮਿਲਾ ਜੀ ਨਾਲ ਵੀ ਜਾ ਕੀਤੀ, ਜਿਹੜੇ ਉਦੋਂ ਹਰ ਰੋਜ਼ ਹੀ ਦਫ਼ਤਰ ਆਉਂਦੇ ਸਨ। ਉਹਨਾਂ ਨੇ ਸੁਭਾਵਕ ਹੀ ਗੱਲਾਂ ਗੱਲਾਂ 'ਚ ਮੈਨੂੰ ਕਿਹਾ, "ਰਾਹੀ ਕਹਿੰਦਾ ਇਹ ਮੁਲਾਕਾਤ ਪਹਿਲੇ ਸਫ਼ੇ 'ਤੇ ਛਪਣ ਵਾਲੀ ਹੈ।"

"ਤੁਹਾਨੂੰ ਕੀ ਲਗਦਾ ਹੈ?" ਮੇਰੇ ਸਾਹਮਣੇ ਦੁਬਿੱਧਾ ਆਣ ਖਲੋਤੀ।

"ਇਹ ਤੇਰਾ ਮਾਮਲਾ ਹੈ, ਤੂੰ ਹੀ ਦੇਖ।" ਕਹਿ ਕੇ ਉਹਨਾਂ ਗੱਲ ਮੁਕਾ ਦਿੱਤੀ। ਆਪਣੀ ਦੁਬਿੱਧਾ ਨੂੰ ਪਾਸੇ ਕਰ ਮੈਂ ਇਹ ਆਖਰੀ ਸਫ਼ੇ 'ਤੇ ਹੀ ਛਾਪੀ। ਇਸ ਬਾਰੇ ਨਾ ਕਦੀ ਮੁੜ ਉਰਮਿਲਾ ਜੀ ਨੇ ਕੁਝ ਕਿਹਾ, ਨਾ ਸੁਕੀਰਤ ਨੇ ਹੀ। ਹਾਂ, ਰਾਹੀ ਬਾਅਦ 'ਚ ਵੀ ਕਈ ਵਾਰ ਕਹਿੰਦਾ, "ਉਹ ਮੁਲਾਕਾਤ ਪਹਿਲੇ ਸਫ਼ੇ ਵਾਲੀ ਸੀ।" ਅਜਿਹੇ ਦਿਸਦੇ-ਅਣਦਿਸਦੇ ਦਬਾਵਾਂ ਨੂੰ ਸਹਿਣ ਕਰਨਾ ਸੌਖਾ ਨਹੀਂ, ਜੇ ਤੁਹਾਡੀਆਂ ਧਾਰਨਾਵਾਂ 'ਚ ਸਪੱਸ਼ਟਤਾ ਨਾ ਹੋਵੇ! ਤੁਹਾਨੂੰ ਇਹ ਅਹਿਸਾਸ ਨਾ ਹੋਵੇ ਕਿ ਤੁਸੀਂ ਕੋਈ ਵੱਡਾ ਕੰਮ ਕਰ ਰਹੇ ਹੋ ਜਾਂ ਵਿਚਾਰਧਾਰਕ ਜੰਗ ਦਾ ਪਰਚਮ ਲਹਿਰਾ ਰਹੇ ਹੋ!

ਕਈ ਵਾਰ ਅਜਿਹੀਆਂ ਗੱਲਾਂ ਵੀ ਆਉਂਦੀਆਂ ਕਿ ਇਕ-ਅੱਧ ਮਾੜੀ ਜਾਂ ਹਲਕੀ ਰਚਨਾ

ਛਪ ਵੀ ਗਈ ਤਾਂ ਇਸ ਨਾਲ ਕੀ ਆਖਰ ਆ ਜਾਵੇਗੀ? ਪਰ ਮੈਂ ਇਸ ਬਾਰੇ ਬੜਾ ਸਪੱਸ਼ਟ ਸੀ ਤੇ ਹਾਂ, ਕਿ ਕਈ ਵਾਰ ਇਕ ਨਿੱਕੀ ਜਿਹੀ ਗ਼ਲਤੀ ਸਾਰੇ ਕੀਤੇ ਕਰਾਏ 'ਤੇ ਪਾਣੀ ਫੇਰ ਸਕਦੀ ਹੈ। ਕਿੰਨੇ ਵੱਡੇ-ਵੱਡੇ ਰਾਜਸੀ ਨੇਤਾਵਾਂ ਦਾ ਕੈਰੀਅਰ ਕਿਸੇ ਇਕ ਨਿੱਕੇ ਜਿਹੇ ਸਕੈਂਡਲ ਨੇ ਤਬਾਹ ਕਰ ਦਿੱਤਾ। ਗ਼ਲਤੀ ਅਣਜਾਣੇ 'ਚ ਹੋ ਜਾਵੇ, ਹੋਰ ਗੱਲ ਹੈ। ਜਦੋਂ ਅਹਿਸਾਸ ਹੋ ਗਿਆ, ਫਿਰ ਉਸ ਤੋਂ ਸੰਭਵ ਹੱਦ ਤਕ ਗੁਰੇਜ਼ ਹੀ ਕੀਤਾ ਹੈ। ਕੀ ਕੋਈ ਸਾਹਿਤ-ਸੰਪਾਦਕ ਇਕੱਲਾ ਇੰਝ ਕਰ ਸਕਦਾ? ਸ਼ਾਇਦ ਨਹੀਂ! ਇਸ ਪਿੱਛੇ ਪਰਚੇ ਦੀਆਂ ਪਰੰਪਰਾਵਾ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਲੈ ਕੇ ਉਸਨੇ ਅਗਾਂਹ ਜਾਣਾ ਹੁੰਦਾ; ਸੰਪਾਦਕ ਦੀ ਨਿਗਰਾਨੀ ਵੀ। ਇਸ ਪੱਖੋਂ ਆਨੰਦ ਜੀ ਬਾਕਮਾਲ ਸੰਪਾਦਕ ਸਨ। ਨਿੱਕੀ-ਨਿੱਕੀ ਗੱਲ 'ਤੇ ਬਹਿਸਦੇ, ਪਰ ਆਪਣੀ ਗੱਲ ਠੋਸਦੇ ਨਹੀਂ ਸਨ। ਸੰਵਾਦ 'ਚੋਂ ਜਿਹੜੀ ਗੱਲ ਉੱਭਰ ਕੇ ਸਾਹਮਣੇ ਆਉਂਦੀ, ਉਸਨੂੰ ਕੈਰੀ ਕੀਤਾ ਜਾਂਦਾ। ਸਭ ਤੋਂ ਵੱਡੀ ਗੱਲ, ਉਹ ਸਾਰਾ 'ਐਤਵਾਰਤਾ' ਅੱਖਰ-ਅੱਖਰ ਪੜ੍ਹਦੇ। ਮਨ 'ਚ ਇਹ ਡਰ ਬਣਿਆ ਰਹਿੰਦਾ ਕਿ ਜੇ ਕਿਤੇ ਕੁਝ ਗ਼ਲਤ ਛਪ ਗਿਆ, ਅਣਗਹਿਲੀ ਹੋ ਗਈ ਤਾਂ ਉਸਦਾ ਕੀ ਜੁਆਬ ਦੇਣਾ ਹੈ! ਪਹਿਲਾਂ ਆਨੰਦ ਜੀ ਤੇ ਪਿੱਛੋਂ ਆ ਕੇ ਜਤਿੰਦਰ ਪਨੂੰ, ਕਿਸੇ ਨੇ ਮੇਰੇ ਕੰਮ 'ਚ ਕੁਝ ਅਜਿਹਾ ਨਹੀਂ ਠੋਸਿਆ, ਜਿਹੜਾ ਮੈਨੂੰ ਬਹੁਤ ਚੁਭਿਆ ਹੋਵੇ ਜਾਂ ਜਿਸਦੀ 'ਟੀਸ' ਹੁਣ ਤਕ ਹੋਵੇ।

ਜਿਸ ਪਰਚੇ ਨੂੰ ਇੰਝ ਇੰਚ-ਇੰਚ, ਸ਼ਬਦ-ਸ਼ਬਦ ਕਰ ਪ੍ਰਵਾਨ ਚੜ੍ਹਾਇਆ ਹੋਵੇ ਉਸ ਨਾਲੋਂ ਵੱਖ ਹੋਣਾ ਸੌਖਾ ਨਹੀਂ ਹੁੰਦਾ, ਕਿਉਂਕਿ ਉਹ ਤੁਹਾਡੇ ਸੁਪਨਿਆਂ ਦੀ ਨੁਹਾਰ ਵੀ ਹੁੰਦੀ ਹੈ। ਪਰ ਇਹ ਕਰਨਾ ਪਿਆ ਕਿ ਮੈਂ ਕਦੀ ਵੀ ਪੱਤਰਕਾਰੀ ਨੂੰ ਆਪਣੀ ਜ਼ਿੰਦਗੀ ਦਾ ਮੁੱਖ ਨਿਸ਼ਾਨਾ ਨਹੀਂ ਸੀ ਮਿਥਿਆ। ਰੋਜ਼ੀ-ਰੋਟੀ ਲਈ ਇਹ ਕਰਨੀ ਪਈ, ਇਸ 'ਚ ਸੁਹਿਰਦਤਾ ਨਾਲ ਯਤਨ ਵੀ ਕੀਤੇ, ਪਰ ਮੁੱਖ ਰੂਪ 'ਚ ਮੈਂ ਆਪਣੇ ਆਪ ਨੂੰ ਸਦਾ ਲੇਖਕ ਹੀ ਮੰਨਦਾ ਰਿਹਾ। ਸਾਹਿਤਕ ਪੱਤਰਕਾਰਤਾ ਦੇ ਇਸ ਸਾਰੇ ਸਮੇਂ ਦੌਰਾਨ ਵੀ, ਮੈਂ ਪ੍ਰਮੁੱਖਤਾ ਸਿਰਜਣਾਤਮਕ ਲੇਖਨ ਨੂੰ ਹੀ ਦੇਈ ਰੱਖੀ। ਘਰ ਆ ਕੇ ਸਾਰਾ ਸਮਾਂ ਮੈਂ ਨਿੱਜੀ ਯੋਜਨਾਵਾਂ ਅਨੁਸਾਰ ਪੜ੍ਹਨ-ਲਿਖਣ 'ਚ ਗੁਜ਼ਾਰਦਾ। ਹੁਣ ਪੈਂਹਠਵੇਂ ਸਾਲ 'ਚ ਆ ਕੇ, ਮੈਨੂੰ ਇਹ ਮਹਿਸੂਸ ਹੋਣ ਲਗ ਪਿਆ ਸੀ ਮੌਲਿਕ ਸਿਰਜਣਾ 'ਚ ਮੈਥੋਂ ਪਹਿਲਾਂ ਜਿੰਨਾ ਕੰਮ ਨਹੀਂ ਹੋ ਰਿਹਾ। ਦਫ਼ਤਰ ਤੋਂ ਮੁੜਦਾ ਤਾਂ ਮਾਨਸਿਕ ਤੌਰ 'ਤੇ ਥਕੇਵਾਂ ਮਹਿਸੂਸ ਹੁੰਦਾ ਤੇ ਪਹਿਲਾਂ ਵਾਂਗ ਨਿੱਠ ਕੇ ਪੜ੍ਹਨ-ਲਿਖਣ ਲਈ ਬਹਿ ਨਾ ਹੁੰਦਾ। ਲੱਗਣ ਲੱਗ ਪਿਆ, ਦੋਵੇਂ ਕੰਮ ਨਾਲੋ ਨਾਲ ਨਹੀਂ ਚੱਲ ਸਕਣੇ! ਮੈਥੋਂ ਮੌਲਿਕ ਸਿਰਜਣਾ ਛੁੱਟ ਜਾਣੀ ਹੈ, ਉਸ 'ਚ ਪੇਤਲਾਪਣ ਆ ਜਾਣਾ ਜਾਂ ਮੈਨੂੰ ਸਾਹਿਤਕ ਪੱਤਰਕਾਰੀ ਨੂੰ ਛੱਡ ਦੇਣਾ ਚਾਹੀਦਾ। ਕਾਫੀ ਸੋਚ ਵਿਚਾਰ ਕੇ ਇਹ ਫੈਸਲਾ ਲਿਆ। ਲਗਪਗ ਛੇ ਮਹੀਨੇ ਲੱਗੇ, ਇਸਨੂੰ ਅੰਤਮ ਰੂਪ ਦੇਣ 'ਚ ਤੇ 5 ਜਨਵਰੀ 2020 ਵਾਲੇ 'ਐਤਵਾਰਤਾ' ਅੰਕ 'ਚ ਮੈਂ ਆਪਣਾ ਵਿਦਾਇਗੀ ਨੋਟ ਛਾਪ ਦਿੱਤਾ:

**ਤੇ ਅਲਵਿਦਾ 'ਨਵਾਂ ਜ਼ਮਾਨਾ'**

*ਮੈਂ 1989 ਦੌਰਾਨ 'ਨਵਾਂ ਜ਼ਮਾਨਾ' 'ਚ ਆਇਆ, ਸ਼ਾਇਦ ਇਹ 7 ਜਾਂ 8 ਮਈ ਦੀ ਗੱਲ ਹੈ। ਉਦੋਂ ਤੋਂ ਲੈ ਕੇ ਅੱਜ ਤਕ, ਲਗਪਗ ਸਾਢੇ ਤੀਹ ਵਰ੍ਹੇ, ਇਸ 'ਚ ਧੜਕਦਿਆਂ ਗੁਜ਼ਾਰੇ ਹਨ। ਮੇਰੇ ਸਾਹਮਣੇ ਇਸ ਦੀਆਂ ਮਹਾਨ ਪਰੰਪਰਾਵਾਂ ਵੀ ਸਨ ਤੇ ਉਹਨਾਂ 'ਚ ਕੁਝ ਨਵਾਂ ਕਰਨ ਦੀ ਇੱਛਾ ਵੀ। ਬਹੁਤ ਕੁਝ ਕੀਤਾ ਵੀ, ਬਹੁਤ ਕੁਝ ਰਹਿ ਵੀ ਗਿਆ ਹੋਵੇਗਾ। ਜਿਸ ਨਿੱਘ ਨਾਲ ਲੇਖਕਾਂ/ ਵਿਦਵਾਨਾਂ ਦਾ ਲਿਖਣ ਲਈ ਹੁੰਗਾਰਾ ਰਿਹਾ, ਪਾਠਕਾਂ ਨੇ ਉਸ ਤੋਂ ਵੀ ਸ਼ਾਨਦਾਰ ਹੁੰਗਾਰਾ ਭਰਦਿਆਂ 'ਐਤਵਾਰਤਾ' ਨੂੰ ਇਕ ਬਰਾਂਡ ਵਿਚ ਬਦਲ ਦਿੱਤਾ।*

*ਤੇ ਅੱਜ ਜਦੋਂ ਮੈਂ ਇਸ ਤੋਂ ਵਿਦਾਅ ਹੋ ਰਿਹਾਂ ਤਾਂ ਇੱਛਾ ਹੈ ਕਿ ਇਹ ਇਸੇ ਅੰਦਾਜ਼ 'ਚ ਸਾਹਿਤ, ਸੱਭਿਆਚਾਰ ਤੇ ਰਾਜਨੀਤੀ 'ਚ ਦਖਲ-ਅੰਦਾਜ਼ੀ ਜਾਰੀ ਰੱਖੇ। ਇਸ ਦੀਆਂ ਪੈੜਾਂ ਹੋਰ ਗੂੜ੍ਹੀਆਂ ਹੋਣ।*

ਤੇ ਮੈਂ ਹੁਣ ਵਿਦਾਅ ਹੁੰਦਾ ਹਾਂ ਨਵੇਂ ਸਫ਼ਰ, ਨਵੇਂ ਦਿਸਹੱਦਿਆਂ ਵੱਲ।000

***(95-ਸੀ, ਪੰਜਾਬ ਐਵੇਨਿਊ, ਸੁਭਾਨਾ, ਜਲੰਧਰ-144 022***
***ਫੋਨ: 95309-44345)***

# ਪੰਜਾਬੀ ਕਹਾਣੀ ਦਾ ਰਾਜਕੁਮਾਰ ਜਤਿੰਦਰ ਹਾਂਸ

## ਹਰਜਿੰਦਰ ਸਿੰਘ ਸੂਰੇਵਾਲੀਆ

ਨਿੱਕੇ ਹੁੰਦੇ ਇਕ ਕਹਾਣੀ ਸੁਣਦੇ ਹੁੰਦੇ ਸਾਂ-

ਕਿਸੇ ਦੇਸ਼ ਦਾ ਰਾਜਾ ਮਰ ਗਿਆ। ਉਸਦਾ ਕੋਈ ਵਾਰਿਸ ਨਹੀਂ ਸੀ। ਦਰਬਾਰੀਆਂ ਦੇ ਸਾਹਮਣੇ ਹੁਣ ਇਹ ਵੱਡਾ ਮਸਲਾ ਸੀ ਕਿ ਰਾਜਾ ਕਿਸ ਨੂੰ ਬਣਾਇਆ ਜਾਵੇ। ਹਰ ਕੋਈ ਆਪ ਰਾਜਾ ਬਣਨਾ ਚਾਹੁੰਦਾ ਸੀ। ਅਖੀਰ ਇਕ ਫੈਸਲਾ ਹੋਇਆ ਕਿ ਨਿਸਚਿਤ ਦਿਨ ਇਕ ਸਭਾ ਬੁਲਾਈ ਜਾਵੇ ਜਿਸ ਵਿਚ ਉਸ ਰਾਜ ਦਾ ਕੋਈ ਵੀ ਵਿਅਕਤੀ ਸ਼ਾਮਲ ਹੋ ਸਕਦਾ ਹੈ ਤੇ ਉਸ ਸਭਾ ਵਿਚ ਇਕ ਪੰਛੀ 'ਗਰੜ ਪੰਖ' ਛੱਡਿਆ ਜਾਵੇਗਾ। ਜਿਸ ਬੰਦੇ ਦੇ ਸਿਰ 'ਤੇ ਉਹ ਪੰਛੀ ਬੈਠ ਜਾਵੇਗਾ, ਉਸ ਨੂੰ ਹੀ ਰਾਜਾ ਬਣਾ ਦਿੱਤਾ ਜਾਵੇਗਾ।

ਸ਼ਹਿਰ ਵਿਚ ਮੁਨਾਦੀ ਕਰਵਾ ਦਿੱਤੀ ਗਈ। ਨਿਸਚਿਤ ਦਿਨ 'ਤੇ ਰਾਜੇ ਦੇ ਦਰਬਾਰੀ ਅਤੇ ਸ਼ਹਿਰ ਦੇ ਹੋਰ ਪੰਤਵੰਤੇ ਤੇ ਅਹਿਲਕਾਰ ਸੋਹਣੇ ਕਪੜੇ ਪਾ ਕੇ ਤਿਆਰ-ਤਿਊਰ ਹੋ ਕੇ ਤੇ ਸੈਂਟ-ਸੁੰਟ ਲਾ ਕੇ ਸਭਾ ਵਿਚ ਜਾ ਬੈਠੇ। ਸ਼ਹਿਰ ਦੇ ਹੋਰ ਆਮ ਲੋਕ ਵੀ ਕਿਸਮਤ ਅਜ਼ਮਾਉਣ ਆ ਗਏ ਸਨ। ਇਕ ਸੋਹਣਾ ਸੁਨੱਖਾ ਨੌਜਵਾਨ ਸ਼ਰਮਾਕਲ਼ ਜਿਹਾ ਮੁੰਡਾ ਵੀ ਸੰਗਦਾ ਸੰਗਦਾ ਤਮਾਸ਼ਾ ਵੇਖਣ ਉਸ ਸਭਾ ਵਿਚ ਪਿੱਛੇ ਜਿਹੇ ਜਾ ਬੈਠਾ ਸੀ। ਗਰੜ ਪੰਖ ਛੱਡਿਆ ਗਿਆ। ਉਸ ਨੇ ਸਾਰੀ ਸਭਾ ਉੱਤੋਂ ਦੀ ਉਡਾਰੀ ਭਰੀ। ਇਕ ਚੱਕਰ ਲਾਇਆ। ਹਰ ਕੋਈ ਉਸ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖ ਰਿਹਾ ਸੀ। ਫਿਰ ਉਸ ਨੇ ਦੋ ਚੱਕਰ ਹੋਰ ਲਾਏ ਅਤੇ ਅਖੀਰ 'ਤੇ ਪਿੱਛੇ ਬੈਠੇ ਸ਼ਰਮਾਕਲ਼ ਜਿਹੇ ਨੌਜਵਾਨ ਦੇ ਸਿਰ 'ਤੇ ਜਾ ਬੈਠਾ ਅਤੇ ਉਹ ਨੌਜਵਾਨ ਦੇਸ਼ ਦਾ ਰਾਜਾ ਬਣ ਗਿਆ।

ਜਤਿੰਦਰ ਹਾਂਸ ਪੰਜਾਬੀ ਕਹਾਣੀ ਜਗਤ ਦਾ ਬਾਦਸ਼ਾਹ ਵੀ ਕੁਝ ਇਸ ਤਰ੍ਹਾਂ ਹੀ ਬਣਿਆ ਹੈ। ਨਾ ਉਸ ਨੇ ਬਚਪਨ ਵਿਚ ਸਾਹਿਤ ਪੜ੍ਹਿਆ, ਨਾ ਉਸ ਨੇ ਕਾਲਿਜ ਜਾ ਕੇ ਲਾਇਬਰੇਰੀ ਦਾ ਮੂੰਹ ਵੇਖਿਆ ਅਤੇ ਨਾ ਹੀ ਉਸ ਨੇ ਕਦੇ ਸੋਚਿਆ ਸੀ ਕਿ ਉਹ ਇਕ ਦਿਨ ਕਹਾਣੀਕਾਰ ਬਣ ਜਾਵੇਗਾ। ਕਹਾਣੀਕਾਰ ਬਣਨ ਬਾਰੇ ਸੋਚਣਾ ਤਾਂ ਇਕ ਪਾਸੇ ਰਿਹਾ ਉਸ ਨੇ ਤਾਂ ਕਦੇ ਕਹਾਣੀਆਂ ਪੜ੍ਹੀਆਂ ਵੀ ਨਹੀਂ ਸਨ। ਉਸ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਪ੍ਰੇਮ ਪ੍ਰਕਾਸ਼ ਅਤੇ ਪ੍ਰੇਮ ਪ੍ਰਕਾਸ਼ ਸਿੰਘ ਦੋ ਵੱਖ ਵੱਖ ਬੰਦੇ ਹਨ ਤੇ ਉਹਨਾ ਦੇ ਖੇਤਰ ਵੀ ਵੱਖ ਵੱਖ ਹਨ। ਕਿਤਾਬ ਉਸ ਨੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਲੈਣੀ ਸੀ ਤੇ ਉਹ ਲੈ ਆਇਆ ਸੀ ਪ੍ਰੇਮ ਪ੍ਰਕਾਸ਼ ਦੀ। ਭੁਲੇਖੇ ਨਾਲ ਹੀ ਹੱਥ ਆ ਗਈ ਕਿਤਾਬ ਵਿਚੋਂ ਬਾਬੇ ਦੀਆਂ ਕਹਾਣੀਆਂ ਪੜ੍ਹ ਕੇ ਉਸ ਨੇ ਵੀ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਤੇ ਉਹ ਇਕ ਦਮ ਹੀ ਆਲੋਚਕਾਂ ਦੇ ਨਜ਼ਰੀਂ ਅਜਿਹਾ ਚੜ੍ਹਿਆ ਕਿ ਦੂਸਰੇ ਕਹਾਣੀਕਾਰਾਂ ਦੇ ਦੰਦ ਜੁੜ ਗਏ।

ਗੁਰਦੇਵ ਸਿੰਘ ਰੁਪਾਣਾ ਵਾਂਗ ਜਤਿੰਦਰ ਵਿਚ ਵੀ ਕਹਾਣੀ ਲਿਖਣ ਦੀ ਜਮਾਂਦਰੂ ਹੀ ਪ੍ਰਤਿਭਾ ਸੀ। ਰੁਪਾਣੇ ਪਿੰਡ ਦੇ ਸਕੂਲ ਵਿਚ ਲੱਗਿਆ ਇਕ ਅਧਿਆਪਕ ਸਾਹਿਤ ਦਾ ਰਸੀਆ ਸੀ ਜਿਸ ਕੋਲ਼ ਪੰਜਾਬੀ ਦੇ ਕਈ ਰਸਾਲੇ ਆਉਂਦੇ ਸਨ ਤੇ ਗੁਰਦੇਵ ਸਿੰਘ ਨੇ ਉਸ ਨੂੰ ਕਹਿ ਦਿੱਤਾ ਸੀ ਕਿ ਤੁਸੀਂ ਆਹ ਕੀ ਕਹਾਣੀਆਂ ਜਿਹੀਆਂ ਪੜ੍ਹਦੇ ਰਹਿੰਦੇ ਹੋ, ਇਹੋ ਜਿਹੀਆਂ ਕਹਾਣੀਆਂ ਤਾਂ ਮੈਂ ਵੀ ਲਿਖ ਸਕਦਾ ਹਾਂ। ਅਧਿਆਪਕ ਨੇ ਚੈਲਿੰਜ ਕੀਤਾ ਕਿ ਲਿਖ ਕੇ ਤਾਂ

ਵਿਖਾ ਤੇ ਉਸ ਨੇ ਕਹਾਣੀ ਲਿਖ ਕੇ ਵਿਖਾ ਦਿੱਤੀ, ਵਿਖਾ ਕੀ ਦਿੱਤੀ ਬਲਕਿ 'ਪੰਜ ਦਰਿਆ' ਵਿਚ ਛਪਵਾ ਕੇ ਵਿਖਾ ਦਿੱਤੀ। ਰੁਪਾਣੇ ਨੇ ਵੀ ਪਹਿਲਾਂ ਨਾ ਸਾਹਿਤ ਪੜ੍ਹਿਆ ਸੀ ਤੇ ਨਾ ਹੀ ਕਦੇ ਕਹਾਣੀਕਾਰ ਜਾਂ ਲੇਖਕ ਬਣਨ ਬਾਰੇ ਸੋਚਿਆ ਸੀ। ਜਤਿੰਦਰ ਦੀ ਪਹਿਲੀ ਕਹਾਣੀ ਨੂੰ ਹੀ 'ਕਹਾਣੀ ਪੰਜਾਬ' ਵੱਲੋਂ ਪਹਿਲਾ ਇਨਾਮ ਮਿਲ ਗਿਆ ਸੀ ਅਤੇ ‘ਕਹਾਣੀ ਪੰਜਾਬ’ ਦਾ ਸੰਪਾਦਨ ਕਰਨ ਵਾਲੇ ਰਾਮ ਸਰੂਪ ਅਣਖੀ ਹੋਰਾਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਇਹ ਨਵਾਂ ਚਮਕਿਆ ਸਿਤਾਰਾ ਕੌਣ ਹੈ, ਕਿੱਥੇ ਰਹਿੰਦਾ ਹੈ ਤੇ ਕੀ ਕਰਦਾ ਹੈ।

ਬਹੁਤੇ ਲੇਖਕਾਂ ਨੇ ਸਖ਼ਤ ਮਿਹਨਤ ਕਰ ਕੇ ਅਤੇ ਸਾਲਾਂ ਬੱਧੀ ਲਿਖ ਕੇ ਸਾਹਿਤ ਵਿਚ ਥਾਂ ਬਣਾਈ ਹੈ। ਮਰਹੂਮ ਰਾਮ ਸਰੂਪ ਅਣਖੀ ਕਿਹਾ ਕਰਦੇ ਸਨ ਕਿ ਮੇਰੇ ਵਿਚ ਕੋਈ ਪ੍ਰਤਿਭਾ ਨਹੀਂ, ਮੈਂ ਤਾਂ ਆਮ ਬੰਦਾ ਹਾਂ ਤੇ ਸਖਤ ਘਾਲਣਾ ਘਾਲ਼ ਕੇ ਤੇ ਸਾਲਾਂ ਬੱਧੀ ਲਿਖ ਕੇ ਪੰਜਾਬੀ ਸਾਹਿਤ ਵਿਚ ਆਪਣਾ ਸਥਾਨ ਬਣਾਇਆ ਹੈ। ਇਸੇ ਤਰ੍ਹਾਂ ਬਲਦੇਵ ਸਿੰਘ, ਜੋ ਅੱਜ ਨਾਵਲਕਾਰਾਂ ਵਿਚੋਂ ਚੋਟੀ 'ਤੇ ਹੈ, ਦਾ ਕਹਿਣਾ ਹੈ ਕਿ ਮੇਰੇ ਤੋਂ ਵੱਡੇ ਨਾਵਲਕਾਰ ਇਸ ਦੁਨੀਆਂ ਨੂੰ ਅਲਵਿਦਾ ਕਹਿੰਦੇ ਗਏ ਜਾਂ ਕੰਵਲ ਵਰਗੇ ਲਿਖਣਾ ਛੱਡਦੇ ਗਏ ਤੇ ਮੇਰਾ ਨੰਬਰ ਮੂਹਰੇ ਹੋ ਗਿਆ। ਪਰ ਜਤਿੰਦਰ ਹਾਂਸ ਅਜਿਹਾ ਕਿਸਮਤ ਵਾਲਾ ਲੇਖਕ ਹੈ ਜੋ ਲਿਖਣ ਸਾਰ ਹੀ ਮੂਹਰਲੀ ਕਤਾਰ ਦੇ ਕਹਾਣੀਕਾਰਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੀ ਕਹਾਣੀ ਦੀ ਗੱਲ ਤੁਰਦੀ ਹੈ ਜਾਂ ਕੋਈ ਆਲੋਚਕ ਕਹਾਣੀਆਂ 'ਤੇ ਆਪਣਾ ਪਰਚਾ ਲਿਖੇ ਤਾਂ ਜਤਿੰਦਰ ਹਾਂਸ ਦੇ ਜ਼ਿਕਰ ਬਿਨਾਂ ਉਹ ਚਰਚਾ ਤੇ ਪਰਚਾ ਅਧੂਰਾ ਹੀ ਮੰਨਿਆ ਜਾਵੇਗਾ ਤੇ ਕੋਈ ਵੀ ਆਲੋਚਕ ਉਸ ਨੂੰ ਨਜ਼ਰ ਅੰਦਾਜ਼ ਕਰ ਕੇ ਇਹ ਰਿਸਕ ਨਹੀਂ ਲੈ ਸਕਦਾ। ਅਸੀਂ ਬਹੁਤ ਸਾਰੇ ਅਜਿਹੇ ਲੇਖਕ ਹਾਂ ਜਿਨ੍ਹਾਂ ਨੇ ਬਚਪਨ ਤੋਂ ਸਾਹਿਤ ਪੜ੍ਹਿਆ ਤੇ ਫਿਰ ਕੁੱਝ ਆਪ ਲਿਖਣ ਦਾ ਹੋਸਲਾ ਕੀਤਾ ਤੇ ਹੌਲ਼ੀ ਹੌਲ਼ੀ ਆਪਣੀ ਲੇਖਣੀ ਵਿਚ ਨਿਖਾਰ ਲਿਆ ਕੇ ਕੋਈ ਸਥਾਨ ਬਣਾਇਆ। ਪਰ ਸਾਡੇ ਵਿਚੋਂ ਕਈ ਅਜਿਹੇ ਲੇਖਕ ਵੀ ਹਨ ਜਿਨ੍ਹਾਂ ਨੇ ਚਾਲ਼ੀ ਸਾਲ ਤੋਂ ਲਿਖਦੇ ਹੋਣ ‘ਤੇ ਵੀ ਕੋਈ ਵਿਕਾਸ ਨਹੀਂ ਕੀਤਾ ਅਤੇ ਉਹ ਓਹੀ ਚਿੜੀ ਕਾਂ ਦੀਆਂ ਕਹਾਣੀਆਂ ਹੀ ਲਿਖੀ ਜਾਂਦੇ ਹਨ। ਅਣਖੀ ਸਾਹਿਬ ਇਹਨਾਂ ਲੇਖਕਾਂ ਬਾਰੇ ਕਹਿੰਦੇ ਹੁੰਦੇ ਸਨ ਕਿ ਇਹ ਤਾਂ ਸਾਲਾਂ ਤੋਂ ਓਥੇ ਖੜ੍ਹੇ ਹੀ ਧੂੰਆਂ ਮਾਰੀ ਜਾਂਦੇ ਹਨ। ਜਤਿੰਦਰ ਹਾਂਸ ਦਾ ਪੰਜਾਬੀ ਸਾਹਿਤ ਵਿਚ ਦਾਖਲਾ ਮੈਟਰੋ ਟਰੇਨ ਵਾਂਗ ਹੈ ਤੇ ਜੇ ਉਹ ਇਸੇ ਸਪੀਡ ਅਤੇ ਸਟੈਮਿਨੇ ਨਾਲ ਲਿਖਦਾ ਰਿਹਾ ਤਾਂ ਸਾਹਿਤ ਵਿਚ ਉਹ ਬੁਲਟ ਟਰੇਨ ਵੀ ਸਾਬਤ ਹੋ ਸਕਦਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਉਹ ਸਾਹਿਤ ਦੇ ਆਕਾਸ਼ ਵਿਚ ਤਾਰੇ ਵਾਂਗ ਚਮਕਿਆ ਹੈ, ਟੁੱਟਦੇ ਤਾਰੇ ਵਾਂਗ ਲੀਕ ਛੱਡੀ ਤੇ ਛੱਡਦਾ ਹੀ ਜਾ ਰਿਹਾ ਹੈ ਅਤੇ ਟੁੱਟਣ ਦੀ ਥਾਂ ਸਾਹਿਤ ਦੇ ਅਕਾਸ਼ ਦੇ ਆਪਣੇ ਵੱਖਰੇ ਗ੍ਰਹਿ ਪੱਥ ਵਿਚ ਚੱਕਰ ਲਾਉਣ ਲੱਗ ਪਿਆ ਹੈ।

ਪੰਜਾਬੀ ਦੇ ਕਹਾਣੀ ਜਗਤ ਵਿਚ ਉਸ ਦਾ ਸਾਹਿਤਕ ਕੱਦ ਉਸ ਦੇ ਆਪਣੇ ਸਰੀਰਕ ਕੱਦ ਵਾਂਗ ਬਹੁਤ ਉੱਚਾ ਹੈ। ਬਹੁਤੇ ਬੰਦਿਆਂ ਨੂੰ ਉਸ ਨਾਲ ਗੱਲ ਕਰਨ ਸਮੇਂ ਮੂੰਹ ਉਤਾਂਹ ਚੁੱਕਣਾ ਪੈਂਦਾ ਹੈ ਤੇ ਗੱਲ ਕਰਨ ਵਾਲਾ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਬੋਕ ਤੁੱਕਿਆਂ ਵੱਲ ਝਾਕ ਰਿਹਾ ਹੋਵੇ। ਜੇ ਕੱਦ ਲੰਬਾ ਹੈ ਤਾਂ ਉਸਦਾ ਸਰੀਰਕ ਚੁਗਾਠਾ ਵੀ ਚੌੜਾ ਹੈ। ਉਸਦਾ ਮੂੰਹ ਭਾਰਾ ਹੈ ਤੇ ਰੰਗ ਸੇਬ ਵਾਂਗ ਲਾਲ ਹੈ। ਵੇਖਣ ਵਿਚ ਉਹ ਫਿਲਮੀ ਐਕਟਰ ਹੀ ਜਾਪਦਾ ਹੈ ਤੇ ਸ਼ਾਇਦ ਇਹ ਕਲਪਣਾ ਕਰ ਕੇ ਹੀ ਉਸ ਦੇ ਪਿਤਾ ਨੇ ਉਸ ਦਾ ਨਾਂ ਜਤਿੰਦਰ ਰੱਖਿਆ ਸੀ ਕਿਉਂਕਿ ਉਸ ਵੇਲੇ ਫਿਲਮੀ ਐਕਟਰ ਜਤਿੰਦਰ ਦੀ ਪੂਰੀ ਚੜ੍ਹਤ ਸੀ। ਉਸ ਦੀਆਂ ਅੱਖਾਂ ਹਰ ਵਕਤ ਸ਼ਰਾਰਤੀ ਹਾਸੀ ਹਸਦੀਆਂ ਜਾਪਦੀਆਂ ਹਨ। ਪਰ ਨਾਲ ਹੀ ਉਹ ਵੇਖਣ ਵਿਚ ਸਾਊ ਤੇ ਸ਼ਰਮੀਲਾ ਵੀ ਜਾਪਦਾ ਹੈ ਤੇ ਉਹ ਬੋਲਦਾ ਵੀ ਘੱਟ ਹੀ ਹੈ। ਸਾਹਿਤਕ ਗੋਸ਼ਟੀਆਂ

ਵਿਚ ਵੀ ਜੇ ਉਸ ਨੂੰ ਬੋਲਣ ਲਈ ਕਿਹਾ ਜਿਾਵੇ ਤਾਂ ਉਹ ਮੁੱਲ ਦਾ ਹੀ ਬੋਲਦਾ ਹੈ। ਜੇ ਕਿਸੇ ਕਹਾਣੀ ਗੋਸ਼ਟੀ ਵਿਚ ਕਿਸੇ ਹੋਰ ਦੀ ਕਹਾਣੀ ਬਾਰੇ ਬੋਲਣਾ ਪੈ ਜਾਵੇ ਤਾਂ ਵੀ ਉਹ ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਗੱਲ ਮੁਕਾ ਦਿੰਦਾ ਹੈ ਤੇ ਲੱਗਦੀ ਵਾਹ ਕਹਾਣੀਕਾਰ ਨੂੰ ਨਰਾਜ਼ ਹੋਣ ਦਾ ਮੌਕਾ ਹੀ ਨਹੀਂ ਦਿੰਦਾ। ਇਸ ਤਰ੍ਹਾਂ ਦੇ ਘੱਟ ਬੋਲਣ ਵਾਲੇ ਬੰਦੇ ਮਿਸਕ ਮੀਣੇ ਹੁੰਦੇ ਹਨ ਜਿੰਨ੍ਹਾ ਨੂੰ ਭਰੜ ਭਾਂਡਿਆਂ ਦੇ ਮੁਕਾਬਲੇ ਜਾਣਨਾ ਜਾਂ ਸਮਝਣਾ ਬਹੁਤ ਹੀ ਮੁਸ਼ਕਲ ਹੁੰਦਾ ਹੈ। ਉਹ ਆਪਣੇ ਦਿਲ ਦੀ ਗੱਲ ਕਿਸੇ ਨੂੰ ਨਹੀਂ ਦੱਸਦੇ ਪਰ ਦੂਸਰੇ ਦੀਆਂ ਸਾਰੀਆਂ ਜਾਣ ਲੈਂਦੇ ਹਨ। ਉਸ ਨੇ ਤਾਂ ਆਪ ਹੀ ਐਲਾਨ ਕੀਤਾ ਹੋਇਆ ਹੈ, 'ਕੁੱਝ ਲੋਕ ਸ਼ੱਕ ਕਰਦੇ ਨੇ ਕਿ ਮੈਂ ਸਾਊ ਹਾਂ ਪਰ ਮੁਖਤਿਆਰ ਸਿੰਘ ਜੀ ਪੰਜਾਬੀ ਦੇ ਸਭ ਤੋਂ ਸਾਊ ਕਹਾਣੀਕਾਰ ਨੇ।'

ਜਤਿੰਦਰ ਹਾਂਸ ਆਪਣੇ ਆਪ ਨੂੰ 'ਸੱਥ ਦਾ ਬੰਦਾ' ਕਹਿੰਦਾ ਹੈ। ਸੱਥ ਪਿੰਡ ਦੇ ਵਿਚਕਾਰ ਉਹ ਖੁੱਲੀ ਜਗ੍ਹਾ ਹੁੰਦੀ ਹੈ ਜਿੱਥੇ ਪਿੰਡ ਦੇ ਚੁਸਤ ਚਲਾਕ ਬੰਦੇ, ਜਿੰਨ੍ਹਾਂ ਨੇ ਕੰਮਾਂ ਤੋਂ ਸੰਨਿਆਸ ਲੈ ਲਿਆ ਹੁੰਦਾ ਹੈ, ਆ ਕੇ ਬੈਠਦੇ ਹਨ। ਜਿੰਨ੍ਹਾਂ ਨੂੰ ਸੱਥ ਵਿਚ ਬੈਠਣ ਦਾ ਭੁੱਸ ਪੈ ਜਾਵੇ ਉਹ ਵੀ ਆਪਣੇ ਕੰਮਾਂ ਧੰਧਿਆਂ ਤੋਂ ਵਿਹਲੇ ਹੋ ਕੇ ਆ ਬੈਠਦੇ ਹਨ ਤੇ ਆਪੋ ਵਿਚ ਗੱਲਾਂ ਮਾਰ ਕੇ ਸਮਾਂ ਬਤੀਤ ਕਰਦੇ ਹਨ। ਪਿੰਡ ਦੀ ਸੱਥ ਵਿਚ ਜਣਾ ਖਣਾ ਨਹੀਂ ਬੈਠ ਸਕਦਾ। ਪੂਰਾ ਹੰਢਿਆ ਵਰਤਿਆ ਬੰਦਾ ਹੀ ਸੱਥ ਦੀ ਰੌਣਕ ਬਣਦਾ ਹੈ। ਸੱਥ ਵਿਚ ਜਿਸ ਵਿਸ਼ੇ 'ਤੇ ਗੱਲ ਚੱਲ ਪਵੇ, ਓਸੇ ਉੱਤੇ ਹੀ ਚਲਦੀ ਰਹਿੰਦੀ ਹੈ ਤੇ ਉਸ ਵਿਸ਼ੇ ਨੂੰ ਪੂਰਾ ਪੀਠਿਆ ਜਾਂਦਾ ਹੈ। ਜੇ ਕਿਸੇ ਨੇ ਸੱਪ ਦੀ ਗੱਲ ਸੁਣਾ ਦਿੱਤੀ ਤਾਂ ਫਿਰ ਸਾਰੇ ਸੱਪ ਦੀਆਂ ਹੀ ਕਹਾਣੀਆਂ ਸੁਣਾਈ ਜਾਣਗੇ ਤੇ ਸੱਪਾਂ ਦੀਆਂ ਕਿਸਮਾਂ ਕਾਲੇ ਨਾਗ ਤੋਂ ਲੈ ਕੇ ਉਡਣੇ ਸੱਪ ਤਕ ਸਭ ਗਿਣ ਦੇਣਗੇ। ਇਸ ਤਰ੍ਹਾਂ ਜਾਪਣ ਲੱਗ ਜਾਂਦਾ ਹੈ ਜਿਵੇਂ ਇਹ ਬੰਦੇ ਜੋਗੀਆਂ ਸੰਗ ਰਹਿ ਕੇ ਆਏ ਹੋਣ। ਜੇ ਕਦੇ ਚੋਰੀ ਦੀ ਗੱਲ ਚੱਲ ਪਵੇ ਤਾਂ ਪੰਜਾਹ ਸਾਲ ਪਹਿਲਾਂ ਤੇ ਪੰਜਾਹ ਕੋਹ ਤਕ ਹੋਈਆਂ ਚੋਰੀਆਂ ਦੀਆਂ ਕਹਾਣੀਆਂ ਸੁਣਾ ਦੇਣਗੇ। ਜਿਹੜਾ ਬੰਦਾ ਸੱਥ ਵਿਚ ਬੈਠਣ ਲੱਗ ਪਿਆ ਉਹ ਸੱਥ ਦਾ ਹੀ ਹੋ ਕੇ ਰਹਿ ਜਾਂਦਾ ਹੈ ਤੇ ਉਹ ਤਕੜਾ ਹਾਜ਼ਰ ਜਵਾਬ ਵੀ ਬਣ ਜਾਂਦਾ ਹੈ, ਜੋ ਕਿਸੇ ਨੂੰ ਗੱਲ ਨਹੀਂ ਕਰਨ ਦਿੰਦਾ। ਸਾਡੇ ਸਕੂਲ ਦਾ ਪੀ ਟੀ ਮਾਸਟਰ ਦਸਵੀਂ ਤੋਂ ਬਾਅਦ ਡਿਪਲੋਮਾ ਕਰ ਕੇ ਅਧਿਆਪਕ ਲੱਗ ਗਿਆ ਸੀ ਤੇ ਸਕੂਲ ਦੇ ਦੂਜੇ ਵੱਧ ਪੜ੍ਹੇ ਸ਼ਹਿਰੀ ਅਧਿਆਪਕ ਉਸ 'ਤੇ ਤਨਜ਼ ਕਸਦੇ, 'ਨੋ ਨੌਲਜ ਵਿਦਾਊਟ ਕੌਲਜ' ਅਤੇ ਉਹ ਉਹਨਾਂ ਨੂੰ ਮੋੜਾ ਦੇ ਦਿੰਦਾ, 'ਨੋ ਮੱਤ ਵਿਦਾਊਟ ਸੱਥ'। ਜਿਹੜੇ ਬੰਦੇ ਨੇ ਕਾਲਿਜ ਦੇ ਨਜ਼ਾਰੇ ਵੀ ਲਏ ਹੋਣ ਤੇ ਸੱਥਾਂ ਵਿਚ ਵੀ ਬੈਠਿਆ ਹੋਵੇ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਸਮਾਜਕ ਤੌਰ 'ਤੇ ਕਿਨਾਂ ਪਰਿਪੱਕ ਹੋ ਗਿਆ ਹੋਵੇਗਾ ਤੇ ਉਸ ਕੋਲ਼ ਕਿੰਨਾ ਗਿਆਨ ਦਾ ਭੰਡਾਰ ਹੋਵੇਗਾ। ਜਤਿੰਦਰ ਹਾਂਸ ਉਹ ਬੰਦਾ ਹੈ ਜਿਸ ਕੋਲ਼ ਇਹ ਦੋਵੇਂ ਤਰ੍ਹਾਂ ਦਾ ਗਿਆਨ ਹੈ।

ਸੱਥ ਵਿਚ ਬੈਠਣ ਵਾਲੇ ਬੁੱਧੀਜੀਵੀ ਬੰਦੇ ਦੀ ਤੋਰ ਪਛਾਨਣ ਵਾਲੇ ਹੁੰਦੇ ਹਨ। ਕੋਈ ਓਪਰਾ ਬੰਦਾ ਸੱਥ ਵਿਚੋਂ ਦੀ ਲੰਘ ਜਾਵੇ ਤਾਂ ਉਹ ਉਸ ਬਾਰੇ ਅੰਦਾਜ਼ੇ ਲਾਉਣ ਲੱਗ ਜਾਂਦੇ ਹਨ ਕਿ ਉਹ ਕੌਣ ਹੋ ਸਕਦਾ ਹੈ ਤੇ ਉਸ ਨੇ ਕਿਨ੍ਹਾਂ ਦੇ ਘਰ ਜਾਣਾ ਹੋਣਾ ਹੈ ਤੇ ਉਹ ਕਿਸ ਕੰਮ ਆਇਆ ਹੋ ਸਕਦਾ ਹੈ। ਉਹਨਾਂ ਦੀਆਂ ਇਹ ਕਿਆਸ ਆਰਾਈਆਂ ਨੜਿਨਵੇਂ ਪ੍ਰੀਤਸ਼ਤ ਸੱਚ ਹੁੰਦੀਆਂ ਹਨ। ਉਹਨਾਂ ਦੀਆਂ ਤੇਜ਼ ਤਰਾਰ ਨਜ਼ਰਾਂ ਸੱਥ ਵਿਚੋਂ ਲੰਘਣ ਵਾਲੇ ਦਾ ਪੂਰਾ ਐਕਸ ਰੇਅ ਕਰ ਲੈਂਦੀਆਂ ਹਨ। ਇਸੇ ਕਰ ਕੇ ਜਣਾ ਖਣਾ ਜਾਂ ਹਭੀ ਨਭੀ ਸੱਥ ਵਿਚ ਬੈਠ ਨਹੀਂ ਸਕਦਾ। ਬੈਠ ਤਾਂ ਕੀ ਕਈ ਤਾਂ ਸੱਥ ਵਿਚੋਂ ਦੀ ਲੰਘ ਹੀ ਨਹੀਂ ਸਕਦੇ। ਲੰਘਣ ਵਾਲੇ 'ਤੇ ਤਵਾ ਜ਼ਰੂਰ ਹੀ ਲੱਗ ਜਾਂਦਾ ਹੈ। ਇਕ ਵਾਰ ਤਿੰਨ ਚਾਰ ਗ਼ਰੀਬੜੇ ਜਿਹੇ ਬੰਦੇ ਕਿਸੇ ਪਿੰਡ ਦੀ ਸੱਥ ਵਿਚੋਂ ਲੰਘਣ ਲੱਗੇ ਤਾਂ ਉਹਨਾਂ ਦੇ ਮੁਖੀ ਨੇ ਨਾਲਦਿਆਂ ਨੂੰ ਸਮਝਾਇਆ ਕਿ ਅੱਗੇ

ਸਰਦਾਰ ਬੈਠੇ ਹਨ, ਆਪਾਂ ਫਤਿਹ ਬੁਲਾ ਕੇ ਸਰੜ ਸਰੜ ਕਰਕੇ ਲੰਘ ਜਾਵਾਂਗੇ।ਪਰ ਜਦੋਂ ਉਹ ਕੋਲ਼ ਦੀ ਲੰਘਣ ਲੱਗੇ ਤਾਂ ਫਤਿਹ ਬੁਲਾਉਣੀ ਭੁੱਲ ਕੇ ਉਹਨਾਂ ਦੇ ਮੂੰਹੋਂ ਨਿਕਲ ਗਿਆ, 'ਸਰਦਾਰ ਜੀ ਸਰੜ ਸਰੜ।'

ਜਤਿੰਦਰ ਹਾਂਸ ਸੱਥ ਵਿਚ ਵੀ ਬੈਠਦਾ ਹੈ ਤੇ ਓਥੇ ਤਾਸ਼ ਵੀ ਖੇਡਦਾ ਹੈ। ਤਾਸ਼ ਖੇਡਣ ਸਮੇਂ ਉਸ ਦੇ ਕੰਨ ਗੱਲਾਂ ਸੁਣਨ ਵਿਚ ਲੱਗੇ ਰਹਿੰਦੇ ਹਨ। ਸੱਥ ਵਿਚ ਬੈਠਣ ਅਤੇ ਤਾਸ਼ ਖੇਡਣ ਦਾ ਭੁੱਸ ਏਨਾ ਮਾੜਾ ਹੈ ਕਿ ਬੰਦਾ ਇਸ ਨੂੰ ਛੱਡ ਨਹੀਂ ਸਕਦਾ। ਜਦੋਂ ਪੱਤੇ ਦਿਸਣੋਂ ਹਟ ਜਾਣ ਤਾਂ ਤਾਸ਼ ਵਾਲੇ ਮਜਬੂਰ ਹੋ ਕੇ ਘਰ ਜਾਂਦੇ ਹਨ। ਇਕ ਤਾਸ਼ ਦੇ ਖਿਡਾਰੀ ਨੂੰ ਦੱਸਿਆ ਗਿਆ ਕਿ ਉਸ ਦੀ ਮਾਂ ਮਰ ਗਈ ਹੈ ਪਰ ਉਸ ਨੇ ਆਪਣੀ ਖੇਡ ਬੰਦ ਨਾ ਕੀਤੀ। ਦੁਬਾਰਾ ਸੱਦਾ ਆਇਆ ਕਿ ਹੁਣ ਤਾਂ ਮਾਤਾ ਨੂੰ ਨਹਾਉਣ ਵੀ ਲੱਗ ਪਏ ਹਨ ਪਰ ਉਹ ਫਿਰ ਨਾ ਗਿਆ। ਫਿਰ ਸੱਦਾ ਆਇਆ ਕਿ ਹੁਣ ਤਾਂ ਅਰਥੀ ਵੀ ਤਿਆਰ ਹੋ ਚੁੱਕੀ ਹੈ, ਤੂੰ ਆ ਜਾ ਪਰ ਉਸ ਦਾ ਜਵਾਬ ਸੀ ਕਿ ਏਥੋਂ ਹੀ ਨਾਲ ਰਲ਼ ਜਾਵਾਂਗਾ। ਏਸੇ ਤਰ੍ਹਾਂ ਹਾਂਸ ਵੀ ਤਾਸ਼ ਦਾ ਖਹਿੜਾ ਨਹੀਂ ਸੀ ਛਡਦਾ ਤੇ ਖਾਣਾ ਪੀਣਾ ਸਭ ਭੁੱਲ ਜਾਂਦਾ ਸੀ। ਕਈ ਵਾਰੀ ਉਸ ਦੇ ਪਿਤਾ ਸ੍ਰੀ ਨੇ ਆ ਕੇ ਕਹਿਣਾ, 'ਪੁੱਤ ਰੋਟੀ ਵੀ ਹੁਣ ਏਥੇ ਹੀ ਲੈ ਆਉਂਦੇ ਹਾਂ।'

ਜਿਵੇਂ ਕਵਿਤਾ ਲਿਖਣ ਵਿਚ ਬਹੁਤ ਛੋਟੀ ਉਮਰ ਵਿਚ ਹੀ ਸ਼ਿਵ ਕੁਮਾਰ ਨੂੰ ਪ੍ਰਸਿੱਧੀ ਮਿਲ ਗਈ ਸੀ ਓਸੇ ਤਰ੍ਹਾਂ ਹੀ ਹਾਂਸ ਨੂੰ ਕਹਾਣੀ ਲਿਖਣ ਵਿਚ ਉਹੀ ਪ੍ਰਸਿੱਧੀ ਮਿਲੀ ਹੋਈ ਹੈ। ਜਦੋਂ ਪੰਜਾਬੀ ਕਹਾਣੀ ਦੀ ਗੱਲ ਤੁਰਦੀ ਹੈ ਤਾਂ ਹਾਂਸ ਦਾ ਨਾਂ ਜ਼ਰੂਰ ਆਉਂਦਾ ਹੈ। ਏਨੀ ਛੋਟੀ ਉਮਰ ਵਿਚ ਏਨੀ ਪ੍ਰਸਿੱਧੀ ਮਿਲਣ ਉਪਰੰਤ ਵੀ ਹਾਂਸ ਨੇ ਅਜੇ ਤਕ ਤਾਂ ਪੈਰ ਨਹੀਂ ਛੱਡੇ ਤੇ ਅੱਗੋਂ ਵੀ ਇਹ ਆਸ ਕੀਤੀ ਜਾ ਸਕਦੀ ਹੈ ਕਿ ਉਹ ਆਪਣੇ ਪੈਰਾਂ 'ਤੇ ਕਾਇਮ ਰਹੇਗਾ। ਆਪਣੇ ਤੋਂ ਵੱਡੀ ਉਮਰ ਦੇ ਕਹਾਣੀਕਾਰਾਂ ਦਾ ਉਹ ਪੂਰਾ ਸਤਿਕਾਰ ਕਰਦਾ ਹੈ। ਜਦੋਂ ਵੀ ਕਦੇ ਫੋਨ ਕਰੀਏ ਤਾਂ ਕਹਿੰਦਾ ਹੈ ਕਿ ਤੁਹਾਡੀਆਂ ਕਹਾਣੀਆਂ ਪੜ੍ਹ ਕੇ ਤਾਂ ਅਸੀਂ ਲਿਖਣ ਲੱਗੇ ਹਾਂ ਤੇ ਨਾਲ ਹੀ ਉਹ 'ਹਾਂ ਜੀ', 'ਹਾਂ ਜੀ' ਕਰਦਾ, 'ਧੰਨਵਾਦ ਜੀ', 'ਧੰਨਵਾਦ ਜੀ' ਜ਼ਰੂਰ ਕਹਿੰਦਾ ਹੈ। ਕਹਾਣੀ ਗੋਸ਼ਟੀਆਂ ਵਿਚ ਵੀ ਉਹ ਨਵੀਂ ਵਹੁਟੀ ਵਾਂਗ ਵਿਚਾਰਾ ਅਤੇ ਸ਼ਰੀਫ ਜਿਹਾ ਬਣ ਕੇ ਬੈਠਾ ਰਹਿੰਦਾ ਹੈ। ਜੇ ਕਿਸੇ ਦੀ ਕਹਾਣੀ ਉਪਰ ਉਸ ਨੂੰ ਬੋਲਣ ਲਈ ਕਿਹਾ ਜਾਵੇ ਤਾਂ ਉਹ ਆਲੋਚਨਾ ਕਰਨ ਤੋਂ ਤਾਂ ਗੁਰੇਜ਼ ਕਰਦਾ ਹੀ ਹੈ, ਉਂਝ ਵੀ ਬੱਸ ਮੁੱਲ ਦਾ ਹੀ ਬੋਲਦਾ ਹੈ।

ਉਹ ਅਧਿਆਪਕਾਂ ਦੀ ਸਭ ਤੋਂ ਹੇਠਲੀ ਜਮਾਤ ਵਿਚ ਆਉਂਦਾ ਹੈ ਭਾਵ ਕਿ ਉਹ ਪ੍ਰਾਇਮਰੀ ਸਕੂਲ ਟੀਚਰ ਹੈ ਅਤੇ ਹੇਠਲੀਆਂ ਜਮਾਤਾਂ ਦੇ ਬੱਚਿਆਂ ਨੂੰ ਊੜਾ ਐੜਾ ਹੀ ਪੜ੍ਹਾਉਂਦਾ ਹੈ। ਪਰ ਅਧਿਆਪਕਾਂ ਦੀ ਸਭ ਤੋਂ ਉਪਰਲੀ ਜਮਾਤ ਭਾਵ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਆਪਣੇ ਵਿਦਿਆਰਥੀਆਂ ਨੂੰ ਉਸਦੀਆਂ ਲਿਖੀਆਂ ਕਹਾਣੀਆਂ ਪੜ੍ਹਾਉਂਦੇ ਹਨ ਅਤੇ ਖੋਜ ਪੱਤਰ ਲਿਖਵਾਉਂਦੇ ਹਨ। ਜਤਿੰਦਰ ਹਾਂਸ ਨੂੰ ਸਾਲ 2019 ਦਾ ਪੰਜਾਬੀ ਸਾਹਿਤ ਦਾ ਨੋਬਲ ਪੁਰਸਕਾਰ ਕਿਹਾ ਜਾ ਸਕਣ ਵਾਲਾ ਅੰਤਰਰਾਸ਼ਟਰੀ 'ਢਾਹਾਂ ਇਨਾਮ' ਮਿਲ ਜਾਣ 'ਤੇ ਬਹੁਤ ਬਹੁਤ ਮੁਬਾਰਕਾਂ। 000

*(ਸੁਰੇਵਾਲੀਆ ਕੰਪਲੈਕਸ, ਬਠਿੰਡਾ ਰੋਡ ਬਾਈਪਾਸ, ਮੁਕਤਸਰ*
*ਫੋਨ: 95010-50016*
***Email: harjinder.surewalia@yahoo.com)***

# ਬਰੈਡਲਾ ਹਾਲ: ਲੇਖ: ਮੁਦੱਸਰ ਬਸ਼ੀਰ

*ਮੈਂਡੀ ਜਾਨ ਜੋ ਰੰਗੇ ਸੋ ਗੰਗੇ*
*ਮਸਤਕ ਜਿਨ੍ਹਾਂ ਦੇ ਪਈ ਫਕੀਰੀ*
*ਭਾਗ ਤਿਨ੍ਹਾਂ ਦੇ ਚੰਗੇ*
*ਸੁਰਤ ਦੀ ਸੂਈ ਪ੍ਰੇਮ ਦੇ ਧਾਗੇ*
*ਪਿਉਂਦ ਲੱਗੇ ਸਤਿਸੰਗੇ*
*ਕਹੇ ਹੁਸੈਨ ਫਕੀਰ ਸਾਈਂ ਦਾ*
*ਤਖਤ ਨਾ ਮਿਲਦੇ ਮੰਗੇ* (ਸ਼ਾਹ ਹੁਸੈਨ)

ਧਰਤੀ ਉੱਤੇ ਕੁਝ ਥਾਵਾਂ ਇਹੋ ਜਿਹੀਆਂ ਹੁੰਦੀਆਂ ਨੇ ਜਿਹੜੀਆਂ ਕਿਸੇ ਸਮਾਜ, ਰਹਿਤਲ, ਵਸੋਂ ਤੇ ਬੰਦਿਆਂ ਦੀਆਂ ਪਛਾਣਾਂ ਬਣ ਜਾਂਦੀਆਂ ਨੇ, ਤੇ ਕੁਝ ਥਾਵਾਂ ਇਹੋ ਜਿਹੀਆਂ ਹੁੰਦੀਆਂ ਨੇ ਜਿਹੜੀਆਂ ਬੰਦਿਆਂ ਦੀਆਂ ਕਰਤੀਆਂ ਕਾਰਨ ਪਛਾਣੀਆਂ ਜਾਂਦੀਆਂ ਨੇ। ਏਸ ਦੇ ਨਾਲੋ ਨਾਲ ਕੁਝ ਥਾਵਾਂ ਇਹੋ ਜਿਹੀਆਂ ਵੀ ਦਿਸੀਂਦੀਆਂ ਨੇ ਜਿਨ੍ਹਾਂ ਵਿਚ ਸਿਆਣ ਦੇ ਇਹ ਦੋਵੇਂ ਗੁਣ ਦਿਸੀਂਦੇ ਨੇ, ਜਿਵੇਂ ਹਿੰਦ ਪਾਕਿ ਵਿਚ ਸ਼ਿਮਲਾ, ਮਰੀ ਕਸ਼ਮੀਰ ਆਪਣੇ ਪਹਾੜਾਂ ਤੇ ਹਰਿਆਲੀ ਕਾਰਨ ਜੱਗ ਜਾਣੇ ਨੇ। ਗੋਆ ਦਾ ਸਮੁੰਦਰ ਵੀ ਆਪਣੇ ਖਾਸ ਰੰਗਾਂ ਪਾਰੋਂ ਪੂਰੇ ਹਿੰਦੋਸਤਾਨ ਤੋਂ ਵੱਖ ਏ। ਕੁਝ ਥਾਵਾਂ ਦੀ ਪਛਾਣ ਬੰਦੇ, ਉਹਨਾਂ ਦੇ ਕੰਮ ਹੁੰਦੇ ਨੇ। ਅੱਜੋਕੇ ਸਮੇਂ ਸਾਊਥ ਅਫਰੀਕਾ ਨੂੰ ਮੋਹਨ ਦਾਸ ਕਰਮ ਚੰਦ ਗਾਂਧੀ ਅਤੇ ਨੈਲਸਨ ਮੰਡੇਲਾ ਤੋਂ ਵੱਖ ਅਤੇ ਮਲਾਏਸ਼ੀਆ ਨੂੰ ਮਹਾ ਤੀਰ ਮੁਹੰਮਦ ਅਤੇ ਚੀਨ ਨੂੰ ਮਾਉ ਜ਼ੇ ਤੁੰਗ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੀ ਧਰਤੀ ਵਿਚ ਸਾਨੂੰ ਕੁਦਰਤ ਵੱਲੋਂ ਮਿਲਿਆ ਸੁਹੱਪਣ, ਏਸ ਦੇ ਦਰਿਆ, ਏਸ ਦੀ ਹਰਿਆਲੀ, ਸਦੀਆਂ ਪੁਰਾਣੀ ਰਹਿਤਲ ਤਾਂ ਮਿਲਦੀ ਹੀ ਏ, ਏਸ ਦੇ ਨਾਲ ਪੋਰਸ, ਰਾਜਾ ਰਸਾਲੂ, ਜੈ ਪਾਲ, ਪੂਰਨ ਭਗਤ, ਬਾਬਾ ਫਰੀਦ, ਗੁਰੂ ਨਾਨਕ ਜੀ, ਸ਼ਾਹ ਹੁਸੈਨ, ਦੁੱਲਾ ਭੱਟੀ, ਅਹਿਮਦ ਖਾਨ ਖਰਲ, ਮਿਰਜ਼ਾ ਕਲੰਦਰ, ਸਮਰਦ, ਬੁਲ੍ਹੇ ਸ਼ਾਹ, ਸਾਰੰਗ ਤੇ ਇਕ ਲੰਮੀ ਗਿਣਤੀ ਵਿਚ ਕਈ ਬੰਦੇ ਦਿਸੀਂਦੇ ਨੇ।

ਸ਼ਹਿਰ ਲਾਹੌਰ ਦੀ ਵਾਰ ਵਿਚ ਕਈ ਥਾਵਾਂ ਤੇ ਉਨ੍ਹਾਂ ਨਾਲ ਜੁੜੇ ਬੰਦੇ ਦੀਆਂ ਕਰਤੀਆਂ ਕਾਰਨ ਜਾਣੀਆਂ ਮਾਣੀਆਂ ਨੇ। ਉਹ ਥਾਵਾਂ ਜਿਹੜੀਆਂ ਧਰੋਹ ਖੱਸ ਦੇ ਸਾਹਮਣੇ ਨਾਬਰੀ ਦਾ ਗੜ੍ਹ ਬਣੀਆਂ ਰਹੀਆਂ, ਓਥੇ ਕਈ ਸੂਰਮਿਆਂ ਨਾਬਰੀ ਸ਼ਮ੍ਹਲੇ ਆਪਣੀਆਂ ਜਾਨਾਂ ਦੀਆਂ ਅਣੀਆਂ 'ਤੇ ਉੱਚੇ ਕੀਤੇ ਰੱਖੇ। ਇਹੋ ਜਿਹੀ ਇਕ ਥਾਂ ਦਾ ਨਾਂ ਬਰੈਡਲਾ ਹਾਲ ਏ।

ਬਰੈਡਲਾ ਹਾਲ ਇੰਗਲਸਤਾਨ ਦੇ ਇਕ ਸੂਝਵਾਨ ਸਿਆਸਤਦਾਨ ਸਰ ਚਾਰਲਸ ਬਰੈਡਲਾ ਦੇ ਨਾਂ ਉੱਤੇ ਹੈ, ਜਿਸ ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਇਕ ਝਾਤ ਉਨ੍ਹਾਂ ਦੀ ਹਯਾਤੀ ਉੱਤੇ ਪਾਉਨੇ ਆਂ ਕਿ ਕਿਸ ਕਾਰਨ ਇੰਗਲਸਤਾਨ ਦੇ ਇਕ ਵਾਸੀ ਦਾ ਨਾਂ ਹਿੰਦੁਸਤਾਨ ਦੇ ਇਕ ਹਾਲ ਨਾਲ ਜੁੜਿਆ।

ਚਾਰਲਸ ਬਰੈਡਲਾ ਦਾ ਜਨਮ 26 ਸਤੰਬਰ 1833 ਈ. ਨੂੰ ਲੰਦਨ ਦੇ ਨੇੜੇ ਦੇ ਹਾਕਸਟਨ ਵਿਚ ਹੋਇਆ। ਉਸ ਦਾ ਪਿਉ ਇਕ ਲਾਅ ਫਰਮ ਵਿਚ ਕਲਰਕ ਸੀ, ਜਿਸ ਦੀ ਘੱਟ ਕਮਾਈ ਤੇ ਮਾੜੇ ਹਾਲਾਂ ਕਾਰਨ ਚਾਰਲਸ ਬਰੈਡਲਾ ਨੇ ਆਪਣੇ ਬਾਲਪਣ ਵਿਚ ਡਾਢੇ ਭੈੜੇ ਦਿਹਾੜ ਹੰਢਾਏ।

ਰੋਟੀ ਟੁੱਕਰ ਦੇ ਰੌਲ਼ਿਆਂ ਪਾਰੋਂ ਉਸ ਯਾਰਾਂ ਵਰ੍ਹਿਆਂ ਦੀ ਉਮਰ ਵਿਚ ਸਕੂਲ ਛੱਡ ਦਿੱਤਾ। ਇਕ ਦਫਤਰ ਵਿਚ ਨਿੱਕੇ ਮੋਟੇ ਕੰਮਾਂ ਵਾਲੀ ਨੌਕਰੀ ਕਰ ਲਈ। ਕੁਝ ਚਿਰ ਮਗਰੋਂ ਕੋਲਿਆਂ ਦੇ ਇਕ ਵਿਉਪਾਰੀ ਦੇ ਦਫਤਰ ਵਿਚ ਕਲਰਕ ਦੀ ਨੌਕਰੀ ਲੱਭ ਗਈ। ਓਥੇ ਉਸ ਕਲਰਕੀ ਦੇ ਨਾਲੋ ਨਾਲ ਪੜ੍ਹਾਈ ਵੀ ਟੋਰੀ ਰੱਖੀ। ਉਸ ਨੂੰ ਇਸ ਗੱਲ ਦੀ ਆਸ ਸੀ ਕਿ ਉਹ ਕੁਝ ਚੰਗਾ ਪੜ੍ਹ ਕੇ ਕਿਸੇ ਸਕੂਲ ਵਿਚ ਪੜ੍ਹਾਉਣ ਦੀ ਨੌਕਰੀ ਕਰ ਲਵੇਗਾ। ਦਿਨ ਰਾਤੀਂ ਯਤਨਾਂ ਮਗਰੋਂ ਅਖੀਰ ਇਕ ਸਕੂਲੇ ਨੌਕਰੀ ਲੱਭ ਈ ਗਈ।

ਉਦੋਂ ਇੰਗਲਸਤਾਨ ਦਾ ਰਾਜ ਧਰਤੀ ਦੇ ਕਈ ਦੇਸਾਂ ਉੱਤੇ ਸੀ। ਬਰੈਡਲਾ ਨੇ ਹਯਾਤੀ ਦੀਆਂ ਔਕੜਾਂ ਦੇਖਣ ਦੇ ਨਾਲ਼ੋ ਨਾਲ਼ ਅੰਗਰੇਜ਼ ਸਰਕਾਰ ਦੇ ਧਰਤੀ ਉੱਤੇ ਵਧੇਰੇ ਰਾਜ ਪਾਰੋਂ ਖਲਕਤ ਨਾਲ ਵਿਰੋਧਕਾਰੀ ਵੀ ਤੱਕੀ। ਇਸ ਕਾਰਨ ਉਸ ਦੇ ਵਿਚਾਰ ਇੰਗਲਸਤਾਨ ਦੇ ਚਰਚ ਤੇ ਬਾਈਬਲ ਤੋਂ ਵੱਖਰੇ ਹੋ ਗਏ। ਉਹ ਇਕ ਨਾਬਰ ਵਾਂਗੂੰ ਇੰਗਲਸਤਾਨ ਵਿਚ ਪ੍ਰਚੱਲਤ ਸਿਆਸੀ ਤੇ ਧਰਮ ਵਿਹਾਰ ਦੇ ਸਾਹਮਣੇ ਖਲੋ ਗਿਆ। ਜਿਸ ਦੇ ਕਾਰਨ ਓਥੋਂ ਦੇ ਇਕ ਪਾਦਰੀ ਜਾਨ੍ਹ ਗ੍ਰਾਹਮ ਪੈਕਰ ਨੇ ਉਸ ਉੱਤੇ ਦਹਿਰੀਆ ਹੋਵਣ ਦੀ ਇੱਲ ਧਰ ਕੇ ਸਕੂਲੋਂ ਕੱਢਵਾ ਦਿੱਤਾ।

ਸਤਾਰਾਂ ਵਰ੍ਹਿਆਂ ਦੇ ਬਰੈਡਲਾ ਨੇ ਆਪਣੀ ਪਹਿਲੀ ਛਪੀ ਲਿਖਤ *'ਕੁਝ ਅੱਖਰ ਈਸਾਈ ਧਰਮ ਉੱਤੇ'* ਲੋਕਾਂ ਸਾਹਮਣੇ ਧਰੀ। ਜਦੋਂ ਅੰਗਰੇਜ਼ ਸਰਕਾਰ ਨੇ ਆਪਣੇ ਰਾਜ ਦੀ ਸਾਂਭ ਪਾਰੋਂ ਜਵਾਨਾਂ ਨੂੰ ਉਨ੍ਹਾਂ ਦੀ ਮਰਜ਼ੀ ਬਿਨਾਂ ਫੌਜ ਵਿਚ ਭਰਤੀ ਕਰਨ ਦਾ ਟੋਰਾ ਟੋਰਿਆ, ਬਰੈਡਲਾ ਨੂੰ ਵੀ ਸਤਾਰਵੀਂ ਬਟਾਲੀਅਨ 'ਡਰੈਗਨ ਗਾਰਡਜ਼' ਵਿਚ ਭਰਤੀ ਕਰ ਲਿਆ ਗਿਆ। ਬਰੈਡਲਾ ਨੂੰ ਹਿੰਦੁਸਤਾਨ ਦੇ ਨਾਲ ਇਕ ਖਾਸ ਪਿਆਰ ਸੀ। ਫੌਜ ਵਿਚ ਜਾਵਣ ਮਗਰੋਂ ਇਹ ਵੀ ਆਸ ਸੀ ਕਿ ਉਸ ਨੂੰ ਹਿੰਦੁਸਤਾਨ ਘੱਲਿਆ ਜਾਵੇਗਾ। ਪਰ ਉਸ ਨੂੰ ਆਇਰਲੈਂਡ ਦੇ ਇਕ ਸ਼ਹਿਰ ਡਬਲਨ ਘੱਲ ਦਿੱਤਾ ਗਿਆ। ਫਿਰ ਰੱਬ ਦੀ ਕਰਨੀ ਕੁਝ ਇਹੋ ਜਿਹੀ ਹੋਈ ਕਿ ਉਸ ਦੀ ਇਕ ਮਾਸੀ ਜਿਹੜੀ ਡਾਢੀ ਧਨਵਾਨ ਸੀ, ਚਲਾਣਾ ਕਰ ਗਈ। ਬਰੈਡਲਾ ਉਸਦਾ ਇਕੱਲਾ ਵਾਰਿਸ ਸੀ। ਮੋਈ ਮਾਸੀ ਦੇ ਧਨ ਪਾਰੋਂ ਉਸਨੇ ਅੰਗਰੇਜ਼ ਸਰਕਾਰ ਦੀ ਨੌਕਰੀ ਤੋਂ ਜਾਨ ਛੁਡਾ ਲਈ। ਉਹ ਲੰਦਨ ਆਣ ਵਸਿਆ ਅਤੇ ਪਿਉ ਵਾਂਗ ਇਕ ਲਾਅ ਫਰਮ ਵਿਚ ਕਲਰਕ ਹੋ ਗਿਆ। ਉਸ ਸਮੇਂ ਪ੍ਰਚੱਲਤ ਧਰਮ ਨੂੰ ਨਾ ਮੰਨਣ ਦੇ ਕਾਰਨ ਲੰਦਨ ਸੈਕੂਲਰ ਸੁਸਾਇਟੀ ਦਾ ਮੈਂਬਰ ਬਣਿਆ ਤੇ ਸੰਨ 1858 ਈ. ਵਿਚ ਇਸ ਸੁਸਾਇਟੀ ਦਾ ਸਦਰ ਵੀ ਬਣ ਗਿਆ। ਸੰਨ 1860 ਵਿਚ ਇਕ ਸੈਕੂਲਰ ਅਖਬਾਰ 'ਨੈਸ਼ਨਲ ਰੀਫਾਰਮਰ' ਦਾ ਐਡੀਟਰ ਬਣਿਆ। ਸੰਨ 1866 ਈ. ਵਿਚ ਉਸਨੇ 'ਨੈਸ਼ਨਲ ਸੈਕੂਲਰ ਸੁਸਾਇਟੀ' ਦੀ ਨੀਂਹ ਵੀ ਧਰੀ। ਇਸ ਸਾਰੇ ਟੋਰੇ ਵਿਚ ਉਸਦੀਆਂ ਲਿਖਤਾਂ ਸਾਰੇ ਇੰਗਲਸਤਾਨ ਵਿਚ ਪ੍ਰਸਿੱਧ ਹੋ ਗਈਆਂ ਸਨ। ਧਰਮ ਵਿਰੋਧੀ ਹੋਣ ਕਾਰਨ ਉਸਨੂੰ ਕਈ ਤਰ੍ਹਾਂ ਦੀਆਂ ਸਰਕਾਰੀ ਔਕੜਾਂ ਵੀ ਵੇਖਣੀਆਂ ਪਈਆਂ। ਸੰਨ 1880 ਵਿਚ ਉਹ ਇੰਗਲਸਤਾਨ ਦੀ ਪਾਰਲੀਮੈਂਟ ਦਾ ਮੈਂਬਰ ਬਣਿਆ ਪਰ ਓਥੇ ਵੀ ਉਸ ਬਾਈਬਲ ਉੱਤੇ ਹਲਫ ਲੈਣ ਤੋਂ ਨਾਂਹ ਕਰ ਛੱਡੀ। ਉਸਦਾ ਆਖਣਾ ਸੀ ਕਿ ਹਲਫ ਲੈਣ ਪਾਰੋਂ ਹੋਰ ਚੱਜ ਤੇ ਹੋਰ ਅੱਖਰ ਵੀ ਆਪਣੀ ਥਾਂ ਉੱਤੇ ਸ਼ੁੱਧ ਤੇ ਪੂਰੇ ਨੇ। ਏਸ ਮੁੱਦੇ ਉੱਤੇ ਅਦਾਲਤ ਟੁਰ ਗਿਆ, ਕੇਸ ਕੀਤਾ ਅਤੇ ਜਿੱਤਿਆ ਵੀ। ਉਹ ਅੰਗਰੇਜ਼ ਸਰਕਾਰ ਦੀ ਧਰਤੀ ਉੱਤੇ ਰਾਜ ਦੀ ਟੋਰ ਨੂੰ ਵੀ ਨਹੀਂ ਮੰਨਦਾ ਸੀ। ਖਾਸਕਰ ਆਇਰਲੈਂਡ ਤੇ ਹਿੰਦੁਸਤਾਨ ਵਿਚ ਅੰਗਰੇਜ਼ ਰਾਜ ਨੂੰ ਭੈੜਾ ਜਾਣਦਾ ਸੀ। ਉਸਦੀਆਂ ਇੰਗਲਸਤਾਨ ਵਿਚ ਕਰਤੀਆਂ ਤੇ ਲਿਖਤਾਂ ਦੋਵੇਂ ਹਿੰਦੁਸਤਾਨ ਦੇ ਸੂਝਵਾਨਾਂ ਤੀਕਰ ਅੱਪੜਦੀਆ ਰਹੀਆਂ। ਅਤੇ ਓਥੋਂ ਦੇ ਕਈਆਂ ਲੋਕਾਂ ਨਾਲ ਉਸਦਾ ਖਤ ਪੱਤਰ ਵੀ ਟੁਰਦਾ ਰਿਹਾ।

ਇਕ ਵਾਰ ਹਿੰਦੁਸਤਾਨ ਆਇਆ ਤਾਂ ਸਰਕਾਰ ਵੱਲੋਂ ਰੇਲ ਲਾਈਨ ਪਾਉਣ ਦਾ ਠੇਕਾ ਲੱਭ ਗਿਆ। ਉਨ੍ਹਾਂ ਦਿਹਾੜਾਂ ਵਿਚ ਬਰੈਡਲਾ ਨੇ ਲਾਹੌਰ ਦੇ ਡਾਢੇ ਮਹਿੰਗੇ ਇਲਾਕੇ ਰੈਟੀਗਨ ਰੋਡ ਉੱਤੇ

ਇਕ ਵੱਡੀ ਥਾਂ ਮੁੱਲ ਲਈ। ਜਿਹਦੇ ਮਹਿੰਗੇ ਹੋਵਣ ਦਾ ਕਾਰਨ ਉਸ ਵੇਲ਼ੇ ਕਈ ਅੰਗਰੇਜ਼ ਅਫਸਰਾਂ ਦੇ ਬੰਗਲਿਆਂ ਦਾ ਉੱਥੇ ਹੋਵਣਾ ਸੀ। ਉਨ੍ਹਾਂ ਬੰਗਲਿਆਂ ਤੇ ਕੋਠੀਆਂ ਦੇ ਨਿਸ਼ਾਨ ਅੱਜ ਵੀ ਦਿਸੀਂਦੇ ਨੇ। ਹਿੰਦੁਸਤਾਨ ਵਿਚ ਵੀ ਬਰੈਡਲਾ ਅੰਗਰੇਜ਼ ਸਰਕਾਰ ਦੀਆਂ ਪਾਲਸੀਆਂ ਦੀ ਨਿੰਦਿਆ ਕਰਦਾ ਰਿਹਾ। ਇਸੇ ਕਾਰਨ ਰੇਲ ਲਾਈਨ ਦਾ ਠੇਕਾ ਮੁਕਾ ਦਿੱਤਾ ਗਿਆ ਅਤੇ ਹਿੰਦੁਸਤਾਨ ਦੀ ਧਰਤੀ ਛੱਡਣ ਦਾ ਹੁਕਮ ਵੀ ਦੇ ਦਿੱਤਾ ਗਿਆ। ਸਰ ਚਾਰਲਸ ਬਰੈਡਲਾ ਜਿਸਨੇ ਸਾਰੀ ਉਮਰ ਕਾਨੂੰਨ ਦੀ ਹੁਕਮਰਾਨੀ ਦੀ ਗੱਲ ਕੀਤੀ ਸੀ, ਕਾਨੂੰਨ ਦੀਆਂ ਬਾਰੀਕੀਆਂ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਸੀ। ਉਸਨੇ ਸਰਕਾਰ ਦੇ ਆਖਣ ਦਾ ਆਦਰ ਕੀਤਾ ਅਤੇ ਇਕ ਉਚੇਚੀ ਕਿਸ਼ਤੀ ਬਣਵਾਈ ਜਿਸ ਵਿਚ ਖਾਵਣ ਪੀਵਣ ਦੀਆਂ ਸ਼ੈਆਂ ਰੱਖ ਕੇ ਰਾਵੀ ਦਰਿਆਂ ਵਿਚ ਜਾ ਬੈਠਾ ਅਤੇ ਸਰਕਾਰ ਨੂੰ ਆਖਿਆ ਕਿ ਮੈਂ ਹਿੰਦੁਸਤਾਨ ਦੀ ਜ਼ਮੀਨ ਉੱਤੇ ਨਹੀਂ। ਇਉਂ ਕਿਸ਼ਤੀ ਵਿਚ ਕਈ ਦਿਹਾੜ ਲੰਘਾਏ। ਫਿਰ ਸਰਕਾਰ ਨੇ ਉਸ ਨੂੰ ਡੌਂਡੀ ਪਿੱਟੀ, ਇੰਗਲਸਤਾਨ ਘੱਲ ਦਿੱਤਾ। ਓਥੇ 30 ਜਨਵਰੀ 1891 ਨੂੰ ਬਰੈਡਲਾ ਚਲਾਣਾ ਕਰ ਗਿਆ ਤੇ ਪੂਰੀ ਦੁਨੀਆ ਦੀਆਂ ਸੈਕੂਲਰ ਤਨਜ਼ੀਮਾਂ ਨੇ ਉਸਦਾ ਦੁੱਖ ਮਨਾਇਆ। ਉਸ ਦੇ ਜਨਾਜ਼ੇ ਵਿਚ ਕਈ ਹਜ਼ਾਰ ਲੋਕ ਸਨ, ਜਿਨ੍ਹਾਂ ਵਿਚ 21 ਵਰ੍ਹਿਆਂ ਦਾ ਮੋਹਨ ਦਾਸ ਕਰਮ ਚੰਦ ਗਾਂਧੀ ਵੀ ਸੀ। ਚਾਰਲਸ ਬਰੈਡਲਾ ਦੀ ਕਬਰ ਬਰੁੱਕਵੁੱਡ ਕਬਰਸਤਾਨ ਵਿਚ ਉਸਾਰੀ ਗਈ। ਉਹ ਤਾਂ ਅਗਾਂਹ ਟੁਰ ਗਿਆ ਪਰ ਉਸਦੇ ਵਿਚਾਰ ਅਜੇ ਤਾਈਂ ਜਿਉਂਦੇ ਜਾਗਦੇ ਨੇ। ਇਹੀ ਕਾਰਨ ਹੈ ਕਿ ਉਸ ਨਾਲ ਕਈ ਵੱਡੇ ਨਾਵਾਂ ਨੇ ਮੋਢੇ ਨਾਲ ਮੋਢਾ ਜੋੜੀ ਰੱਖਿਆ, ਜਿਨ੍ਹਾਂ ਵਿਚ ਜਾਰਜ ਜੈਕਹੋਲਿਕ, ਏਨੀ ਬੈਸਿੰਟ, ਹੈਗੇਟ ਲਾਅ, ਵਿਲੀਅਮ ਐਵਾਰਟ ਗਲੈਡਸਟੋਨ, ਟੀ ਪੀ ਓ ਕਾਰਨਰ ਤੇ ਜਾਰਜ ਬਰਨਾਰਡ ਸ਼ਾਅ ਵਰਗੇ ਉਚੇਚ ਜੀਅ ਵੀ ਦਿਸੀਂਦੇ ਨੇ।

ਬਰੈਡਲਾ ਹਾਲ 30 ਅਕਤੂਬਰ 1900 ਨੂੰ ਉਸਾਰਿਆ ਗਿਆ। ਉਸ ਦਿਹਾੜ ਤੋਂ ਸੰਨ 1947 ਤੀਕਰ ਇਹ ਨਾਬਰੀ ਦਾ ਗੜ੍ਹ ਬਣਿਆ ਰਿਹਾ। ਲਾਹੌਰ ਨੂੰ ਸ਼ਹਿਰਾਂ ਦਾ ਕੁਤਬ ਅਬਦਾਲ ਵੀ ਆਖਿਆ ਜਾਂਦਾ ਏ। ਜਿਹੜੀ ਸ਼ੈਅ ਏਥੋਂ ਟੁਰੀ ਉਹ ਪੂਰੇ ਹਿੰਦੁਸਤਾਨ ਤੇ ਧਰਤੀ ਉੱਤੇ ਮੰਨੀ ਗਈ। ਨਾਬਰੀ ਦਾ ਇਹ ਦੀਵਾ ਇਉਂ ਦਾ ਏਥੇ ਜਗਿਆ ਕਿ ਜਿਹਦੀ ਰੌਸ਼ਨਾਈ ਪੂਰੇ ਹਿੰਦੁਸਤਾਨ ਵਿਚ ਹੋਈ। ਏਸ ਹਾਲ ਦੇ ਨਾਲ ਕਈ ਵੱਡੇ ਤੇ ਉਚੇਚ ਲੋਕ ਜੁੜੇ ਰਹੇ। ਏਸ ਹਾਲ ਦੀ ਵਾਰ ਦੀ ਖਾਸ ਜਾਣਕਾਰੀ ਲਿਆਉਣ ਪਾਰੋਂ ਸਾਨੂੰ ਉਨ੍ਹਾਂ 'ਚੋਂ ਕੁਝ ਬੰਦਿਆਂ ਦੀ ਹਯਾਤੀ ਉੱਤੇ ਮਾੜੀ ਮਾੜੀ ਜਿਹੀ ਝਾਤ ਵੀ ਮਾਰਨੀ ਪਏਗੀ।

ਚਾਰਲਸ ਬਰੈਡਲਾ ਦੇ ਇੰਗਲਸਤਾਨ ਟੁਰ ਜਾਵਣ ਮਗਰੋਂ ਏਸ ਹਾਲ ਦੀ ਉਸਾਰੀ ਹੋਈ, ਜਿਹਦੀ ਮੁਖ ਵਿਖਾਲੀ ਸੁਰੇਂਦਰ ਨਾਥ ਬੈਨਰਜੀ ਦੇ ਹੱਥੋਂ ਹੋਈ। ਮੁਖ ਵਿਖਾਲੀ ਦੇ ਨਾਂ ਦੀ ਇਹ ਤਖਤੀ ਅੱਜ ਵੀ ਹਾਲ ਦੀ ਪੂਰਬੀ ਸੇਧ ਦੇ ਬੂਹੇ ਦੀ ਕੰਧ ਨਾਲ ਗੱਡੀ ਹੋਈ ਹੈ। ਸੁਰੇਂਦਰ ਨਾਥ ਬੈਨਰਜੀ ਦਾ ਜਨਮ 10 ਨਵੰਬਰ 1841 ਨੂੰ ਕਲਕੱਤੇ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਯੂਨੀਵਰਸਿਟੀ ਔਫ ਕਲਕੱਤਾ ਤੋਂ ਗ੍ਰੈਜੂਏਸ਼ਨ ਕੀਤੀ, ਫਿਰ ਰੁਮੇਸ਼ ਚੰਦਰ ਦੱਤ ਅਤੇ ਬਿਹਾਰੀ ਲਾਲ ਗੁਪਤਾ ਦੇ ਨਾਲ ਇੰਗਲਸਤਾਨ ਟੁਰ ਗਿਆ। ਓਥੇ ਅਸਿਸਟੈਂਟ ਮਜਿਸਟਰੇਟੀ ਕੀਤੀ ਅਤੇ ਕਈ ਫਿਲਾਸਫੀਆਂ ਪੜ੍ਹਿਆ। ਸੰਨ 1875 ਨੂੰ ਹਿੰਦੁਸਤਾਨ ਪਰਤਿਆ ਅਤੇ 26 ਜਨਵਰੀ 1876 ਨੂੰ ਆਨੰਦ ਮੋਹਨ ਦੇ ਨਾਲ ਰਲ਼ ਕੇ ਇੰਡੀਅਨ ਨੈਸ਼ਨਲ ਐਸੋਸੀਏਸ਼ਨ ਬਣਾਈ। ਏਸੇ ਤੋਂ ਉਸਨੂੰ ਅੰਗਰੇਜ਼ ਰਾਜ ਵਿਚ ਨਵੇਂ ਚੱਜ ਦੀ ਸਿਆਸਤ ਦੇ ਮੋਢੀਆਂ ਵਿਚ ਗਿਣਿਆ ਜਾਂਦਾ ਏ। ਸੰਨ 1879 ਵਿਚ ਇਕ ਅਖਬਾਰ 'ਦੀ ਬੰਗਾਲੀ' ਦੇ ਨਾਂ ਤੋਂ ਕੱਢਿਆ। ਸੰਨ 1883 ਵਿਚ ਉਸਦੇ ਅਖਬਾਰ ਦੀ ਇਕ ਸੁਰਖੀ In contempt of Court ਦੇ ਸਿਰਨਾਵੇਂ ਤੋਂ ਛਪੀ ਜਿਸ ਮਗਰੋਂ ਸਰਕਾਰ ਦੇ ਹੁਕਮ ਤਾਈਂ ਉਸਨੂੰ ਫੜਿਆ ਗਿਆ। ਫਿਰ ਪੂਰੇ ਹਿੰਦੁਸਤਾਨ ਵਿਚ ਇਕ ਰੌਲ਼ਾ ਪੈ ਗਿਆ। ਸੰਨ 1885 ਵਿਚ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਬਣੀ ਤਾਂ ਬੈਨਰਜੀ ਦੀ ਇੰਡੀਅਨ

ਨੈਸ਼ਨਲ ਐਸੋਸੀਏਸ਼ਨ ਨੂੰ ਇਸ ਵਿਚ ਰਲ਼ਾ ਦਿੱਤਾ ਗਿਆ। ਉਸਨੂੰ ਸੰਨ 1895 ਵਿਚ ਪੂਨਾ ਵਿਚ ਤੇ 1902 ਵਿਚ ਅਹਿਮਦਾਬਾਦ ਵਿਚ ਕਾਂਗਰਸ ਦਾ ਸਦਰ ਮਿਥਿਆ ਗਿਆ। ਬੈਨਰਜੀ 6 ਅਗਸਤ 1925 ਨੂੰ ਚਲਾਣਾ ਕਰ ਗਿਆ।

ਬਰੈਡਲਾ ਹਾਲ ਦੀ ਉਸਾਰੀ ਮਗਰੋਂ ਉੱਥੇ ਉਸ ਸਮੇਂ ਦੇ ਸੂਝਵਾਨਾਂ ਤੇ ਅੰਗਰੇਜ਼ ਸਰਕਾਰ ਨੂੰ ਨਾ ਮੰਨਣ ਵਾਲੇ ਲੋਕਾਂ ਦੇ ਇਕੱਠ ਟੁਰ ਪਏ। ਨਾਬਰੀ ਦੇ ਇਸ ਟੋਰੇ ਵਿਚ ਏਥੇ ਨੈਸ਼ਨਲ ਕਾਲਿਜ ਉਸਾਰਿਆ ਗਿਆ, ਜਿਹੜਾ ਖਾਸ ਉਨ੍ਹਾਂ ਪੜ੍ਹਿਆਰਾਂ ਲਈ ਸੀ ਜਿਹੜੇ ਅੰਗਰੇਜ਼ ਸਰਕਾਰ ਦੇ ਕਾਲਿਜਾਂ ਵਿਚ ਨਹੀਂ ਪੜ੍ਹਨਾ ਚਾਹੁੰਦੇ ਸਨ। ਇਸੇ ਕਾਲਿਜ ਦੇ ਕਾਰਨ ਬਰੈਡਲਾ ਹਾਲ ਨਾਲ ਲਾਲਾ ਲਾਜਪਤ ਰਾਏ ਵੀ ਜੁੜਿਆ ਰਿਹਾ। ਲਾਲਾ ਜੀ ਦਾ ਜਨਮ 28 ਜਨਵਰੀ 1865 ਨੂੰ ਜ਼ਿਲ੍ਹਾ ਮੋਗਾ ਦੇ ਪਿੰਡ ਢੁੱਡੀਕੇ ਵਿਚ ਹੋਇਆ। ਉਸ ਦੇ ਪਿਉ ਦਾ ਨਾਂ ਰਾਧਾ ਕ੍ਰਿਸ਼ਨ ਤੇ ਅੰਮਾ ਹੋਰਾਂ ਦਾ ਨਾਂ ਗੁਲਾਬ ਦੇਵੀ ਸੀ। ਰਾਧਾ ਕ੍ਰਿਸ਼ਨ ਉਰਦੂ ਦਾ ਉਸਤਾਦ ਸੀ। ਸੰਨ 1880 ਵਿਚ ਲਾਲਾ ਲਾਜਪਤ ਰਾਏ ਨੇ ਗੌਰਮਿੰਟ ਕਾਲਿਜ ਲਾਹੌਰ ਤੋਂ ਕਾਨੂੰਨ ਦੀ ਡਿਗਰੀ ਲਿੱਤੀ। ਉਸ ਪਹਿਲੀ ਵੱਡੀ ਲਾਮ ਵੇਲ਼ੇ ਵਿਚ ਅਮਰੀਕਾ ਦਾ ਪੰਧ ਵੀ ਕੱਟਿਆ। ਕਈ ਸੂਝਵਾਨ ਤਨਜ਼ੀਮਾਂ ਤੇ ਧੜਿਆਂ ਦੇ ਲੋਕਾਂ ਨੂੰ ਮਿਲਿਆ। ਸੰਨ 1919 ਨੂੰ ਹਿੰਦੁਸਤਾਨ ਪਰਤਿਆ। ਕਾਂਗਰਸ ਦੇ ਆਖਣ ‘ਤੇ ਇਕ ਤਹਿਰੀਕ ਟੁਰੀ, ਸਿਵਲ ਨਾਫੁਰਮਾਨੀ ਦੀ ਤਹਿਰੀਕ। ਉਹ ਇਸ ਵਿਚ ਵੀ ਅਗਾਂਹ ਅਗਾਂਹ ਸੀ। ਸੰਨ 1921 ਤੋਂ ਲੈ ਕੇ 1923 ਤੀਕਰ ਇਸੇ ਕਾਰਨ ਜੇਲ੍ਹ ਵੀ ਕੱਟੀ। ਸੰਨ 1927 ਵਿਚ ਉਸਦੇ ਅੰਮਾ ਹੋਰੀਂ ਟੀ ਬੀ ਪਾਰੋਂ ਚਲਾਣਾ ਕਰ ਗਏ। ਫਿਰ ਲਾਲਾ ਜੀ ਨੇ ਹਸਪਤਾਲ ਪਾਰੋਂ ਇਕ ਟ੍ਰਸਟ ਉਸਾਰਿਆ ਗੁਲਾਬ ਦੇਵੀ ਹੋਰਾਂ ਦੇ ਨਾਂ ਉੱਤੇ। ਅਤੇ ਇਸ ਟ੍ਰਸਟ ਨੇ ਸੰਨ 1927 ਵਿਚ ਲਾਹੌਰ ਵਿਚ ਫਿਰੋਜ਼ਪੁਰ ਰੋਡ ਉੱਤ ਜ਼ਨਾਨੀਆਂ ਲਈ ਹਸਪਤਾਲ ਉਸਾਰਿਆ ਜਿਹੜਾ ਅਜੇ ਤਾਈਂ ਖਲਕਤ ਦੀ ਸੇਵਾ ਕਰਦਾ ਪਿਆ ਹੈ। ਲਾਲਾ ਲਾਜਪਤ ਰਾਏ ਸਮਾਜੀ ਕੰਮਾਂ ਵਿਚ ਪ੍ਰਧਾਨ ਰਹਿੰਦਾ ਸੀ। ਜਦੋਂ ਬਾਦਸ਼ਾਹੀ ਮਸੀਤ ਦੀ ਨਵੇਂ ਸਿਰਿਉਂ ਉਸਾਰੀ ਦਾ ਵੇਲ਼ਾ ਆਇਆ ਤਾਂ ਉਹ ਚੰਦਾ ਦੇਵਣ ਵਾਲਿਆਂ ਵਿਚ ਇੱਡੇ ਖੁਲ੍ਹੇ ਮਨ ਦਾ ਸੀ ਕਿ ਇਕੱਲੇ ਜੀਅ ਦੀ ਗਿਣਤੀ ਵਿਚ ਉਸਦਾ ਚੰਦਾ ਸਭ ਤੋਂ ਜ਼ਿਆਦਾ ਸੀ। ਸੰਨ 1928 ਵਿਚ ਸਰ ਜਾਹਨ ਸਾਈਮਨ ਦੀ ਅਗਵਾਈ ਵਿਚ ਇਕ ਕਮਿਸ਼ਨ ਬਣਿਆ। ਏਸ ਕਮਿਸ਼ਨ ਨੂੰ ਨਾ ਮੰਨਦਿਆਂ ਹੋਇਆਂ ਏਸ ਹਾਲ ਵਿਚ ਸਿਆਸਤ ਦਾ ਇਕ ਨਵਾਂ ਟੋਰਾ ਟੁਰਿਆ। ਪੂਰੇ ਹਿੰਦੁਸਤਾਨ ਤੋਂ ਉਚੇਚ ਨਾਂ ਤੇ ਆਗੂ ਇਕੱਠੇ ਹੁੰਦੇ ਰਹੇ। ਉਨ੍ਹਾਂ ਦੀ ਮਿਜ਼ਮਾਨੀ ਲਾਲਾ ਜੀ ਦੇ ਨਾਲੋ ਨਾਲ ਮੌਲਾਨਾ ਜ਼ਫਰ ਅਲੀ ਖਾਨ ਤੇ ਸੱਯਦ ਅੱਤਾਉਲਾ ਸ਼ਾਹ ਬੁਖਾਰੀ ਕਰਦੇ ਰਹੇ। ਲਾਲਾ ਜੀ ਨੇ 30 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਦੀ ਨਿੰਦਿਆ ਵਿਚ ਅਮਨ ਸ਼ਾਂਤੀ ਨਾਲ ਇਕ ਮਾਰਚ ਕੀਤਾ। ਪਰ ਐੱਸ.ਪੀ. ਜੇਮਜ਼ ਏ ਸਕਾਟ, ਜਿਹੜਾ ਲਾਲਾ ਜੀ ਨਾਲ ਇਕ ਗੁੱਝਾ ਵੈਰ ਰੱਖਦਾ ਸੀ, ਨੇ ਓਥੇ ਲਾਠੀ ਚਾਰਜ ਕਰਾਇਆ ਤੇ ਲਾਲਾ ਜੀ ਨੂੰ ਖਾਸ ਨਿਸ਼ਾਨਾ ਬਣਾਇਆ। ਜਿੱਥੇ ਉਸ ਨੂੰ ਇਹੋ ਜਿਹੀਆਂ ਗੁੱਝੀਆਂ ਸੱਟਾਂ ਲੱਗੀਆਂ ਕਿ 27 ਨਵੰਬਰ 1928 ਨੂੰ ਚਲਾਣਾ ਕਰ ਗਿਆ। ਲਾਲਾ ਜੀ ਦੀ ਇਸ ਮੌਤ ਨਾਲ ਭਗਤ ਸਿੰਘ ਦਾ ਪਾਤਰ ਖੁਲ੍ਹ ਕੇ ਇੰਝ ਦਾ ਸਾਹਮਣੇ ਆਇਆ ਕਿ ਪੂਰੀ ਦੁਨੀਆਂ ਵਿਚ ਜਾਣਿਆ ਮਾਨਿਆ ਗਿਆ। ਲਾਲਾ ਜੀ ਦਾ ਬੁੱਤ ਲਾਹੌਰ ਵਿਚ Old Band stand Garden ਜਿਹੜਾ ਗੋਲ਼ ਬਾਗ਼ ਦੇ ਨਾਂ ਤੋਂ ਜਾਣਿਆ ਮਾਨਿਆ ਸੀ, ਜਿਸਨੂੰ ਹੁਣ ਨਾਸਿਰ ਬਾਗ਼ ਆਖਿਆ ਜਾਂਦਾ ਹੈ, ਇਸਦੀ ਭੰਗੀਆਂ ਵਾਲੀ ਤੋਪ ਦੇ ਬੂਹੇ ਦੇ ਨਾਲ ਗੱਡਿਆ ਗਿਆ। ਪਰ ਵੰਡ ਮਗਰੋਂ ਉਹਨੂੰ ਲਾਹੌਰੋਂ ਸ਼ਿਮਲਾ ਖੜਿਆ ਗਿਆ, ਜਿੱਧਰ ਉਹ ਉੱਥੋਂ ਦੇ ਸੈਂਟਰਲ ਸੁਕਏਅਰ ਵਿਚ ਖੜ੍ਹਾ ਦਿਸਦਾ ਏ। ਲਾਲਾ ਜੀ ਦੇ ਪੁੰਨੇ ਕੰਮਾਂ ਕਾਰਨ ਅੱਜ ਵੀ ਧਰਮਪੁਰਾ ਵਿਚ ਕੁਝ ਗਲ਼ੀਆਂ ਲਾਜਪਤ ਰਾਏ ਸਟਰੀਟ ਦੇ ਨਾਵਾਂ ‘ਤੇ ਲੱਭਦੀਆਂ ਨੇ ਤੇ ਸ਼ਾਹਦਰੇ ਵਿਚ ਇਕ ਬਸਤੀ ਲਾਜਪਤ ਨਗਰ ਦੇ ਨਾਂ ਤੋਂ ਹੈ।

ਬਰੈਡਲਾ ਹਾਲ ਵਿਚ ਅੰਗਰੇਜ਼ ਸਰਕਾਰ ਦੇ ਸਾਹਮਣੇ ਖਲੋਣ ਵਾਲੀਆਂ ਕਈ ਨਾਬਰ ਤਨਜ਼ੀਮਾਂ ਦੇ ਇਕੱਠ ਹੁੰਦੇ ਰਹੇ। ਜਿਨ੍ਹਾਂ ਵਿਚ ਗ਼ਦਰ ਤਹਿਰੀਕ, ਕਿਸਾਨ ਤਹਿਰੀਕ, ਪਗੜੀ ਸੰਭਾਲ ਓ ਜੱਟਾ, ਨੌਜਵਾਨ ਭਾਰਤ ਸਭਾ ਦੇ ਨਾਂ ਉਚੇਰੇ (ਉਘੜਵੇਂ) ਨੇ। 1920 ਵਿਚ ਏਸ ਹਾਲ ਵਿਚ ਆਲ ਇੰਡੀਆ ਕਮਿਊਨਿਸਟ ਪਾਰਟੀ ਦੇ ਮੋਢੀ ਐੱਮ.ਐੱਨ ਰਾਏ ਨੇ ਹਿੰਦੁਸਤਾਨ ਦੀ ਆਜ਼ਾਦੀ ਦੇ ਹੱਕ ਵਿਚ ਇਹੋ ਜਿਹੀ ਤਕਰੀਰ ਕੀਤੀ ਜਿਸਦੀ ਆਵਾਜ਼ ਪੂਰੇ ਹਿੰਦੁਸਤਾਨ ਵਿਚ ਗੂੰਜੀ। ਇਸੇ ਹਾਲ ਵਿਚ ਦੁਨੀਆ ਨੇ ਜਵਾਹਰ ਲਾਲ ਨਹਿਰੂ, ਹਿਰੇਨ ਮੁਕਰਜੀ, ਡਾਕਟਰ ਮੁਹੰਦ ਅਸ਼ਰਫ, ਮੀਆਂ ਇਫਤਖਾਰ ਉਦ ਦੀਨ, ਡਾ. ਸੈਫ ਉਦ ਦੀਨ ਕਿਚਲੂ ਦੇ ਨਾਅਰਿਆਂ ਦੇ ਨਾਲ ਨਾਲ ਜੋਸ਼ ਮਲੀਹਾਬਾਦੀ ਦੀ ਕਵਿਤਾ ਵੀ ਸੁਣੀ। ਏਸੇ ਹਾਲ ਦੀ ਸਿਆਸਤ ਤੋਂ ਇੰਦਰ ਕੁਮਾਰ ਗੁਜਰਾਲ ਨੇ ਸਿਆਸਤ ਸਿੱਖੀ ਤੇ ਆਪਣੀ ਸਟੂਡੈਂਟ ਯੂਨੀਅਨ ਬਣਾਈ। ਅਗਦੋਂ ਇੰਦਰ ਕੁਮਾਰ ਗੁਜਰਾਲ ਹਿੰਦੁਸਤਾਨ ਦਾ ਵਜ਼ੀਰੇ-ਏ-ਆਜ਼ਮ ਬਣਿਆ।

ਹੁਣ ਇਕ ਝਾਤ ਨੈਸ਼ਨਲ ਕਾਲਿਜ ਤੇ ਬਰੈਡਲਾ ਹਾਲ ਨਾਲ ਜੁੜੇ ਇਕ ਮੁਖ ਪਾਤਰ ਭਗਤ ਸਿੰਘ ਉੱਤੇ ਪਾਉਨੇ ਆਂ, ਜਿਸਦਾ ਜਨਮ 28 ਸਤੰਬਰ 1907 ਨੂੰ ਜੜ੍ਹਾਂਵਾਲਾ ਪੰਜਾਬ ਵਿਚ ਹੋਇਆ। ਉਸ ਦੇ ਪਿਉ ਦਾ ਨਾਂ ਕਿਸ਼ਨ ਸਿੰਘ ਅਤੇ ਮਾਂ ਹੋਰਾਂ ਦਾ ਨਾਂ ਵਿੱਦਿਆਵਤੀ ਸੀ। ਪਿਛੋਕੜ ਵਿਚ ਉਸਦੇ ਵਡਿੱਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਦੱਸੀਂਦੇ ਨੇ। ਉਸ ਦਾ ਦਾਦਾ ਅਰਜਨ ਸਿੰਘ ਇਕ ਪ੍ਰਸਿੱਧ ਗਿਆਨੀ, ਸਵਾਮੀ ਦਯਾਨੰਦ, ਦਾ ਭਗਤ ਸੀ। ਇਸ ਦੇ ਨਾਲੋ ਨਾਲ ਉਹ ਹਿੰਦੂ ਸੁਧਾਰਕ ਤਹਿਰੀਕ ਆਰੀਆ ਸਮਾਜ ਵਿਚ ਵੀ ਸੀ। ਭਗਤ ਸਿੰਘ ਦਾ ਪਿਉ ਤੇ ਚਾਚਾ ਅਜੀਤ ਸਿੰਘ ਗ਼ਦਰ ਪਾਰਟੀ ਦੇ ਹਮਾਇਤੀ ਸਨ ਜਿਸਦੀ ਅਗਵਾਈ ਕਰਤਾਰ ਸਿੰਘ ਸਰਾਭਾ ਤੇ ਲਾਲਾ ਹਰਦਿਆਲ ਦੇ ਹੱਥ ਸੀ। ਰੀਤੀਆਂ ਵਿਚ ਇਹ ਗੱਲ ਵੀ ਲੱਭਦੀ ਏ ਕਿ ਜਿਸ ਦਿਹਾੜ ਭਗਤ ਸਿੰਘ ਦਾ ਜਨਮ ਹੋਇਆ ਸੀ, ਉਸੇ ਦਿਹਾੜੀ ਉਸਦੇ ਬਾਪੂ ਤੇ ਚਾਚੂ ਦੋਵੇਂ ਜੇਲ੍ਹੋਂ ਛੁੱਟ ਕੇ ਆਏ ਸਨ। ਸੰਨ 1922 ਵਿਚ ਭਗਤ ਸਿੰਘ ਨੂੰ ਉਸਦਾ ਚਾਚਾ ਅਜੀਤ ਸਿੰਘ ਨੈਸ਼ਨਲ ਕਾਲਿਜ ਲਾਹੌਰ ਲੈ ਆਇਆ। ਸੰਨ 1922 ਤੋਂ 1926 ਤੀਕਰ ਭਗਤ ਸਿੰਘ ਉਸੇ ਕਾਲਿਜ ਵਿਚ ਪੜ੍ਹਿਆ। ਇੱਥੇ ਉਹਨੂੰ ਮਾਰਕਸੀ ਮੱਤ ਗ਼ੁਲਾਮ ਹੁਸੈਨ ਹੋਰਾਂ ਕੋਲ਼ੋਂ ਲੱਭੀ ਜਿਹੜਾ ਲਾਹੌਰ ਦੇ ਗਿਣਤੀ ਦੇ ਉਹਨਾਂ ਬੰਦਿਆਂ 'ਚੋਂ ਇਕ ਸੀ ਜਿਸ ਨੂੰ ਮਾਰਕਸ ਤੇ ਸੋਸ਼ਲਿਜ਼ਮ ਉੱਤੇ ਭਰਵੀਂ ਜਾਣਕਾਰੀ ਸੀ। ਇਹ ਵੀ ਆਖਿਆ ਜਾਂਦਾ ਏ ਕਿ ਉਸ ਦੋ ਪਰਚੇ ਉਰਦੂ ਤੇ ਅੰਗਰੇਜ਼ੀ ਵਿਚ ਸੋਸ਼ਲਿਜ਼ਮ ਉੱਤੇ ਵੀ ਕੱਢੇ। ਉਨ੍ਹਾਂ ਦਾ ਵੇਰਵਾ ਭਗਤ ਸਿੰਘ ਉੱਤੇ ਇਕ ਵੱਡੇ ਖੋਜਕਾਰ ਰਾਮਪਾਲ ਨੇ ਵੀ ਆਪਣੀਆਂ ਲਿਖਤਾਂ ਵਿਚ ਕੀਤਾ ਹੈ। ਗ਼ੁਲਾਮ ਹੁਸੈਨ ਸਰਕਾਰ ਦੀਆਂ ਬਾਂਧਾਂ ਮਗਰੋਂ ਇਕ ਨੁੱਕਰੇ ਲੱਗ ਗਿਆ ਤੇ ਅਖੀਰਲੇ ਸਾਹ ਤੀਕ ਇਸਲਾਮੀਆ ਕਾਲਿਜ ਰੇਲਵੇ ਰੋਡ ਵਿਚ ਪੜ੍ਹਾਂਦਾ ਰਿਹਾ। ਏਸ ਤੋਂ ਵੱਡੀ ਕਿਹੜੀ ਗੱਲ ਹੋਵੇਗੀ ਕਿ ਉਸਦੀ ਪਛਾਣ ਭਗਤ ਸਿੰਘ ਦੇ ਉਸਤਾਦ ਤੇ ਮਾਰਕਸੀ ਮੱਤ ਵਾਲੇ ਜੀਅ ਦੀ ਥਾਂ ਤੋਂ ਅੱਡ ਕ੍ਰਿਕਟਰ ਫਜ਼ਲ ਮਹਿਮੂਦ ਦਾ ਪਿਉ ਹੋਣਾ ਬਣੀ। ਲਾਲਾ ਜੀ ਦੀ ਮੌਤ ਮਗਰੋਂ ਭਗਤ ਸਿੰਘ ਨੇ ਆਪਣੇ ਢੰਗ ਨਾਲ ਹਿੰਦੁਸਤਾਨ ਦੇ ਲੋਕਾਂ ਦੀ ਆਵਾਜ਼ ਚੁੱਕੀ ਜਿਸਨੂੰ ਗਾਂਧੀ ਜੀ ਨੇ ਚੰਗਾ ਨਾ ਮੰਨਿਆ। ਭਗਤ ਸਿੰਘ, ਸ਼ਿਵ ਰਾਮ ਰਾਜਗੁਰੂ, ਸੁਖਦੇਵ ਥਾਪਰ, ਚੰਦਰਸ਼ੇਖਰ ਆਜ਼ਾਦ ਤੇ ਯਸ਼ਪਾਲ ਨੈਸ਼ਨਲ ਕਾਲਿਜ ਦੀ ਪਛਾਣ ਬਣੇ। ਭਗਤ ਸਿੰਘ ਨੇ ਆਪਣੇ ਸੰਗੀਆਂ ਨਾਲ ਸਕਾਟ ਨੂੰ ਕਤਲ ਕਰਨ ਦਾ ਮੁੱਦਾ ਚੁੱਕਿਆ। ਇਸ ਮਗਰੋਂ ਭਗਤ ਸਿੰਘ ਦੇ ਜੇਲ੍ਹ ਤੀਕਰ ਜਾਣ ਦੀ ਇਕ ਲੰਬੀ ਵਾਰ ਹੈ ਜਿਸਨੂੰ ਜੇ ਭਗਤ ਸਿੰਘ ਦੀ ਵਾਰ ਆਖਿਆ ਜਾਵੇ ਤਾਂ ਕੋਈ ਉਚੇਚੀ ਗੱਲ ਨਾ ਹੋਵੇਗੀ। ਭਗਤ ਸਿੰਘ ਉੱਤੇ ਮੁਕੱਦਮੇ ਮਗਰੋਂ ਬਰੈਡਲਾ ਹਾਲ ਵਿਚ ਇਕ ਸਿਆਸਤ ਦਾ ਮੱਚ ਮੱਚਿਆ, ਜਿਹਦੀ ਨਿੱਘ ਪੂਰੇ ਹਿੰਦੁਸਤਾਨ ਵਿਚ ਨਿੱਘੀ। ਇਸ ਮੁਕੱਦਮੇ ਦੇ ਟੋਰੇ ਵਿਚ ਭਗਤ ਸਿੰਘ ਦੀ ਪਾਰਟੀ ਨੌਜਵਾਨ ਭਾਰਤ ਸਭਾ ਦੇ ਇਕ ਉਚੇਚੇ ਮੈਂਬਰ ਸ਼ਰੀਫ ਮਤੀਨ

ਨੇ ਇਕ ਕੈਂਪ ਬਰੇਡਲਾ ਹਾਲ ਦੇ ਬਾਹਰ ਖੁਲ੍ਹੇ ਮੈਦਾਨ ਵਿਚ ਵੀ ਲਾਇਆ, ਜਿਹਦੇ ਵਿਚ ਭਗਤ ਸਿੰਘ ਦੇ ਘਰ ਵਾਲੇ ਵੀ ਮੰਜੀਆਂ ਡਾਹ ਕੇ ਉੱਥੇ ਬੈਠੇ ਰਹੇ ਤੇ ਆਉਂਦੇ ਜਾਂਦੇ ਲੋਕਾਂ ਨੂੰ ਮੁਕੱਦਮੇ, ਨਾਬਰੀ ਤੇ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਜਾਣਕਾਰੀ ਦਿੰਦੇ ਰਹੇ। ਸਰਕਾਰ ਨੇ ਉਨ੍ਹਾਂ ਉੱਤੇ ਨਿਗਾਹ ਰੱਖਣ ਪਾਰੋਂ ਇਕ ਪੁਲਸ ਚੌਕੀ ਵੀ ਰੈਟੀਗਨ ਰੋਡ ਉੱਤੇ ਉਸਾਰੀ। ਨਾਬਰੀ ਨੂੰ ਕਦੇ ਕੋਈ ਡੱਕ ਨਾ ਸਕਿਆ ਤੇ ਨਾਹੀਉਂ ਉਦੋਂ ਦੀ ਸਰਕਾਰ ਡੱਕ ਸਕੀ। 23 ਵਰ੍ਹਿਆਂ ਦੇ ਭਗਤ ਸਿੰਘ ਨੂੰ 23 ਮਾਰਚ 1931 ਨੂੰ ਫਾਂਸੀ ਚਾੜ੍ਹ ਦਿੱਤਾ ਗਿਆ। ਦੁੱਲੇ ਭੱਟੀ ਨੂੰ ਵੀ ਅਕਬਰ ਫਾਂਸੀ ਚਾੜ੍ਹਿਆ ਸੀ ਪਰ ਨਾਬਰੀ ਦੇ ਇਹ ਸੂਰੇ ਅੱਜ ਵੀ ਜਿਉਂਦੇ ਜਾਗਦੇ ਨੇ। ਦੁੱਲੇ ਦੀਆਂ ਵਾਰਾਂ ਗਵੀਆਂ ਜਾਂਦੀਆਂ ਨੇ ਤੇ ਦੂਜੇ ਪਾਸੇ ਜਦੋਂ ਸੰਨ 2008 ਵਿਚ ਹਿੰਦੁਸਤਾਨੀ ਮੈਗਜ਼ੀਨ India Today ਨੇ ਸਭ ਤੋਂ ਉੱਚੀ ਸ਼ਾਨ ਵਾਲੇ ਹਿੰਦੁਸਤਾਨੀ ਬਾਰੇ ਗਿਣਤੀ ਕਰਵਾਈ ਤਾਂ ਹਰ ਜੀਅ ਤੋਂ ਵੱਧ ਗਿਣਤੀ ਭਗਤ ਸਿੰਘ ਦੇ ਨਾਵੇਂ ਲੱਗੀ। ਏਸ ਗਿਣਤੀ ਵਿਚ ਸੁਭਾਸ਼ ਚੰਦਰ ਬੋਸ ਤੇ ਗਾਂਧੀ ਜੀ ਵਰਗੇ ਵੱਡੇ ਨਾਂ ਵੀ ਪਿੱਛੇ ਰਹਿ ਗਏ।

ਚਾਰਲਸ ਬਰੈਡਲਾ ਹਾਲ ਦੀ ਧੁੰਮ ਹਿੰਦੁਸਤਾਨ ਤੋਂ ਅੱਡ ਇੰਗਲਸਤਾਨ ਤੀਕਰ ਸੀ। ਆਜ਼ਾਦੀ, ਲੋਕ ਵਿਚਾਰ ਤੇ ਨਾਬਰੀ ਦੀ ਏਸ ਨਿਸ਼ਾਨੀ ਅਤੇ ਏਸ ਦੀ ਵਾਰ, ਕਰਤੀਆਂ, ਬੰਦਿਆਂ ਨੂੰ ਜਿਵੇਂ ਮੁੱਢੋਂ ਪੁੱਟ ਕੇ ਅਸਾਂ ਭੁਲਾਇਆ, ਰਹੇ ਰੱਬ ਦਾ ਨਾਂ। ਵੰਡ ਮਗਰੋਂ ਪਹਿਲਾਂ ਇੱਥੇ ਰਾਸ਼ਨ ਦਾ ਸਟੋਰ ਬਣਾਇਆ ਗਿਆ। ਇਸ ਮਗਰੋਂ ਸੰਨ 1980 ਤੀਕਰ ਇਹ ਹਾਲ ਸਟੀਲ ਮਿੱਲ ਬਣਿਆ ਰਿਹਾ ਪਰ ਨਾਬਰੀ ਦੇ ਪਰਛਾਵੇਂ ਏਸ ਹਾਲ ਦੇ ਆਲ਼ੇ ਦੁਆਲੇ ਹੀ ਰਹੇ। ਜਨਰਲ ਯਾਹੀਆਂ ਖਾਨ ਦੇ ਵੇਲ਼ੇ ਗੌਰਮਿੰਟ ਇਸਲਾਮੀਆ ਕਾਲਿਜ ਸਿਵਲ ਲਾਈਨਜ਼ ਲਾਹੌਰ ਤੋਂ ਚਾਰ ਵੱਡੇ ਸੂਝਵਾਨ ਤੇ ਉਸਤਾਦ ਕੱਢੇ ਗਏ ਤੇ ਉਹਨਾਂ ਉੱਤੇ ਦੇਸ-ਵਿਰੋਧੀ ਹੋਵਣ ਦਾ ਦੋਸ਼ ਧਰਿਆ ਗਿਆ। ਉਹ ਚਾਰੇ ਉਸਤਾਦ ਪ੍ਰੋਫੈਸਰ ਐਰਿਕ ਸਪਰੀਨ, ਪ੍ਰੋਫੈਸਰ ਮਨਜ਼ੂਰ, ਪ੍ਰੋਫੈਸਰ ਅਮੀਨ ਮੁਗ਼ਲ ਤੇ ਪ੍ਰੋਫੈਸਰ ਮੀਆਂ ਮਨਰਾਜ ਉਦ ਦੀਨ ਸਨ। ਪ੍ਰੋਫੈਸਰ ਮੀਆਂ ਮਨਰਾਜ ਉਦ ਦੀਨ ਦੀ ਗੱਲਬਾਤ ਕਾਲਿਜ ਦੇ ਪ੍ਰਬੰਧੀਆਂ ਨਾਲ ਟੁਰਦੀ ਰਹੀ ਤੇ ਫਿਰ ਮਾਮਲੇ ਆਪਸੀ ਨਿਬੜ ਗਏ। ਦੂਜੇ ਪਾਸੇ ਐਰਿਕ ਸਪਰੀਨ ਹੋਰਾਂ ਏਸ ਗੱਲ ਦਾ ਏਡਾ ਭਾਰ ਨਾ ਲਿਆ। ਏਹੋ ਆਖਿਆ ਕਿ ਸਾਡਾ ਕੰਮ ਤਾਂ ਪੜ੍ਹਾਣਾ ਹੈ, ਉੱਥੇ ਨਾ ਸਹੀ ਕਿਧਰੇ ਹੋਰ ਸਹੀ। ਉਨ੍ਹਾਂ ਦਿਹਾੜਾਂ ਵਿਚ ਸ਼ਫਕਤ ਤਨਵੀਰ ਮਿਰਜ਼ਾ ਹੋਰੀਂ ਪੰਜਾਬੀ ਅਦਬੀ ਸੰਗਤ ਤੇ ਮਜਲਿਸ ਸ਼ਾਹ ਹੁਸੈਨ ਵਿਚ ਅਗਾਂਹ ਅਗਾਂਹ ਸਨ, ਉਹ ਇਕ ਕਾਲਿਜ ਸ਼ਾਹ ਹੁਸੈਨ ਦੇ ਨਾਂ 'ਤੇ ਉਸਾਰਨਾ ਚਾਹ ਰਹੇ ਸਨ। ਉਨ੍ਹਾਂ ਦੇ ਇਕ ਮਿੱਤਰ ਹੁਸੈਨ ਨਕੀ ਸਾਹਿਬ ਪੰਜਾਬ ਯੂਨੀਅਨ ਆਫ ਜਰਨਲਿਸਟਸ ਵਿਚ ਸਨ। ਉਨ੍ਹਾਂ ਦੇ ਰਾਹੀਂ ਇਹ ਗੱਲ ਇਉਂ ਨਿਬੜੀ ਕਿ ਪ੍ਰੋਫੈਸਰ ਮਨਜ਼ੂਰਾ ਹੋਰਾਂ ਦਾ ਘਰ, ਜਿਹੜਾ ਕਿ ਬਰੈਡਲਾ ਹਾਲ ਦੇ ਨੇੜੇ ਸੀ, ਓਥੇ ਸ਼ਾਹ ਹੁਸੈਨ ਕਾਲਿਜ ਬਣਿਆ ਜਿਸ ਵਿਚ ਕਈ ਵੱਡੇ ਨਾਂ ਮੁਹੰਮਦ ਆਸਿਫ ਖਾਂ, ਅਲੀ ਅੱਬਾਸ ਜਲਾਲਪੁਰੀ, ਮੀਆਂ ਮਨਰਾਜ ਉਦ ਦੀਨ, ਸ਼ਫਕਤ ਤਨਵੀਰ ਮਿਰਜ਼ਾ, ਸ਼ਹਿਜ਼ਾਦ ਅਹਿਮਦ, ਅਹਿਮਦ ਸਲੀਮ, ਐਰਿਕ ਸਪਰੀਨ, ਪ੍ਰੋਫੈਸਰ ਮਨਜ਼ੂਰ, ਪ੍ਰੋਫੈਸਰ ਅਮੀਨ ਮੁਗ਼ਲ ਤੇ ਨਜ਼ਮ ਹੁਸੈਨ ਸੱਯਦ ਹੋਰਾਂ ਨੇ ਵੀ ਪੜ੍ਹਾਇਆ। ਇਹ ਕਾਲਿਜ ਕੁਝ ਚਿਰ ਓਥੇ ਰਿਹਾ ਤੇ ਉਸ ਮਗਰੋਂ ਲਾਰੰਸ ਰੋਡ ਉੱਤੇ ਨਵਾਬਜ਼ਾਦਾ ਸ਼ੇਰ ਅਲੀ ਸ਼ਾਹ ਦੀ ਕੋਠੀ ਦੇ ਨੇੜੇ ਟੁਰ ਗਿਆ। ਜਦੋਂ ਏਥੇ ਆਇਆ ਤੇ ਏਸ ਵਿਚ ਪੰਜਾਬੀ ਡਿਪਾਰਟਮੈਂਟ ਵੀ ਉਸਾਰਿਆ ਗਿਆ, ਭੁੱਟੋ ਵੇਲ਼ੇ ਕੌਮਿਆਇਆ ਗਿਆ ਤੇ ਅਜੇ ਤਾਈਂ ਮਾੜਾ ਮੋਟਾ ਟੁਰਦਾ ਵੀ ਆਇਆ ਹੈ। ਹੁਣ ਏਸਨੂੰ ਗੌਰਮਿੰਟ ਕਾਲਿਜ ਟਾਊਨਸ਼ਿਪ ਵਿਚ ਖਪਾਇਆ ਜਾ ਰਿਹਾ ਏ। ਏਸ ਦੇ ਪ੍ਰਬੰਧਕਾਰੀ ਤੇ ਖਾਸਕਰ ਪੰਜਾਬੀ ਡਿਪਾਰਟਮੈਂਟ ਦੇ ਜਮੀਲ ਅਹਿਮਦ ਪਾਲ ਸਾਹਿਬ ਏਸਨੂੰ ਡੱਕਣ ਦੇ ਆਹਰ ਕਰੇਂਦੇ ਪਏ ਨੇ।

ਸੰਨ 1980 ਤੀਕਰ ਬਰੈਡਲਾ ਹਾਲ ਸਟੀਲ ਮਿੱਲ ਪਾਰੋਂ ਵਰਤਿਆ ਗਿਆ ਤੇ ਉਸ ਮਗਰੋਂ ਇਕ ਕਾਲਿਜ, ਟੈਕਨੀਕਲ ਐਜੂਕੇਸ਼ਨ ਸੈਂਟਰ ਬਣਾ ਦਿੱਤਾ ਗਿਆ, ਜੀਹਦਾ ਨਾਂ ਮਿਲੀ ਦਾਰੁਲ

ਤਕਨੀਕ ਸੀ। ਉਹ ਕਾਲਿਜ ਕਈ ਵਰ੍ਹੇ ਰਿਹਾ। ਦੁਪਹਿਰੀਂ ਓਥੇ ਪਰਾਈਵੇਟ ਅਕੈਡਮੀਆਂ ਟਿਊਸ਼ਨ ਪੜ੍ਹਾਉਣ ਦਾ ਕੰਮ ਕਰਦੀਆਂ ਸਨ। ਇਚਰ ਨੂੰ ਏਧਰ ਦੇ ਪ੍ਰਬੰਧੀਆਂ ਦੇ ਆਪਣੇ ਝਗੜੇ ਵਧੇ। ਇਸ ਮਗਰੋਂ ਮਤਰੱਕਾ ਵਕਫ ਅਮਲਾਕ ਬੋਰਡ ETPB ਅਦਾਲਤ ਵਿਚ ਕੇਸ ਕਰ ਦਿੱਤਾ। ਕੇਸ ਬੋਰਡ ਨੇ ਜਿੱਤਿਆ ਤੇ ਸੰਨ 2009 ਤੋਂ ਇਹ ਹਾਲ ਅੱਜ ਤੀਕਰ ਜੰਦਰਾ ਬੰਦ ਹੋਇਆ ਪਿਆ ਏ।

ਜਦੋਂ ਲਾਹੌਰ ਕਚਹਿਰੀ ਤੋਂ ਥਾਣਾ ਲੋਇਰ ਮਾਲ ਵੱਲ ਟੁਰਿਆ ਜਾਵੇ ਤਾਂ ਥਾਣੇ ਦੀ ਇਮਾਰਤ ਤੋਂ ਪਹਿਲਾਂ ਸੜਕ ਖੱਬੇ ਪਾਸੇ ਇਕ ਪੁਰਾਣੇ ਤੇ ਪ੍ਰਸਿੱਧ ਸਕੂਲ, ਗੌਰਮਿੰਟ ਸੈਂਟਰਲ ਮਾਡਲ ਹਾਈ ਸਕੂਲ ਦੀ ਇਮਾਰਤ ਹੈ। ਜੀਹਦੇ ਤੋਂ ਪਹਿਲਾਂ ਖੱਬੇ ਪਾਸੇ ਹੇਠਾਂ ਨੂੰ ਇਕ ਸੜਕ ਜਾਂਦੀ ਹੈ ਜਿਹੜੀ ਅਗਾਂਹ ਜਾ ਕੇ ਆਊਟ ਮਾਲ ਰੋਡ ਨਾਲ ਜਾ ਰਲ਼ਦੀ ਹੈ। ਸੈਂਟਰਲ ਮਾਡਲ ਸਕੂਲ ਦੀ ਇਮਾਰਤ ਤੋਂ ਨਾਲ ਪੱਛਮੀ ਸੇਧ ਵਿਚ ਗੌਰਮਿੰਟ ਕਾਲਿਜ ਆਫ ਐਜੂਕੇਸ਼ਨ ਦੀ ਇਮਾਰਤ ਏ। ਇਸੇ ਸੇਧ ਵਿਚ ਸੜਕ ਰੈਟੀਗਨ ਰੋਡ ਦੇ ਨਾਂ ਤੋਂ ਹੈ। ਹੇਠਾਂ ਨੂੰ ਆਉਂਦੇ ਖੱਬੇ ਹੱਥ ਟਿੱਲਾ ਫਰੀਦ ਹੈ। ਸੱਜੇ ਹੱਥ ਰੈਟੀਗਨ ਰੋਡ ਹੈ, ਹੁਣ ਜੀਹਦਾ ਨਾਂ ਵੀ ਬਦਲਿਆ ਗਿਆ ਹੈ ਤੇ ਹੁਣ ਜੀਹਦਾ ਨਾਂ ਬਾਬਾ ਫਰੀਦ ਰੋਡ ਰੱਖ ਦਿੱਤਾ ਗਿਆ ਹੈ। ਏਸ ਸੜਕ ਉੱਤੇ ਆਉਂਦੇ ਈ ਖੱਬੇ ਹੱਥ ਪਹਿਲਾਂ ਗੌਰਮਿੰਟ ਜੂਨੀਅਰ ਮਾਡਲ ਸਕੂਲ ਰੈਟੀਗਨ ਦੀ ਇਮਾਰਤ ਏ। ਏਸ ਤੋਂ ਖੱਬੇ ਹੱਥ ਇਕ ਰਾਹ ਅੰਦਰ ਨੂੰ ਜਾਂਦਾ ਏ ਜਿਸਦੇ ਬਾਹਰ ਗੌਰਮਿੰਟ ਸਕੂਲ ਦੀ ਇਮਾਰਤ ਦੇ ਨਾਲੋ ਨਾਲ ਇਕ ਹੈਲਥ ਸੈਂਟਰ ਦੀ ਇਮਾਰਤ ਹੈ। ਅੰਦਰ ਜਾਂਦੇ ਹੀ ਇਸ ਖੁਲ੍ਹੇ ਮੈਦਾਨ ਦੇ ਮੋਹਰੇ ਬਰੈਡਲਾ ਹਾਲ ਦੀ ਉੱਚੀ ਵਿਸ਼ਾਲ ਇਮਾਰਤ ਦਿਸਦੀ ਹੈ। ਹਾਲ ਦੀ ਇਮਾਰਤ ਦੇ ਬੂਹੇ ਵੇਲੇ ਦੇ ਨਾਲ ਹੁੰਦੀਆਂ ਸੜਕਾਂ ਦੀਆਂ ਉਸਾਰੀਆਂ ਕਾਰਨ ਸੜਕ ਤੋਂ ਹੇਠ ਹੋ ਗਏ ਨੇ। ਅੱਧਾ ਅੱਧਾ ਬੂਹਾ ਹੇਠ ਹੋਇਆ ਪਿਆ ਹੈ, ਜਿਹਨਾਂ ਉੱਤੇ ਜੰਦਰੇ ਲੱਗੇ ਪਏ ਨੇ। ਪੂਰਬੀ ਸੇਧ ਦੇ ਬੁਰੇ ਹਾਲ ਦੇ ਨਾਲ ਈ ਮੁਖ ਵਖਲਾਈ ਦੀ ਤਖਤੀ ਗੱਡੀ ਹੋਈ ਹੈ ਜਿਸ ਉੱਤੇ ਇਹ ਲਿਖਤ ਹੈ:

BRADLAUGH HALL

This stone was laid by

The Honourable Surendra Nath Banerji

ਹੁਣ ਇਹ ਤਖਤੀ ਬਰੈਡਲਾ ਹਾਲ ਦੇ ਸਾਹਮਣੇ ਕ੍ਰਿਕਟ ਖੇਡਦੇ ਬਾਲਾਂ ਲਈ ਇਕ ਵਿਕਟ ਦਾ ਕੰਮ ਕਰਦੀ ਹੈ।

ਜੇ ਪਿਛਲੇ ਬੂਹੇ ਦੇ ਨਾਲ ਟੁੱਟੀ ਕੰਧ ਤੋਂ ਅੰਦਰ ਨੂੰ ਇਕ ਝਾਤ ਮਾਰੀਏ ਤਾਂ ਪੂਰਬੀ ਸੇਧ ਵਿਚ ਤਿੰਨ ਚਾਰ ਕਮਰੇ ਦਿਸੀਂਦੇ ਨੇ। ਬਾਕੀ ਸਾਰੇ ਹਾਲ ਦੇ ਵਿਚ ਇਕ ਰੜਾ ਫਰਸ਼ ਹੈ ਤੇ ਪਰਛੱਤ ਵੱਲ ਟੀਨ ਦੇ ਵਲ਼ੇ ਨੇ। ਹੋ ਸਕਦਾ ਹੈ ਏਸ ਦੀ ਮੁੱਢਲੀ ਉਸਾਰੀ ਵਿਚ ਫਰਸ਼ ਉੱਤੇ ਕੋਈ ਬੰਚ ਜਾਂ ਪੌੜੀਆਂ ਹੋਵਣ, ਪਰਛੱਤ ਹੇਠ ਕੋਈ ਗੈਲਰੀਆਂ ਵੀ ਹੋਵਣ ਜਾਂ ਹੋਰ ਕੁਝ ਇੰਝ ਦੀਆਂ ਸ਼ੈਆਂ ਹੋਵਣ ਜਿਹੜੀਆਂ ਪੜ੍ਹਾਈ ਲਿਖਾਈ, ਕਾਲਿਜ ਤੇ ਕਿਸੇ ਸਿਆਸੀ ਜਲਸਿਆਂ ਵਾਲੀ ਥਾਂ ਉੱਤੇ ਹੁੰਦੀਆਂ ਨੇ।

ਇਮਾਰਤ ਦੇ ਦੱਖਣ ਸੇਧ ਵਿਚ ਜਮਾਤ-ਏ-ਇਸਲਾਮੀ ਦੇ ਇਕ ਪ੍ਰਸਿੱਧ ਆਗੂ ਹਾਫਜ਼ ਸੁਲਤਾਨ ਬੱਟ ਹੋਰਾਂ ਦੇ ਵਡੱਕਿਆਂ ਦਾ ਘਰ ਹੈ। ਹਾਫਜ਼ ਦੇ ਪਿਉ ਦਾ ਨਾਂ ਤੁਫੈਲ ਸੀ, ਜੋ ਪੁਲਸ ਵਿਚ ਡੀ.ਐੱਸ.ਪੀ. ਸੀ। ਇਹ ਸਾਰੀ ਥਾਂ ਹਾਫਿਜ਼ ਸੁਲਤਾਨ ਬੱਟ ਦੇ ਅਹਾਤੇ ਤੋਂ ਜਾਣੀ ਜਾਂਦੀ ਹੈ। ਏਸ ਤੋਂ ਪਿਛਾਂਹ ਉਰਦੂ ਬਾਜ਼ਾਰ ਲਾਹੌਰ ਦੇ ਸਦਰ ਖਾਲਿਦ ਪਰਵੇਜ਼ ਦਾ ਘਰ ਹੈ ਜਿਹੜੇ ਕਿ ਗਿੱਲ ਆਰਟ ਪ੍ਰੈੱਸ ਦੇ ਮਾਲਿਕ ਨੇ। ਉਹ ਸਾਰੀ ਥਾਂ 'ਅਹਾਤਾ ਪਰਵੇਜ਼ ਮਲਿਕ' ਅਖਵਾਂਦੀ ਹੈ। ਹਾਲ ਦੀ ਉੱਤਰ ਪੱਛਮੀ ਸੇਧ ਵਿਚ ਇਕ ਪੁਰਾਣੀ ਕੋਠੀ ਹੈ ਜਿਹੜੀ ਕਿ ਸਰਦਾਰ ਹੁਸੈਨਸ਼ਾਹ ਝੰਗ ਵਾਲੇ ਦੇ

ਨਾਂ ਤੋਂ ਪ੍ਰਸਿੱਧ ਹੈ, ਜਿਹਦੀਆਂ ਪਿਛਲੀਆਂ ਕੰਧਾਂ ਨਾਲ ਆਲ਼ੇ ਦੁਆਲ਼ੇ ਦੇ ਘਰਾਂ ਵਾਲ਼ਿਆਂ ਦਾ ਗੰਦ ਸੁੱਟਿਆ ਪਿਆ ਦਿਸਦਾ ਹੈ। ਉਨ੍ਹਾਂ ਦੇ ਮਗਰ ਕੇ.ਐੱਮ. ਗਰਲਜ਼ ਹਾਈ ਸਕੂਲ ਦੀਆਂ ਪੂਰਬੀ ਸੇਧ ਦੀਆਂ ਕੰਧਾਂ ਨੇ। ਜਿਹਦੇ ਸਾਹਮਣੇ ਪੱਛਮੀ ਸੇਧ ਵਿਚ ਵੈਟਰਨਰੀ ਯੂਨੀਵਰਸਿਟੀ ਹੈ। ਉਸ ਦੇ ਸੱਜੇ ਖੱਬੇ ਕੁਝ ਪੁਰਾਣੀਆਂ ਕੋਠੀਆਂ ਦੇ ਨਿਸ਼ਾਨ ਵੀ ਨੇ, ਜਿਹਨਾਂ ਦਾ ਪਸਾਰ ਏਡਾ ਸੀ ਕਿ ਕਈਆਂ ਵਰ੍ਹਿਆਂ ਤੀਕਰ ਅਹਿਮਦ ਟੈਂਟ ਸਰਵਿਸ ਵਾਲਿਆਂ ਦੇ ਦਫਤਰ ਤੇ ਕਾਰਖਾਨੇ ਇਨ੍ਹਾਂ ਵਿਚ ਹੀ ਸਨ। ਹਾਲ ਦੀ ਉੱਤਰ ਪੱਛਮੀ ਸੇਧ ਦੇ ਮੁਹੱਲੇ ਵਿਚ ਕਦੇ ਪ੍ਰਸਿੱਧ ਫਿਲਮੀ ਗਾਇਕ ਅਨਵਰ ਅਲੀ ਵੀ ਰਹਿੰਦੇ ਸਨ। ਹਾਲ ਦੀ ਪੂਰਬੀ ਸੇਧ ਵਿਚ ਕਈ ਦਫਤਰੀ ਖਾਨੇ ਨੇ, ਜਿੱਥੇ ਕਿਤਾਬਾਂ ਕਾਪੀਆਂ ਦੀਆਂ ਜਿਲਦਾਂ ਕੀਤੀਆਂ ਜਾਂਦੀਆਂ ਨੇ। ਹਾਲ ਦੇ ਖੱਬੇ ਸੱਜੇ ਕੁਝ ਪੁਰਾਣੇ ਤੇ ਨਿੱਕੇ ਘਰ ਵੀ ਨੇ। ਏਥੇ ਉਹ ਲੋਕ ਵਸਦੇ ਨੇ ਜਿਹੜੇ ਵੰਡ ਮਗਰੋਂ ਹਿੰਦੁਸਤਾਨ ਤੋਂ ਏਥੇ ਆਣ ਵਸੇ। ਇਨ੍ਹਾਂ ਘਰਾਂ ਆਲ਼ਿਆਂ ਦੇ ਹਾਲ ਡਾਢੇ ਮਾੜੇ ਨੇ ਤੇ ਉਨ੍ਹਾਂ ਵਾਂਗ ਹਾਲ ਦੀ ਇਮਾਰਤ ਦੇ ਹਾਲ ਵੀ ਡਾਢੇ ਮਾੜੇ ਨੇ। ਜੇ ਇਉਂ ਹੀ ਰਿਹਾ ਤਾਂ ਆਉਣ ਵਾਲੇ ਵਰ੍ਹਿਆਂ ਵਿਚ ਇਹ ਢਹਿ ਵੀ ਸਕਦੀ ਹੈ। ਪੰਜਾਬ ਦੀ ਰਾਜਨੀਤੀ ਵਿਚ ਪਿਛਲੇ ਤੀਹ ਵਰ੍ਹਿਆਂ ਤੋਂ ਵੱਧ ਵੱਡੇ ਵੱਡੇ ਨਾਂ ਏਸ ਹਾਲ ਦੇ ਹਲਕੇ ਤੋਂ ਜਿੱਤੇ ਪਰ ਕਿਸੇ ਨੂੰ ਏਸ ਦੀ ਵਾਰ ਤੇ ਇਹਦੇ ਨਾਲ ਕੋਈ ਸਾਕ ਨਹੀਂ ਰਿਹਾ।

ਦਸ ਵਰ੍ਹਿਆਂ ਤੋਂ ਵੱਧ ਬੰਦ ਹੋਏ ਏਸ ਹਾਲ ਦੇ ਆਲ਼ੇ ਦੁਆਲ਼ੇ ਦੇ ਵਾਸੀਆਂ ਕੋਲ਼ ਕੋਈ ਖੋਜਕਾਰ ਜਾਂ ਪੜ੍ਹਿਆਰ ਟੁਰ ਜਾਵੇ ਤਾਂ ਉਹ ਉਹਨੂੰ ਇੰਝ ਦੀਆਂ ਨਿਗਾਹਾਂ ਨਾਲ ਵਿਹੰਦੇ ਨੇ ਕਿ ਖੌਰੇ ਕੋਈ ਉਨ੍ਹਾਂ ਦੀ ਲੰਕਾ ਢਾਵਣ ਆ ਗਿਆ ਹੈ। ਏਸ ਪਾਰੋਂ ਮੈਂ ਆਪਣੇ ਇਕ ਮਿੱਤਰ ਜ਼ਿਸ਼ਾਨ ਅਰਸ਼ਦ ਦੇ ਨਾਲ ਕਿਸੇ ਸਾਂਗੇ ਵਿਚ ਓਥੋਂ ਦੇ ਲੋਕਾਂ ਕੋਲ਼ੋਂ ਇਹ ਜਾਣਕਾਰੀ ਲਿੱਤੀ ਕਿ ਹੁਣ ਏਸ ਹਾਲ ਦੀ ਕੀ ਵਰਤੋਂ ਹੋਣੀ ਚਾਹੀਦੀ ਹੈ ਤਾਂ ਕੁਝ ਨੇ ਆਖਿਆ ਕਿ ਏਥੇ ਓਹੋ ਹੀ ਕਾਲਿਜ ਫਿਰ ਉਸਾਰ ਦਿੱਤਾ ਜਾਵੇ। ਤੇ ਕਈਆਂ ਨੇ ਆਖਿਆ ਕਿ ਇਸਨੂੰ ਇਕ ਕਮਿਊਨਿਟੀ ਹਾਲ ਬਣਾ ਦਿੱਤਾ ਜਾਵੇ। ਲੋਕੀਂ ਏਥੇ ਵਿਆਹ ਸ਼ਾਦੀ ਦੇ ਇਕੱਠ ਕਰਨ, ਆਪਣੀਆਂ ਖੁਸ਼ੀਆਂ ਗ਼ਮੀਆਂ ਦੇ ਓਥੇ ਹੀ ਪ੍ਰਬੰਧ ਕਰਨ। ਕੁਝ ਮਹੀਨੇ ਹੋਏ ਹਨ ਕਦੇ ਕਦਾਰ ਜਵਾਨ ਕੁੜੀਆਂ ਮੁੰਡੇ ਏਥੇ ਰਲ਼ ਬਹਿ ਕੇ ਨਾਟਕ ਥੀਏਟਰ ਕਰਦੇ ਨੇ। ਮੈਂ ਜਦੋਂ ਏਸ ਹਾਲ ਦੇ ਪਿਛੋਕੜ ਨੂੰ ਵਿਹਨਾਂ, ਇਮਾਰਤ ਦਾ ਪਸਾਰ ਤੇ ਅੰਗਰੇਜ਼ ਸਮੇਂ ਦੀ ਉਸਾਰੀ ਅੱਖੀਆਂ ਸਾਹਵੇਂ ਆਉਂਦੀ ਹੈ ਤਾਂ ਮੈਨੂੰ ਇਹ ਸੁਝਾਉ ਆਉਂਦਾ ਏ ਕਿ ਇੱਥੇ ਇਕ ਇਹੋ ਜਿਹਾ ਅਦਾਰਾ ਬਣਾ ਦਿੱਤਾ ਜਾਵੇ, ਜਿਹੜਾ ਏਥੇ ਇਕ ਲਾਇਬਰੇਰੀ ਟੋਰੇ। ਇਸ ਥਾਂ ਨਾਲ ਜੁੜੇ ਉਚੇਚ ਲੋਕਾਂ ਦੇ ਚਿੱਤਰ ਸਾਹਮਣੇ ਲਿਆਵੇ, ਆਰਟ, ਥੀਏਟਰ, ਫਲਸਫੇ ਦੇ ਮਜ਼ਮੂਨ ਪੜ੍ਹਾਏ ਜਾਵਣ, ਪੰਜਾਬ ਦੇ ਬਾਬਿਆਂ ਦਾ ਕਲਾਮ ਗਾਇਆ ਤੇ ਪੜ੍ਹਾਇਆ ਜਾਵੇ, ਉਸ ਸਮੇਂ ਦੇ ਪਾਤਰਾਂ ਉੱਤੇ ਲਿਖਤਾਂ ਤੇ ਖੇਡ ਖੇਡੇ ਜਾਵਣ। ਉਨ੍ਹਾਂ ਲੋਕਾਂ ਦੀਆਂ ਕਰਤੀਆਂ ਦੀ ਸੁਰਤ ਸਮਝ ਲੋਕਾਂ ਤਕ ਅੱਪੜੇ। ਇਹ ਤਾਂ ਬੱਸ ਇਕ ਸਲਾਹ ਹੈ, ਕੰਮ ਤਾਂ ਸਰਕਾਰਾਂ ਦਾ ਹੈ ਕਿ ਉਹ ਇਸ ਇਤਿਹਾਸਕ ਥਾਂ ਨੂੰ ਇਹਦੇ ਮੂਜਬ ਆਦਰ ਦੇਵਣ। ਪਰ ਕਦੋਂ, ਕਿਵੇਂ, ਇਹ ਵੀ ਆਪਣੀ ਥਾਂਵੇਂ ਇਕ ਵਿਚਾਰ ਹੈ। 000

***(32-D Marghazar Colony, Multan Road, Lahore, Pakistan***
***Email: mud_aziz@hotmail.com)***

## ਰਮਤਾ ਯੋਗੀ ਤੇ ਹੋਰ ਨਿੱਕੇ ਨਾਵਲ (ਨਾਵਲ) ਗੁਲਜ਼ਾਰ ਸਿੰਘ ਸੰਧੂ

'ਰਮਤਾ ਯੋਗੀ ਤੇ ਹੋਰ ਨਿੱਕੇ ਨਾਵਲ' (ਪੰਨੇ 175, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ) ਗੁਲਜ਼ਾਰ ਸਿੰਘ ਸੰਧੂ ਦਾ ਸੱਜਰਾ ਸੰਚੀਨੁਮਾ ਨਾਵਲ ਹੈ। ਇਸ ਵਿਚ ਚਾਰ ਨਿੱਕੇ ਨਾਵਲ ਸ਼ਾਮਲ ਹਨ: 'ਟੋਏ ਟਿੱਬੇ', 'ਇਕ ਜਿਸਮ ਦੋ ਜਾਮੇ', 'ਗੁੱਡ ਬਾਇ' ਅਤੇ 'ਰਮਤਾ ਯੋਗੀ'। ਯਥਾਰਥ ਨੂੰ ਸਮੁੱਚ ਦੇ ਰੂਪ ਵਿਚ ਪੇਸ਼ ਕਰਨ ਵਾਲੇ ਵਿਧਾਗਤ ਲੱਛਣਾਂ ਸਦਕਾ ਹੀ ਇਹ ਚਾਰੇ ਨਿੱਕੇ ਨਾਵਲ ਨਾਵਲੀ ਰੂਪ ਅਖ਼ਤਿਆਰ ਕਰਦੇ ਹਨ। ਸੰਘਣੇ ਬਿਰਤਾਂਤ ਦੀ ਸਿਰਜਣਾ ਤੇ ਵਿਚਾਰਧਾਰਕ ਸਪਸ਼ਟਤਾ ਦੀ ਇਕਸੁਰਤਾ ਇਹਨਾਂ ਦਾ ਖਾਸ ਗੁਣ ਹੈ। ਨਾਇਕ ਤੇ ਨਾਇਕਾ ਆਧਾਰਤ ਜੀਵਨ ਦੀ ਪੇਸ਼ਕਾਰੀ ਹੀ ਉਹ ਕਲਾਤਮਕ ਬਿੰਦੂ ਹੈ ਜੋ ਇਹਨਾਂ ਚਾਰਾਂ ਨਿੱਕੇ ਨਾਵਲਾਂ ਨੂੰ ਇਕ ਇਕਾਈ ਦਾ ਨਾਵਲੀ ਰੂਪ ਪ੍ਰਦਾਨ ਕਰਦਾ ਹੈ। ਦੇਸ਼-ਵੰਡ ਦੇ ਪ੍ਰਭਾਵ ਤੇ ਨਵ-ਭਾਰਤ ਦੀ ਉਸਾਰੀ ਦੇ ਚੰਗੇ-ਮਾੜੇ ਵਿਭਿੰਨ ਪਹਿਲੂਆਂ ਨੂੰ ਇਹ ਨਾਇਕ ਤੇ ਨਾਇਕਾਵਾਂ ਆਪਣੇ ਆਪਣੇ ਪਿੰਡਿਆਂ ਉੱਤੇ ਹੰਢਾ ਕੇ ਜਿੱਥੇ ਚਾਰ ਨਿੱਕੇ ਨਾਵਲਾਂ ਨੂੰ ਜਨਮ ਦਿੰਦੇ ਹਨ ਉੱਥੇ ਇਹਨਾਂ ਦੇ ਕਿਰਦਾਰ ਦਾ ਇਹ ਸਾਂਝਾ ਲੱਛਣ ਇਹਨਾਂ ਨੂੰ ਇਕੋ ਪੁਸਤਕ ਵਿਚ ਪਰੋਣ ਦਾ ਸਬੱਬ ਵੀ ਬਣਾਉਂਦਾ ਹੈ। ਐਪਰ ਵੱਖਰੇ ਵਿਸ਼ਿਆਂ ਵਾਲੇ ਇਹਨਾਂ ਨਾਵਲਾਂ ਦੀ ਟੁਣਕਾਰ ਵਿਚ ਇਕ ਸਾਂਝੀ ਧੁਨ ਵੀ ਸੁਣਾਈ ਦਿੰਦੀ ਹੈ ਜੋ ਇਹਨਾਂ ਨਾਵਲਾਂ ਨੂੰ ਇਕ ਸੂਤਰਕ ਰੂਪ ਪ੍ਰਦਾਨ ਕਰਦੀ ਹੈ। ਸ਼ਾਇਦ ਏਸੇ ਲਈ ਗੁਲਜ਼ਾਰ ਸੰਧੂ ਨੇ ਇਸ ਨਾਵਲ ਦਾ ਨਾਮਕਰਣ 'ਰਮਤਾ ਯੋਗੀ ਤੇ ਹੋਰ ਨਿੱਕੇ ਨਾਵਲ' ਵਜੋਂ ਕੀਤਾ ਹੈ।

ਸਭ ਤੋਂ ਪਹਿਲਾਂ 'ਰਮਤਾ ਯੋਗੀ' ਬਾਰੇ ਗੱਲ ਕਰਨੀ ਬਣਦੀ ਹੈ। ਗੁਲਜ਼ਾਰ ਸਿੰਘ ਸੰਧੂ ਦੀ ਕਲਮ ਧੰਨਤਾਂ ਦੇ ਯੋਗ ਹੈ ਜਿਸਨੇ ਨਾਵਲ ਦੇ ਅਨੋਖੇ ਕਲਾਤਮਕ ਡਿਜ਼ਾਈਨ ਰਾਹੀਂ ਉਹਨਾਂ ਬਾਰੀਕ ਸਮਾਜਕ ਗੱਲਾਂ ਨੂੰ ਸਾਹਵੇਂ ਲਿਆਂਦਾ ਹੈ ਜੋ ਇਕ ਪਰਬੀਨ ਕਲਾਕਾਰ ਦੇ ਹੱਥ ਲੱਗਣ ਨਾਲ ਹੀ ਬੋਲ ਸਕਦੀਆਂ ਸਨ। ਕਲਾਕਾਰ ਸੰਧੂ ਨੇ ਅਪਣੱਤ ਭਰੀਆਂ ਸਾਂਝਾਂ ਦੀ ਮੁੰਜ ਨਾਲ ਵੱਟੀ ਰੱਸੀ ਦੇ ਵਟੇ ਚਾੜ੍ਹ ਚਾੜ੍ਹ ਕੇ ਜਿਸ ਮੰਜੇ (ਰਮਤਾ ਯੋਗੀ) ਨੂੰ ਬੁਣਿਆ ਹੈ, ਉਸਦੇ ਚਾਰ ਪਾਵੇ ਹਨ। ਪਹਿਲਾ, 'ਰਾਣਾ ਜੋੜੀ'। ਦੂਸਰਾ, 'ਭੰਗੂ ਜੋੜੀ'। ਤੀਸਰਾ, 'ਵਿਕਾਸ ਜੋੜੀ'। ਚੌਥਾ, 'ਚੌਹਾਨ ਜੋੜੀ'। ਇਸਨੇ ਜੋੜੀਦਾਰ ਚਾਰ ਪਾਵਿਆਂ, ਯਾਤਰਾ ਰੂਪੀ ਦੋ ਬਾਹੀਆਂ: ਮਲਿਕਪੁਰ ਤੋਂ ਦਿੱਲੀ ਅਤੇ ਹੈਦਰਾਬਾਦ ਤੋਂ ਮਲਿਕਪੁਰ ਯਾਨੀ ਉੱਤਰ ਤੇ ਦੱਖਣ ਅਤੇ ਦੇਸ਼-ਵੰਡ ਦੀ ਘਟਨਾ ਤੇ ਨਵੇਂ ਭਾਰਤ ਦੀ ਉਸਾਰੀ ਰੂਪੀ ਦੋ ਸਰਾਊਆਂ ਦੀ ਜੋੜਨੀ ਰਾਹੀਂ ਆਕਾਰ ਗ੍ਰਹਿਣ ਕੀਤਾ ਹੈ। ਇਸ ਉੱਤੇ ਸੁਤੰਤਰ ਮਨੁੱਖੀ ਹੋਂਦ ਨੂੰ ਬਿਰਾਜਮਾਨ ਕੀਤਾ ਹੈ, ਜਿਸਦਾ ਪ੍ਰਤੀਨਿਧ ਪਾਤਰ ਵਿਕਾਸ ਸ਼ਰਮਾ ਹੈ।

ਕਮਾਲ ਦਾ ਇਹ ਪਾਤਰ ਬੰਧਨ-ਯੁਕਤ ਵੀ ਹੈ ਤੇ ਬੰਧਨ-ਮੁਕਤ ਵੀ। ਯਾਦਾਂ ਲੁਕੋਂਦਾ ਵੀ ਹੈ ਤੇ ਪ੍ਰਗਟਾਉਂਦਾ ਵੀ। ਸਾਂਝਾਂ ਵੀ ਨਿਭਾਉਂਦਾ ਹੈ ਤੇ ਦੂਰੀਆਂ ਵੀ। ਰਸਿਕ ਵੀ ਹੈ ਤੇ ਖੁਰਦਰਾ ਵੀ। ਰਮਤਾ ਵੀ ਹੈ ਤੇ ਯੋਗੀ ਵੀ। ਕਿਸੇ ਕੋਲ਼ੋਂ ਮੰਗਦਾ ਕੁਝ ਨਹੀਂ ਪਰ ਦੇਂਦਾ ਸਭ ਨੂੰ ਹੈ। ਮੁਹਤਾਜੀ ਭਰਿਆ ਜੀਵਨ ਬਿਤਾਉਣ ਦੇ ਹੱਕ ਵਿਚ ਨਹੀਂ ਹੈ ਉਹ। ਪੈਸੇ ਵੱਲੋਂ ਨਿਰਮੋਹੀ। ਲਾਜਵਾਬ ਮਿੱਤਰ। ਅਲਬੇਲਾ ਚਿੰਤਕ। ਚੁੰਬਕੀ ਸ਼ਖ਼ਸੀਅਤ। ਦੂਸਰੇ ਨੂੰ ਦੁੱਖ ਦੇਣਾ ਤਾਂ ਉਹ ਜਾਣਦਾ ਹੀ ਨਹੀਂ। ਚੰਗੀਆਂ ਕੀਮਤਾਂ ਦਾ ਗਿਆਤਾ। ਏਨਾ ਰੌਣਕੀ ਬੰਦਾ ਕਿ ਹਰ ਕੋਈ ਉਸਦੇ ਕੰਮ ਆ ਕੇ ਖ਼ੁਸ਼ ਹੋਵੇ...ਇਤਿਆਦਿ ਗੁਣਾਂ ਦਾ ਮਾਲਕ ਹੈ ਇਹ ਪਾਤਰ। ਉੱਤਰ ਤੋਂ ਦੱਖਣ ਤਕ ਪਾਸਾਰੇ ਵਾਲਾ ਇਹ ਪਾਤਰ ਆਪਣੇ ਸਮਾਜ ਵਿਚ 'ਜਗਤ ਬਾਪੂ' ਦਾ ਦਰਜਾ ਗ੍ਰਹਿਣ ਕਰਦਾ ਹੈ। ਆਪਣੀ

ਜੀਵਨ-ਯਾਤਰਾ ਦੌਰਾਨ ਉਸਨੇ ਜੋ ਵੀ ਕੰਮ-ਧੰਦੇ ਕੀਤੇ, ਇਮਾਨਦਾਰੀ ਨਾਲ ਕੀਤੇ, ਚਾਹੇ ਉਹ ਕੋਚਿੰਗ ਸੰਸਥਾਵਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਦਾ ਹੋਵੇ ਜਾਂ ਭੱਠੇ ਉੱਤੇ ਸਹਾਇਕ ਵਜੋਂ ਕੰਮ ਕਰਨ ਦਾ। ਉਸਦਾ ਧਰਮ ਸਿੰਘ ਦੇ ਮਹਿਮਾਨਖਾਨੇ ਵਿਚ ਰਹਿੰਦਿਆਂ ਜਾਂ ਗੋਬਿੰਦ ਸਿੰਘ ਦੇ 'ਪਾਈਨ ਵੁਡ ਰਿਜ਼ਾਰਟ' ਨੂੰ ਸਿਰੇ ਚੜ੍ਹਾਉਣ ਵਿਚ ਕਈ ਪ੍ਰਕਾਰ ਦੇ ਕੰਮ ਕਰਨਾ ਵੀ ਏਸੇ ਕੜੀ ਵਿਚ ਆਉਂਦਾ ਹੈ। ਪੁੱਤਰ,ਪਤੀ ਤੇ ਪਿਓ ਦੇ ਰੂਪ ਵਿਚ ਸਾਰਥਕ ਜੀਵਨ ਜਿਉਣ ਵਾਲਾ ਇਹ ਅਨੁਭਵੀ ਪਾਤਰ ਆਪਣਿਆਂ ਤੇ ਪਰਾਇਆਂ ਦੇ ਕੰਮ ਆਉਣ ਤੋਂ ਕਦੇ ਨਹੀਂ ਥਿੜਕਿਆ, ਮਾਇਕ ਪੱਖੋਂ ਕੋਲ਼ ਕੁਝ ਨਾ ਹੋਣ 'ਤੇ ਵੀ। ਆਜ਼ਾਦ ਤਬੀਅਤ ਤੇ ਚੰਗੀਆਂ ਕੀਮਤਾਂ ਦੇ ਸਹਾਰੇ ਜੀਵਨ ਜਿਉਣ ਵਾਲਾ ਇਹ ਆਦਰਸ਼ਕ ਪਾਤਰ ਹਰ ਯੁਗ ਦਾ ਹਾਣੀ ਹੈ, ਸਾਹਿਤ ਦਾ ਆਦਰਸ਼ ਤੇ ਗਲਪ ਦੀ ਸਿਰਜਣਾ ਦਾ ਉਦੇਸ਼ ਵੀ ਹੈ। ਕਿਉਂਜੁ, ਨਾਵਲ ਵਿਚ ਵਿਕਾਸ ਮਹਿਜ਼ ਪਾਤਰ ਵਜੋਂ ਹੀ ਨਹੀਂ ਵਿਚਰਿਆ ਬਲਕਿ ਪਰਿਵਾਰਕ ਤੇ ਮਨੁੱਖੀ ਰਿਸ਼ਤਿਆਂ ਦੇ ਬੁਨਿਆਦੀ ਸੰਕਲਪਕ ਸਿਧਾਂਤ ਵਜੋਂ ਵੀ ਪੇਸ਼ ਹੋਇਆ ਹੈ। ਉਹ ਸਮਾਜ ਦੀ ਦਵੰਦਾਤਮਕ ਤੋਰ ਦੀ ਪਛਾਣ ਦਾ ਨਾਂ ਹੈ। ਸ਼ਾਇਦ ਏਸੇ ਲਈ ਗੁਲਜ਼ਾਰ ਸੰਧੂ ਨੇ ਇਸ ਪਾਤਰ ਨੂੰ 'ਵਿਕਾਸ' ਦਾ ਨਾਂ ਦਿੱਤਾ ਹੈ। ਇਸ ਪਾਤਰ ਦੀ ਵਿਕਾਸ ਸ਼ਰਮਾ ਤੋਂ 'ਵਿਕਾਸ ਬਾਪੂ' ਤੇ ਵਿਕਾਸ ਬਾਪੂ ਤੋਂ 'ਜਗਤ ਬਾਪੂ' ਬਣਨ ਦੀ ਦਿਲਚਸਪ ਪ੍ਰਕਿਰਿਆ ਨੂੰ ਏਸੇ ਸੰਦਰਭ ਵਿਚ ਸਮਝਿਆ ਜਾ ਸਕਦੈ।

ਇੰਝ ਹੀ 'ਟੋਏ ਟਿੱਬੇ' ਕਹਾਣੀ ਦੇ ਕੇਂਦਰੀ ਪਾਤਰ ਅਹਿਮਦ ਸ਼ਾਹ ਉਰਫ ਅਲੀ ਗੋਪਾਲ ਸਿੰਘ ਦੇ ਯਤੀਮ ਤੋਂ 'ਸਰਦਾਰ ਸਾਹਿਬ' ਤਕ ਬਣ ਜਾਣ ਦੇ ਜੀਵਨ ਪ੍ਰਸੰਗਾਂ ਨੂੰ ਵਾਚਿਆਂ ਪਤਾ ਚਲਦਾ ਹੈ ਕਿ ਉਹ ਵੀ ਕੰਮ-ਧੰਦੇ ਦੀ ਭਾਲ਼ ਵਿਚ ਪਿੰਡ ਤੋਂ ਦਿੱਲੀ ਤੇ ਫਿਰ ਦਿੱਲੀ ਤੋਂ ਰਾਂਚੀ ਜਾਂਦਾ ਹੈ। ਉਸਦਾ ਜ਼ਿੰਦਗੀ ਜਿਉਣ ਦਾ ਸਲੀਕੇ ਭਰਪੂਰ ਵਤੀਰਾ ਤੇ ਆਸ਼ਾਵਾਦੀ ਦ੍ਰਿਸ਼ਟੀਕੋਣ ਉਸਨੂੰ ਕਿਤੇ ਦਾ ਕਿਤੇ ਪਹੁੰਚਾ ਦਿੰਦਾ ਹੈ। ਮਾਨਵਤਾਵਾਦੀ ਕਦਰਾਂ-ਕੀਮਤਾਂ ਤਹਿਤ ਸੇਵਾ ਸਿੰਘ ਤੇ ਉਸਦੀ ਪਤਨੀ ਉਸਨੂੰ ਆਪਣੇ ਸਕੇ ਬੱਚਿਆਂ ਤੋਂ ਵੀ ਵੱਧ ਪਿਆਰਦੇ ਹੋਏ ਉਸਨੂੰ ਉਹਨਾਂ ਵਾਂਗ ਹੀ ਪਾਲ਼ਦੇ-ਪੋਸਦੇ ਤੇ ਵੱਡਾ ਕਰਦੇ ਹਨ। ਉਸਨੂੰ ਦਿੱਲੀ ਵੀ ਓਹੀਓ ਭੇਜਦੇ ਹਨ। ਆਪਣੀ ਸਿੱਖ ਮਰਯਾਦਾ ਦਾ ਪੱਕਾ ਮੁੱਦਈ ਬਣਾਉਣ ਵਿਚ ਉਸਦੀ ਨਵੀਂ ਮਾਂ ਯਾਨੀ ਸੇਵਾ ਸਿੰਘ ਦੀ ਪਤਨੀ ਕੋਈ ਕਸਰ ਨਹੀਂ ਛੱਡਦੀ। ਗੋਪਾਲ ਦੇ ਜੀਵਨ-ਬਿਰਤਾਂਤ ਨੂੰ ਨਾਵਲਕਾਰ ਨੇ ਸੰਨ ਸੰਤਾਲੀ, ਚੁਰਾਸੀ ਤੇ ਨੀਲਾ ਤਾਰਾ ਅਪਰੇਸ਼ਨ ਦੌਰਾਨ ਵਾਪਰੀਆਂ ਘਟਨਾਵਾਂ ਕਾਰਨ ਉਪਜੇ ਦੇਸ਼ ਵਿਆਪੀ ਦੁਖਾਂਤਕ ਮਾਹੌਲ ਵਿਚ ਰੱਖ ਕੇ ਸਿਰਜਦਿਆਂ ਇਸ ਪਹਿਲੂ ਦਾ ਵੀ ਧਿਆਨ ਰੱਖਿਆ ਹੈ ਕਿ ਨਾਵਲ ਦੁਖਾਂਤ ਦੇ ਨਾਲ ਨਾਲ ਸੁਖਾਂਤ ਦੀ ਵਿਧਾ ਵੀ ਜਾਪੇ। ਦੁਖਾਂਤ ਦਾ ਘੇਰਾ ਸਮੂਹਕ ਹੈ ਤੇ ਸੁਖਾਂਤ ਦਾ ਵਿਅਕਤੀਗਤ। ਸੁਖਾਂਤ ਨੂੰ ਦੁਖਾਂਤ ਦੀ ਨੀਂਹ ਉੱਤੇ ਟਿਕਾਅ ਕੇ ਪੇਸ਼ ਕਰਨ ਦਾ ਕ੍ਰਿਸ਼ਮਾ ਗੁਲਜ਼ਾਰ ਸਿੰਘ ਸੰਧੂ ਵਰਗਾ ਸਮਰੱਥ ਗਲਪਕਾਰ ਹੀ ਕਰ ਸਕਦਾ ਹੈ। ਨਾਵਲ ਵਿਚੋਂ ਇਕ ਵੇਰਵਾ ਮਿਸਾਲ ਲਈ ਇਹ ਲਿਆ ਜਾ ਸਕਦਾ ਹੈ : ਜਦੋਂ ਟਰੱਕ ਡਰਾਈਵਰ ਮਹਾਂਰਾਸ਼ਟਰ ਦੀ ਇਕ ਨੌਜਵਾਨ ਕੁੜੀ ਨੂੰ ਭੁਚਲਾ ਕੇ ਮੁੰਬਈ ਤੋਂ ਦਿੱਲੀ ਆਉਂਦੇ ਸਮੇਂ ਆਪਣੇ ਨਾਲ ਬਿਠਾ ਲਿਆਉਂਦਾ ਹੈ ਤੇ ਉਹ ਉਸਦੇ ਪੈਸੇ ਵੱਟਣਾ ਚਾਹੁੰਦਾ ਹੈ। ਮੁੱਲ ਖਰੀਦੀ ਉਹ ਕੁੜੀ ਹੀ ਗੋਪਾਲ ਸਿੰਘ ਦੀ ਪਤਨੀ ਬਣਦੀ ਹੈ। ਉਸ ਕੁੜੀ ਦੇ ਦਰਦ ਦੀ ਲੁਕਾ-ਛਿਪੀ ਖੇਡ ਕਾਰਨ ਨਾਵਲ ਸੁਖਾਂਤਕ ਭਾਹ ਮਾਰਨ ਲੱਗ ਪੈਂਦਾ ਹੈ। ਅਜਿਹੇ ਹੋਰ ਅਨੇਕਾਂ ਨਿੱਕੇ-ਨੰਨ੍ਹੇ ਵੇਰਵੇ ਇਸ ਨਾਵਲ ਵਿਚ ਤਾਂ ਵਿਦਮਾਨ ਹਨ ਹੀ, ਦੂਸਰੇ ਤਿੰਨਾਂ ਨਾਵਲਾਂ ਦੀ ਥੀਮ ਵਿਚ ਰੀਮ ਬਣ ਕੇ ਵੀ ਰਮੇ ਹੋਏ ਹਨ।

ਗੁਲਜ਼ਾਰ ਸਿੰਘ ਸੰਧੂ ਦੇ ਦ੍ਰਿਸ਼ਟੀਗਤ ਪਾਸਾਰਾਂ ਵਿਚ ਦੁਖਾਂਤ ਮਨੁੱਖਤਾ ਦਾ ਨਾਸ਼ਕ ਹੈ ਤੇ ਸੁਖਾਂਤ ਦਾਰੂ। ਲੋੜਵੰਦਾਂ ਦੇ ਹੱਕ 'ਚ ਖਲੋਣਾ ਹੀ ਮਨੁੱਖਾ-ਧਰਮ ਹੈ। ਧਾਰਮਿਕ ਸੰਸਥਾਨਾਂ 'ਤੇ ਜਾਣ ਨਾਲ ਨਹੀਂ ਬਲਕਿ ਮਨੁੱਖ ਮਾਤਰ ਦੀ ਸੇਵਾ ਤੋਂ ਹੀ ਇਸਦੀ ਪ੍ਰਾਪਤੀ ਹੋ ਸਕਦੀ ਹੈ।

ਮਨੁੱਖਤਾ ਦੀ ਸੇਵਾ ਵਿਚ ਰੰਗੀ ਰੂਹ ਹੀ ਰੱਬ ਦਾ ਦੀਦਾਰ ਹੈ। ਇਉਂ ਵਿਕਾਸ, ਨੂਰਾਂ, ਗੋਪਾਲ ਤੇ ਰੰਜਨਾ ਵਰਗੇ ਪਾਤਰ ਸਾਕਾਰ ਰੱਬ ਬਣੇ ਨਜ਼ਰ ਆਉਂਦੇ ਹਨ। ਐਪਰ, ਸਦੀਆਂ ਤੋਂ ਰੱਬ ਦੇ ਨਾਂ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿਚ ਮਨੁੱਖਾਂ ਨੂੰ ਲੁੱਟਣ ਤੇ ਅਸ਼ਾਂਤ ਕਰਨ ਲਈ ਕੀਤੀ ਜਾਂਦੀ ਰਹੀ ਹੈ। ਏਸੇ ਕਰਕੇ 'ਇਕ ਜਿਸਮ ਦੋ ਜਾਮੇ' ਵਾਲੀ ਨੂਰਾਂ ਤੋਂ ਚੰਨ ਕੌਰ ਬਣੀ ਚੰਨੋ ਦੇ ਮਨ 'ਚ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਧਰਮ ਅਸਥਾਨ ਉਸਨੂੰ ਕੀ ਦੇ ਸਕਦੇ ਹਨ। 'ਟੋਏ ਟਿੱਬੇ' ਦਾ ਦੰਪਤੀ ਜੋੜਾ ਵੀ ਅੰਤ ਭਾਂਤ ਸੁਭਾਂਤੇ ਰੱਬਾਂ ਤੋਂ ਮੁਨਕਰ ਹੁੰਦਾ ਵਿਖਾਈ ਦਿੰਦਾ ਹੈ। ਏਸੇ ਤਰ੍ਹਾਂ 'ਗੁੱਡ ਬਾਇ' ਦੀ ਰੰਜਨਾ ਅਛੋਪਲੇ ਹੀ ਕਿਸੇ ਵੀ ਧਾਰਮਿਕ ਡੇਰੇ ਦੀ ਜ਼ਿੰਦਗੀ ਨੂੰ ਮਾਨਣ ਨਾਲੋਂ ਮਨੁੱਖ ਨੂੰ ਆਪਣੀ ਆਤਮਾ ਦੀ ਆਵਾਜ਼ ਸਿਆਨਣ ਦਾ ਪਾਠ ਪੜ੍ਹਾ ਦਿੰਦੀ ਹੈ।

'ਗੁੱਡ ਬਾਇ' ਨਾਵਲ ਦੀ ਕਹਾਣੀ ਦਾ ਪਿਆਰ ਪ੍ਰਸੰਗ ਸਿਰਜਣ ਲਈ ਗਲਪਕਾਰ ਨੇ ਇਸ ਵਿਚ ਪਿਆਰ ਦੀ ਲੀਕ ਵਾਹ ਕੇ ਇਸਦੇ ਉਰੇ ਰਾਵਲ ਦੇ ਰੂਪ ਵਿਚ ਪੂੰਜੀਵਾਦੀ ਸੰਸਕ੍ਰਿਤੀ ਦੇ ਪਦਾਰਥਕ ਤੇ ਵਿਅਕਤੀਵਾਦੀ ਹਿਤਾਂ ਨੂੰ ਖੜ੍ਹੇ ਕੀਤਾ ਹੈ, ਤੇ ਪਰੇ ਰੰਜਨਾ ਦੇ ਰੂਪ ਵਿਚ ਨਾਰੀ ਸੁਤੰਤਰਤਾ ਦੀ ਜੀਵਨ-ਧਾਰਾ ਨੂੰ। ਇਹਨਾਂ ਦੋਹਾਂ ਵਿਰੋਧੀ ਸੋਚਾਂ ਦੀ ਕਲਾਤਮਕ ਖਹਿਬਾਜ਼ੀ ਜਿੱਥੇ ਨਾਵਲ ਦਾ ਰੂਪ-ਸਿਰਜਣ ਦੀ ਕਾਰਕ ਸ਼ਕਤੀ ਬਣਦੀ ਹੈ ਉੱਥੇ ਨਾਵਲ ਦੇ ਕੀਤੇ 'ਗੁੱਡ ਬਾਇ' ਦੇ ਨਾਮਕਰਣ ਨੂੰ ਵੀ ਪੁਸ਼ਟ ਕਰਦੀ ਹੈ। ਰੰਜਨਾ ਤੇ ਰਾਵਲ ਦੇ ਆਪਸੀ ਸੰਬੰਧਾਂ 'ਚੋਂ ਦਿੱਲੀ ਮਹਾਂਨਗਰ ਦਾ ਮੱਧਵਰਗੀ ਰੁਮਾਂਸ ਝਲਕਾਂ ਮਾਰਦਾ ਹੈ। ਇਹੋ ਰੁਮਾਂਸ ਜਦ ਯਥਾਰਥਕ ਰੂਪ ਧਾਰ ਕੇ ਸਾਹਵੇਂ ਆਉਂਦਾ ਹੈ ਤਾਂ ਭਾਰਤੀ ਸਭਿਆਚਾਰਕ ਸੋਚ ਨੂੰ ਸਾਕਾਰ ਕਰਨੋਂ ਨਹੀਂ ਰਹਿੰਦਾ। ਇਸ ਵਿਚਾਰ ਦੀ ਪੁਸ਼ਟੀ ਲਈ ਨਾਵਲੀ ਬਿਰਤਾਂਤ ਦੀਆਂ ਇਹ ਚੰਦ ਕੁ ਸਤਰਾਂ ਹੀ ਕਾਫੀ ਹਨ: "ਬੰਦੇ ਦਾ ਸਭ ਤੋਂ ਮਨੋਵਿਗਿਆਨਕ ਡਾਕਟਰ ਤਾਂ ਬੰਦੇ ਦਾ ਉਹ ਸਾਥੀ ਹੀ ਹੁੰਦਾ ਹੈ ਜਿਸ ਦੇ ਸਾਹਾਂ ਵਿਚ ਸਾਹ ਘੁਲ਼ੇ ਹੋਣ। ਇਹ ਉਸੇ ਦਾ ਫਰਜ਼ ਬਣਦਾ ਹੈ ਕਿ ਉਹ ਦੁਖਦੀ ਰਗ ਨੂੰ ਪਛਾਣੇ ਤੇ ਉਸਦਾ ਦਾਰੂ ਕਰੇ"। ਪਤੀ ਤੇ ਪਤਨੀ ਦੇ ਰੂਪ ਵਿਚ ਜੇ ਔਰਤ ਤੇ ਮਰਦ ਇਹ ਰਗ ਪਛਾਣ ਨਹੀਂ ਸਕਦੇ ਤਾਂ ਰੰਜਨਾ ਤੇ ਰਾਵਲ ਵਾਂਗ ਉਹਨਾਂ ਦਾ ਇਕ ਦੂਜੇ ਨੂੰ 'ਗੁੱਡ ਬਾਇ' ਕਹਿਣਾ ਕੋਈ ਵੱਡੀ ਗੱਲ ਨਹੀਂ ਹੈ। ਪਰ ਰਾਵਲ ਦੀ ਮਰਦਾਵੀਂ ਧੌਂਸ ਇਸ ਗੱਲ ਨੂੰ ਕਬੂਲ ਕਰਨ ਲਈ ਤਿਆਰ ਹੀ ਨਹੀਂ ਹੈ। ਉਹ ਰੰਜਨਾ ਨੂੰ ਆਪਣੇ ਨਾਲੋਂ ਕਮਜ਼ੋਰ ਸਮਝਦਾ ਹੈ। ਇਕ ਗਲਪਕਾਰ ਵਜੋਂ ਗੁਲਜ਼ਾਰ ਸੰਧੂ ਔਰਤ-ਮਰਦ ਸੰਬੰਧਾਂ ਦੇ ਮਾਨਸਿਕ ਧਰਾਤਲਾਂ ਨੂੰ ਯਥਾਰਥਕ ਪੱਧਰ ਉੱਤੇ ਆਸ਼ਾਵਾਦੀ ਨਜ਼ਰੀਏ ਨਾਲ ਪੁਣ-ਛਾਣ ਕੇ ਆਪਣੇ ਗਲਪ ਦਾ ਵਸਤੂ ਬਣਾਉਂਦਾ ਹੈ।

ਹੱਥਲੀ ਪੁਸਤਕ ਵਿਚ ਦਰਜ ਚਾਰਾਂ ਨਾਵਲਾਂ ਨੂੰ ਦੀਰਘ-ਦ੍ਰਿਸ਼ਟੀ ਨਾਲ ਤੱਕਿਆਂ ਪਤਾ ਚਲਦਾ ਹੈ ਕਿ ਗੁਲਜ਼ਾਰ ਸਿੰਘ ਸੰਧੂ ਨੂੰ ਇਤਿਹਾਸ, ਰਾਜਨੀਤੀ,ਫਲਸਫੇ,ਮਨੋਵਿਗਿਆਨ ਅਤੇ ਸਮਾਜ-ਸ਼ਾਸਤਰ ਦੀ ਸਹਿਜ ਸੋਝੀ ਹੈ। ਇਸ ਸੋਝੀ ਦੇ ਆਧਾਰ ਉੱਤੇ ਉਸਨੂੰ ਆਪਣੀ ਇਕ ਅਜਿਹੀ ਮੌਲਿਕ ਰਚਨਾ-ਦ੍ਰਿਸ਼ਟੀ ਦਾ ਨਿਰਮਾਣ ਕਰਨਾ ਵੀ ਆਉਂਦਾ ਹੈ, ਸੰਕੇਤਕਤਾ, ਸੰਖਿਪਤਤਾ ਤੇ ਸਪਸ਼ਟਤਾ ਜਿਸਦੇ ਪ੍ਰਮੁੱਖ ਲੱਛਣ ਹਨ। ਉਸਦੀ ਭਾਸ਼ਾ-ਸ਼ੈਲੀ ਨਿਰਾਲੀ ਹੈ, ਰੌਚਿਕ ਹੈ, ਰਸ ਭਰਪੂਰ ਹੈ। ਇਸ ਪੁਸਤਕ ਵਿਚ ਸ਼ਾਮਲ ਆਕਾਰ ਪੱਖੋਂ ਛੋਟੇ ਚਾਰਾਂ ਨਾਵਲਾਂ ਦਾ ਕੈਨਵਸ ਬਹੁਤ ਵਿਸ਼ਾਲ ਹੈ। ਏਨਾ ਵਿਸ਼ਾਲ ਕਿ ਇਸ ਉੱਤੇ ਖੋਜ-ਨਿਬੰਧ ਤਾਂ ਕੀ, ਇਕ ਖੋਜ-ਪ੍ਰਬੰਧ ਵੀ ਬਣ ਸਕਦਾ ਹੈ।

**-ਚੰਦਰ ਮੋਹਨ**

## ਉਸ ਨੇ ਕਿਹਾ (ਕਵਿਤਾ) ਸੁਰਿੰਦਰ ਗਿੱਲ

ਪਿਛਲੀ ਸਦੀ ਦੇ ਸੱਠਵਿਆਂ ਵਿਚ ਪੰਜਾਬੀ ਦੇ ਜਿਹੜੇ ਕਵੀ ਆਪੋ-ਆਪਣੀ ਉਤਮਤਾ ਸਦਕਾ ਪੰਜਾਬੀ ਕਾਵਿ-ਜਗਤ ਵਿਚ ਛਾਏ, ਉਨ੍ਹਾਂ ਵਿਚ ਸੁਰਿੰਦਰ ਗਿੱਲ ਦਾ ਨਾਂ ਪਹਿਲੇ ਨੰਬਰ 'ਤੇ

ਆਉਂਦਾ ਹੈ। ਪ੍ਰਗਤੀਵਾਦ ਦੇ ਦੌਰ ਵਿਚ ਉਸ ਨੇ ਵਿਸ਼ਵ ਪੀੜਾ ਨੂੰ ਆਪਣੇ ਮਨ ਦੀ ਪੀੜਾ ਦਾ ਹੋਕਾ ਦੇ ਕੇ ਉਭਾਰਿਆ। ਉਹ ਚਾਨਣਾਂ ਦੇ ਛੱਟੇ ਦੀ ਹੇਕ ਲਾਉਂਦਾ ਕਵੀ ਦਰਬਾਰਾਂ ਵਿਚ ਜਾਂਦਾ ਤਾਂ ਤਾਲੀਆਂ ਦਾ ਅੰਤ ਨਾ ਰਹਿੰਦਾ। 'ਰਾਹ ਤੇ ਸੂਰਜ', 'ਸੱਚ ਦਾ ਸੂਰਜ' ਤੇ 'ਸਾਲ ਮੁਬਾਰਕ' ਵਰਗੀਆਂ ਕਵਿਤਾਵਾਂ ਵਿਚ ਉਹ ਸੂਹੇ ਸੂਰਜ ਦੀ ਰੋਸ਼ਨੀ ਦਾ ਸੁਨੇਹਾ ਲੈ ਕੇ ਅੱਗੇ ਵਧਦਾ ਤਾਂ 'ਸੁੰਨੀਆਂ ਛੱਤਾਂ ਹੇਠ ਕੈਦ ਮੁਸਕਾਨਾਂ' ਆਪਣੀ ਜ਼ਿੰਦਗੀ ਦੇ 'ਮਹਿੰਗੇ ਪਲਾਂ ਨੂੰ ਸਸਤੇ ਭਾਅ ਸੁੱਟਣ' ਦੀ ਥਾਂ ਗਲੀ ਵਿਚ ਆ ਜਾਂਦੀਆਂ ਅਤੇ ਉਹ ਲਿਖਦਾ:

*ਕਦੇ-ਕਦੇ ਜੇ ਮੈਂ ਥੱਕ ਜਾਂਦਾ*
*ਟਿੱਬਿਆਂ 'ਤੇ ਤੁਰਨੋਂ ਅੱਕ ਜਾਂਦਾ*
*ਮੇਰਾ ਸੂਰਜ, ਮੇਰੇ ਮੋਢੇ 'ਤੇ ਹੱਥ ਧਰ ਕੇ*
*ਬੋਲਾਂ ਵਿਚ ਮੋਹ ਮਮਤਾ ਭਰ ਕੇ*
*ਜ਼ਿੰਦਗੀ ਦੀ ਧੁੱਪ ਸਾਹਵੇਂ ਲੜਨਾ ਦੱਸਦਾ*
*ਟੋਇਆਂ ਵਿਚੋਂ ਲੰਘਣਾ, ਟਿੱਬੇ ਚੜ੍ਹਨਾ ਦੱਸਦਾ*

ਉਸ ਦੀ ਚਾਨਣ ਵੰਡਦੀ ਕਵਿਤਾ ਕੰਡਿਆਲੀਆਂ ਥੋਹਰਾਂ ਨੂੰ ਆਪਣੇ ਪੈਰਾਂ ਥੱਲੇ ਮਧੋਲਦੀ ਅੱਗੇ ਵਧ ਰਹੀ ਸੀ ਤਾਂ ਉਸ ਨੂੰ ਬੁੱਲੇ ਦੇ ਅਜਿਹੇ ਰੋਗ ਨੇ ਘੇਰ ਲਿਆ ਕਿ ਉਸ ਦੀ ਸੁਰਤੀ, ਚੇਤੇ ਤੇ ਭਾਵਨਾ ਦੇ ਪੈਰ ਉਖੜ ਗਏ। ਉਸ ਦੇ ਮਨ ਦੀ ਕਾਵਿ-ਪਰੀ ਵੀ ਉਹਦੇ ਨਾਲ ਰੁੱਸ ਗਈ।

'ਉਸ ਨੇ ਕਿਹਾ' (ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ, ਪੰਨੇ 112, ਮੁੱਲ 200 ਰੁਪਏ) ਪਿਛਲੇ ਸਾਲਾਂ ਵਿਚ ਛਪੇ ਉਨ੍ਹਾਂ ਸੰਗ੍ਰਹਿਆਂ ਦੀ ਹੀ ਲੜੀ ਹੈ ਜਿਨ੍ਹਾਂ ਵਿਚ ਉਸ ਨੇ ਆਪਣੇ ਚੇਤੇ ਨੂੰ ਖੁਰੇਦ ਕੇ ਅਤੇ ਸੁਰਤੀ ਨੂੰ ਟਿਕਾ ਕੇ ਲੰਘੇ ਵਰ੍ਹਿਆਂ ਦੇ ਅਣਮੰਗੇ ਪਲਾਂ ਨੂੰ ਭੁਲਾਉਣ ਦਾ ਪ੍ਰਣ ਲਿਆ ਹੈ। 2018 ਦੇ ਮਈ ਮਹੀਨੇ ਵਿਚ ਉਪਰਥਲੀ ਲਿਖੀਆਂ ਇੱਕ ਦਰਜਨ ਕਵਿਤਾਵਾਂ ਦਾ ਸੰਦੇਸ਼ ਇਹੀਓ ਹੈ:

*ਆਓ ਹੁਣ ਗੀਤ ਨੂੰ ਕਹੀਏ*
*ਉਹ ਕਿਧਰੇ ਖਿਸਕ ਜਾਵੇ*
*ਲੁਕ ਛਿਪ ਜਾਵੇ*
*ਆਪਣਾ ਸਵੈਮਾਨ ਰੱਖੇ, ਆਪਣੀ ਇੱਜ਼ਤ ਬਚਾਵੇ*

ਪਰ ਚੰਗੀ ਗੱਲ ਇਹ ਹੈ ਕਿ ਉਹ ਨਿਰਾਸ਼ ਨਹੀਂ

*ਹੁਣ ਜਦੋਂ ਆਪਾਂ ਮਿਲਾਂਗੇ*
*ਕਲਯੁਗ ਬਣ ਕੇ ਕਿਰ ਗਏ*
*ਮਹਿੰਗੇ ਵਰ੍ਹਿਆਂ ਨੂੰ ਰੋਵਾਂਗੇ*
*ਉਹ ਪਲ ਸਾਂਭਣ-ਯੋਗ ਹੋਣਗੇ*
*ਉਹ ਪਲ ਕਦੀ ਨਹੀਂ ਭੁੱਲਣਗੇ*
*ਹੁਣ ਕਦੇ ਜੇਕਰ ਮਿਲਾਂਗੇ*

ਚੰਗੀ ਗੱਲ ਇਹ ਕਿ ਉਸ ਨੇ ਆਪਣੇ ਹੱਥਲੇ ਸੰਗ੍ਰਹਿ ਦੀ ਉਸ ਕਵਿਤਾ ਨੂੰ ਸਰਤਾਜ ਮੰਨਿਆ ਹੈ ਜਿਸ ਵਿਚ ਖੇਤਾਂ ਵਿਚ ਕੰਮ ਕਰਨ ਵਾਲਾ ਬੰਦਾ ਕਿਸੇ ਨਿੱਕੇ ਕੱਦ ਵਾਲੇ ਨੂੰ ਹੌਸਲਾ ਦੇਣ ਲਈ ਕਹਿੰਦਾ ਹੈ:

*ਦੇਖ ਪੁੱਤਰਾ! ਦੇਖ! ਅਹੁ ਚੱਪਾ ਕੁ ਛੈਣੀ*
*ਸਿਰ 'ਤੇ ਜੇ ਸੱਟ ਹਥੌੜੇ ਦੀ ਪਵੇ*
*ਤਾਂ ਵੱਡੇ ਗਾਡਰਾਂ ਨੂੰ ਕੱਟ ਸੁੱਟਦੀ ਹੈ*

*ਆਪਣੀ ਪਾਟੀ ਜੇਬ, ਨਿੱਕੇ ਕੱਦ ਦਾ ਗ਼ਮ ਨਾ ਕਰੀਂ*
*ਚੇਤਨ ਰਹੀਂ, ਛੈਣੀ ਬਣੀਂ*

ਉਸ ਦਾ ਕਿਹਾ ਸਿਰ ਮੱਥੇ ਪਰ ਉਮਰ ਦਾ ਅੱਠਵਾਂ ਦਹਾਕਾ ਉਸ ਦੀ ਪੇਸ਼ ਨਹੀਂ ਜਾਣ ਦਿੰਦਾ, ਉਹ ਆਪਣੇ ਆਪ ਨੂੰ ਸਮਝਾਉਂਦਾ ਹੈ:

*ਐਵੇਂ ਪਛਤਾਵੇ ਦਾ ਦੀਰਘ ਰੋਗ ਨਾ ਲਾ*
*ਉਮਰ ਦੇ ਅੱਠਵੇਂ ਦਹਾਕੇ ਵਿਚ ਪਹੁੰਚ ਕੇ*
*ਇਸ ਤਰ੍ਹਾਂ ਕੁਝ ਸੋਚਣਾ ਵਿਅਰਥ ਹੈ*
*ਆਪਣੇ ਹੀ ਪਹਿਰਣਾਂ ਦੀ ਅੱਗ ਸੇਕਣ ਵਾਂਗ ਹੈ*

ਫੇਰ ਵੀ ਕਵੀ ਦਾ ਮਨ ਵਾਸਤਾ ਪਾਉਣ ਤੋਂ ਉੱਕਾ ਨਹੀਂ ਝਿਜਕਦਾ:

*ਆਹ ਚੁੱਕ ਆਪਣੇ ਰੰਗ, ਖ਼ੁਸ਼ਬੋਈ*
*ਮੋਹ ਦਾ ਨਿੱਘ ਤੇ ਕੂਲ਼ੀ ਲੋਈ*
*ਮੈਨੂੰ ਮੇਰਾ ਪਹਿਲ ਪਲੇਠਾ ਗੀਤ ਮੋੜ ਦੇ*
*ਅਜੇ ਤਾਂ ਅੱਖਾਂ ਹੀ ਚੁੰਧਿਆਈਆਂ*
*ਬਚ ਗਈਆਂ ਹਿਰਦਿਕ ਡੂੰਘਾਈਆਂ*
*ਹਾਂ ਪਰ ਥੋੜ੍ਹਾ ਦਿਲ ਟੁੱਟਿਆ ਹੈ, ਜੋੜ ਸਕੇਂ ਤਾਂ ਜੋੜ ਦੇ*

ਸ਼ਾਇਰ ਉਮਰਾ ਦੇ ਅੱਠਵੇਂ ਦਹਾਕੇ ਦੀ ਸੋਚ ਨੂੰ ਛੱਡਣ ਹਿਤ ਕਈ ਤਰ੍ਹਾਂ ਦੇ ਉਪਾਅ ਕਰਦਾ ਹੈ ਤੇ ਵਾਰ-ਵਾਰ ਕਰੀ ਜਾਂਦਾ ਹੈ:

*ਥੱਕ ਟੁੱਟ ਕੇ ਸੌਣ ਲੱਗੀਆਂ ਯਾਦਾਂ ਤੇ ਕਸਕਾਂ ਨੂੰ*
*ਉੱਚੀ ਸੁਰ ਵਿਚ ਗਾ ਕੇ ਨਾ ਤੜਪਾਇਆ ਕਰ ਤੂੰ ਆਖਣ ਵੇਲੇ*
*ਇਕ ਨਹੀਂ ਮੇਰੇ ਸਿਰ 'ਤੇ ਤਾਂ ਤੇਤੀ ਤਲਵਾਰਾਂ ਨੇ*
*ਸਰਦਲ ਪਾਸੋਂ ਲੰਘਦੇ ਝਾਤ ਨਾ ਪਾਇਆ ਕਰ ਤੂੰ ਆਖਣ ਵੇਲੇ*
*ਇਹ ਹੀ ਰੁੱਤ ਹੁੰਦੀ ਹੈ ਮਿਲੀਏ ਪਿਆਰ 'ਚ ਰੰਗੇ ਜਾਈਏ*
*ਸੂਰਜ ਵਾਂਗੂ ਡੁੱਬ ਨਾ ਜਾਇਆ ਕਰ ਤੂੰ ਆਥਣ ਵੇਲੇ*

ਸੁਰਿੰਦਰ ਗਿੱਲ ਦੀ ਸੁਰਤੀ, ਸੇਧ ਤੇ ਸਹਿਜ ਕਿੰਨੀ ਵੀ ਉਖੜੀ ਹੋਈ ਕਿਉਂ ਨਾ ਹੋਵੇ, ਅਗਸਤ 2018 ਨੂੰ ਮੁਹਾਲੀ ਵਾਲੇ ਘਰ ਬੈਠ ਕੇ ਲਿਖੀਆਂ ਇਹ ਸਤਰਾਂ ਦੱਸਦੀਆਂ ਹਨ ਕਿ ਕਵਿਤਾ ਦਾ ਕਣ ਕਾਇਮ ਹੈ, ਜਿਸ ਤੋਂ ਆਸ ਬੱਝਦੀ ਹੈ ਕਿ ਉਹ ਹਾਲੀ ਵੀ ਚਾਨਣ ਦਾ ਛੱਟਾ ਦੇ ਸਕਦਾ ਹੈ ਤੇ ਦੇਵੇਗਾ:

*ਕੱਲ੍ਹ ਵਾਂਗੂੰ ਯਾਦ ਨੇ ਉਹ ਦਿਨ ਅੱਧੀ ਸਦੀ ਦੇ*
*ਤੂੰ ਮੇਰੇ ਸੰਗ ਤੁਰਦੀ*
*ਤਾਂ ਕਈ ਲੋਕਾਂ ਦੇ ਮਨ ਵਿਚ ਗਸ਼ ਜਿਹੀ ਪੈਂਦੀ*
*ਜਵਾਨ ਟੋਲੀਆਂ ਨੂੰ ਗੱਲ ਭੁੱਲ ਜਾਂਦੀ*
*ਠਹਾਕੇ, ਲੁੱਚੀਆਂ ਗੱਲਾਂ, ਕਹਿਕਹੇ ਮੌਨ ਹੋ ਜਾਂਦੇ*
*ਘਾਹ ਦੀਆਂ ਪੱਤੀਆਂ ਤੇਰੇ ਪੈਰਾਂ 'ਚ ਵਿਛ-ਵਿਛ ਜਾਂਦੀਆਂ*
*ਕਿਸੇ-ਕਿਸੇ ਦਿਲ ਸਾੜੇ ਦੀ ਭੱਠੀ ਭੜਕਦੀ*
*ਤੇਰੀ ਪਿਆਰੀ ਆਵਾਜ਼ ਤੇ ਮੁਸਕਾਣ ਚਮਕਦੀ*

ਚੇਤੇ ਰੱਖਣ ਵਾਲੀ ਗੱਲ ਤਾਂ ਇਹ ਹੈ ਕਿ ਜੋ ਉਸ ਨੇ ਕਿਹਾ ਹੈ, ਠੀਕ ਹੀ ਕਿਹਾ ਹੈ, ਉਸ ਦੇ ਪਾਠਕੋ!

**-ਗੁਲਜ਼ਾਰ ਸਿੰਘ ਸੰਧੂ**

## ਮਧੂਕਰੀ (ਕਵਿਤਾ) ਬਲਵਿੰਦਰ ਸੰਧੂ

*ਫੁੱਲ ਨੂੰ ਫ਼ਲ ਲਿਖਦਿਆਂ/ਔਂਕੜ ਤੇ ਅੱਧਕ ਲਹਿ ਜਾਂਦਾ...*
*ਪੂਰਣਤਾ- ਕੁਝ ਲਾਉਣ ਜਾਂ ਜੋੜਨ 'ਚ ਹੀ ਨਹੀਂ*
*ਕੁਝ ਲਾਹੁਣ/ਕੁਝ ਝਾੜਨ ਵਿਚ ਵੀ ਹੁੰਦੀ।*

ਇਹ ਬਲਵਿੰਦਰ ਸੰਧੂ ਦੀ ਕਵਿਤਾ ਦਾ ਰੰਗ ਹੈ ਜਿਹੜਾ ਉਹਦੀ ਨਵੀਂ ਪੋਥੀ 'ਮਧੂਕਰੀ' ਅੰਦਰ ਧੂੜਿਆ ਹੋਇਆ ਹੈ। 'ਮਧੂਕਰੀ' (ਪੰਨੇ 112, ਮੁੱਲ 180 ਰੁਪਏ, ਚੇਤਨਾ ਪ੍ਰਕਾਸ਼ਨ ਲੁਧਿਆਣਾ) ਉਸ ਦਾ ਪੰਜਵਾਂ ਕਵਿਤਾ ਸੰਗ੍ਰਹਿ ਹੈ ਜੋ ਇਸੇ ਸਾਲ ਛਪਿਆ ਹੈ। ਇਸ ਤੋਂ ਪਹਿਲਾਂ ਉਹ 'ਇਕ ਗੀਤ ਅਧੂਰਾ' (1999), 'ਕੋਮਲ ਸਿੰਘ ਆਖਦਾ ਹੈ' (2002), 'ਘਾੜਤਿ' (2006) ਅਤੇ 'ਮੈਂ ਵੀ ਆਦਿ ਜੁਗਾਦਿ' (2013) ਨਾਲ ਪੰਜਾਬੀ ਕਾਵਿ-ਜਗਤ ਅੰਦਰ ਖ਼ੁਸ਼ਬੋ-ਭਿੰਨੀ ਅਤੇ ਨਿਵੇਕਲੀ ਹਾਜ਼ਰੀ ਲੁਆ ਚੁੱਕਾ ਹੈ। ਆਪਣੀ ਕਾਵਿ-ਸਿਰਜਣਾ ਅਤੇ 'ਮਧੂਕਰੀ' ਦਾ ਤੁਆਰਫ਼ ਉਹ ਇਉਂ ਕਰਵਾਉਂਦਾ ਹੈ: "ਮੇਰੇ ਲਈ ਕਵਿਤਾ ਦਾ ਕਾਰਜ 'ਮਧੂਕਰੀ' ਵਾਲਾ ਹੈ। ਆਮ ਕਰਕੇ 'ਮਧੂਕਰੀ' ਸ਼ਬਦ ਦੋ ਪ੍ਰਸੰਗਾਂ 'ਚ ਵਰਤਿਆ ਗਿਆ ਹੈ। ਪਹਿਲਾ ਕਿ ਤਰ੍ਹਾਂ-ਤਰ੍ਹਾਂ ਦਾ ਅਨਾਜ ਇਕੱਤਰ ਕਰਨਾ; ਜਿਵੇਂ ਕਬੀਰ ਨੇ ਆਪਣੇ ਇਕ ਦੋਹੇ ਵਿਚ ਵਰਤਿਆ ਹੈ (ਕਬੀਰ ਭਲੀ ਮਧੁਕਰੀ ਨਾਨਾ ਬਿਧਿ ਕੋ ਨਾਜੁ॥ ਦਾਵਾ ਕਾਹੂ ਕੋ ਨਹੀ ਬਡਾ ਦੇਸ ਬਡ ਰਾਜੁ॥)। ਦੂਜਾ ਜੋ ਪ੍ਰਥਮ ਅਰਥਾਂ 'ਚ ਹੈ, ਅਰਥਾਤ ਮਧੂ ਮੱਖੀਆਂ ਦਾ ਸ਼ਹਿਦ (ਮਧੂ) ਇਕੱਤਰ ਕਰਨਾ। ਜਿਵੇਂ ਸ਼ਹਿਦ ਦੀ ਮੱਖੀ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਤੋਂ ਰਸ ਲੈ ਕੇ, ਉਸ ਨੂੰ ਆਪਣੇ ਰਸਾਇਣਾਂ ਦੇ ਮੇਲ ਨਾਲ ਸ਼ਹਿਦ/ਮਧੂ 'ਚ ਬਦਲ ਇਕ ਥਾਵੇਂ ਇਕੱਤਰ ਕਰਦੀ ਹੈ, ਸ਼ਾਇਰ ਵੀ ਇੰਝ ਹੀ ਕਰਦੈ।"

'ਮਧੂਕਰੀ' ਮੂਲ ਰੂਪ ਵਿਚ ਕੁਦਰਤ ਦੀ ਮਹਿਮਾ ਹੈ। ਅੱਜ ਦੇ ਕਰੂਰ ਦੌਰ ਵਿਚ ਜਦੋਂ ਜੱਗ-ਜਹਾਨ ਦਾ ਸਭ ਤੋਂ ਵਿਕਸਿਤ ਜੀਵ- ਮਨੁੱਖ, ਵਿਕਾਸ ਦੇ ਨਾਂ 'ਤੇ ਕੁਦਰਤ ਦੀ ਜੜ੍ਹਾਂ ਪੋਲੀਆਂ ਕਰ ਰਿਹਾ ਹੈ ਤਾਂ ਸ਼ਾਇਰ ਦਾ ਐਲਾਨ ਕਿਤਾਬ ਦੀ ਪਿੱਠ ਉੱਤੇ ਇਉਂ ਸਜਦਾ ਬਣਦਾ ਹੈ:

*ਅੱਜ ਕੱਲ੍ਹ/ ਮੈਂ ਕਵਿਤਾ ਹੀ ਨਹੀਂ ਲਿਖਦਾ*
*ਧਰਤ ਦੀ ਹਿਫ਼ਾਜ਼ਤ ਲਈ/ ਜੰਗਲ ਦੀ ਵਕਾਲਤ ਕਰਦਾਂ*

ਸ਼ਾਇਰ ਦੀ ਇਹ ਸੁਰ ਪੂਰੀ ਕਿਤਾਬ ਅੰਦਰ ਕਵਿਤਾ ਅਤੇ ਕੁਦਰਤ ਦੇ ਇਕ-ਮਿਕ ਹੋਣ ਦਾ ਠੁੱਕ ਬੰਨ੍ਹਦੀ ਹੈ। ਪਹਿਲੀ ਹੀ ਕਵਿਤਾ 'ਇੰਝ ਵੀ ਲਿਖਾਂ' ਦੀਆਂ ਪਹਿਲੀਆਂ ਹੀ ਸਤਰਾਂ ਪੜ੍ਹੋ:

*ਬਾਗ਼ ਬਗੀਚੇ ਘੁੰਮਦਿਆਂ/ ਦੇਖਾਂ ਪੰਖਣੂਆਂ ਨੂੰ ਚੁਗਦਿਆਂ*
*ਕਦੇ ਰਾਹ ਬਦਲ ਲਵਾਂ.../ ਕਦੇ ਪਿਛਾਂਹ ਪਰਤ ਆਵਾਂ...*
*ਮੈਂ ਇੰਝ ਵੀ ਲਿਖਾਂ ਕਵਿਤਾ/ਇੰਝ ਵੀ ਗੀਤ ਗਾਵਾਂ*

ਸ਼ਾਇਰ ਧੁੱਪਾਂ ਪੀਂਦੇ ਜੰਡ ਦੇ ਮੁੱਢ ਆਪਣੇ ਪੀਣ ਲਈ ਰੱਖਿਆ ਪਾਣੀ ਡੋਲ੍ਹਦਾ ਹੈ, ਇਸੇ ਕਰਕੇ ਹੀ ਤਾਂ ਪੰਖੇਰੂ ਬਿਨ ਚੋਗ ਪਾਣੀਓ ਹੀ ਗੀਤ ਸੁਣਾ ਜਾਂਦੇ ਹਨ। ਇਸ ਮਨੋ-ਅਵਸਥਾ ਵਿਚ ਹੀ 'ਰੁੱਤਾਂ ਨੂੰ ਵਹੁਟੀਆਂ' ਅਤੇ 'ਮੌਸਮ ਨੂੰ ਕੰਤ' ਦੀ ਤਸ਼ਬੀਹ ਮਿਲਦੀ ਹੈ। ਕੋਇਲ ਤੋਂ ਕਾਲੀ ਰਾਤ ਵਿਚ ਅੰਬਰ, ਸੁਨਹਿਰੇ ਤਾਰਿਆਂ ਨਾਲ ਭਰੀ ਸਿਆਹ ਚੁੰਨੀ ਭਾਸਦਾ ਹੈ। ਅਜਿਹੀ ਮੜਕ ਨਾਲ ਹੀ ਉਹ ਕੁਦਰਤ ਦੇ ਦ੍ਰਿਸ਼ ਬੰਨ੍ਹਦਾ ਹੈ:

*ਬੁੱਢੇ ਬੋਹੜ ਦੇ ਟਾਹਣਾਂ ਗਿਰਦੇ/ ਵਲੀਆਂ ਸਨ ਕੁਝ ਏਕਣ ਦਾੜ੍ਹਾਂ*
*ਜਿਵ ਦਾਦੂ ਦੀਆਂ ਜੰਘਾਂ ਉੱਤੇ/ ਉੱਗ ਆਈਆਂ ਸਨ ਹਰੀਆਂ ਨਾੜਾਂ*
---
*ਕਦੇ ਕਦੇ ਉਨ੍ਹ ਟਿੱਬਿਆਂ ਵਿਚੋਂ/ ਉੱਠਦਾ ਸੀ ਕੋਈ ਵਾ-ਵਰੋਲਾ*
*ਜੀਕਣ ਧੁੱਪ ਵਿਚ ਪਾ ਮਧਾਣੀ/ ਰਿੜਕਣ ਬੈਠਾ ਹੋਵੇ ਮੌਲਾ*

ਅਜਿਹੀ ਕੁਦਰਤ ਮਹਿਮਾ/ਵਰਣਨ ਵਿਚੋਂ ਹੀ 'ਸਮਰਪਣ' ਵਰਗੀ ਸ਼ਾਹਕਾਰ ਕਵਿਤਾ ਪੁੰਗਰਦੀ ਹੈ, ਬੇਆਵਾਜ਼! ਇਹ ਉਹ ਕਵਿਤਾਵਾਂ ਹਨ ਜਿਹੜੀਆਂ ਪਾਠਕ ਨੂੰ ਉਂਗਲੀ ਫੜਾ ਕੇ ਨਾਲ ਲੈ ਤੁਰਦੀਆਂ ਹਨ। ਇਹ ਕਵਿਤਾਵਾਂ ਅਸਲ ਵਿਚ ਮਨੁੱਖ ਦੇ ਜ਼ਿਹਨ ਅੰਦਰ ਪਲਮਦੇ ਅਹਿਸਾਸ ਦੀਆਂ ਲੜੀਆਂ ਜੋੜਦੀਆਂ ਹਨ, ਲਗਾਤਾਰ, ਨਿਰਵਿਘਨ। *'ਅਸਮਾਨ 'ਚ ਸਲੇਟੀ ਮੇਘਲੇ ਹੁਕਮ ਦੀ ਉਡੀਕ 'ਚ ਨੇ', 'ਦੂਰ ਪਿਲਕਣ 'ਤੇ ਬੈਠੀ ਕੋਇਲ ਦਾ ਕੰਠ ਤਨਤਨਾਹ ਰਿਹਾ'*। ਫਿਰ ਜਦੋਂ ਸ਼ਾਇਰ ਸਾਗਰਾਂ ਨੂੰ ਬਿਰਧ ਆਖਦਾ ਹੈ ਤਾਂ ਪਾਠਕ ਤੋਂ ਉਂਗਲ ਛੁੱਟ ਜਾਂਦੀ ਹੈ। ਇਥੋਂ ਹੀ ਅਹਿਸਾਸ ਤੋਂ ਚਿੰਤਨ ਵੱਲ ਸਫ਼ਰ ਆਰੰਭ ਹੋ ਜਾਂਦਾ ਹੈ। ਪਾਠਕ ਦੀ ਤਾਂਘ ਇਕੋ ਝਟਕੇ ਨਾਲ ਤੂਈਆਂ ਬਣ ਖਲੋਂਦੀ ਹੈ ਅਤੇ ਸੋਚਾਂ ਦੀਆਂ ਕਰੂੰਬਲਾਂ ਫੁੱਟਣ ਲੱਗ ਪੈਂਦੀਆਂ ਹਨ। ਫਿਰ ਸ਼ਾਇਰ ਜਦੋਂ ਹਰੀ ਕ੍ਰਾਂਤੀ ਦੀ ਥਾਂ ਹਰੀ 'ਭ੍ਰਾਂਤੀ' ਸ਼ਬਦ ਦਰਜ ਕਰਦਾ ਹੈ ਤਾਂ ਕਵਿਤਾ ਦਾ ਰੰਗ-ਰੂਪ ਬਦਲ ਜਾਂਦਾ ਹੈ ਅਤੇ ਇਹ ਘੋਰ ਸਿਆਸੀ ਕਵਿਤਾ ਵਿਚ ਤਬਦੀਲ ਹੋ ਜਾਂਦੀ ਹੈ। 'ਸਰਹੱਦਾਂ ਤਾਂ ਸਰਾਲ੍ਹਾਂ ਹੁੰਦੀਆਂ...' ਵਰਗੀਆਂ ਸਤਰਾਂ ਕਪਾਟ ਖੋਲ੍ਹਦੀਆਂ ਹਨ। ਉਹ 'ਤਾਸ਼' ਦੇ ਬਹਾਨੇ/ਜ਼ਰੀਏ ਸੱਤਾ ਦੇ ਪੌਡਿਆਂ ਦੀ ਸ਼ਨਾਖ਼ਤ ਕਰਵਾ ਜਾਂਦਾ ਹੈ। ਇਨ੍ਹਾਂ ਕਵਿਤਾਵਾਂ ਅੰਦਰ ਕਹਾਣੀ ਦੀ ਤਾਣੀ ਵੀ ਐਨ ਬਰਾਬਰ ਤਣੀ ਹੋਈ ਹੈ। ਇਨ੍ਹਾਂ ਕਾਵਿ-ਕਹਾਣੀਆਂ ਦਾ ਅੰਤ ਸੱਚਮੁੱਚ ਸੋਚ ਦੇ ਸਰਵਰਾਂ ਵਿਚ ਢੀਮਾਂ ਸੁੱਟਣ ਵਰਗਾ ਕਾਰਜ ਨਿਭਾਉਂਦਾ ਹੈ। 'ਸੱਜਣ ਸਹਾ' ਇਸ ਦੀ ਉਮਦਾ ਮਿਸਾਲ ਹੈ:

*ਅੱਜ ਫਿਰ ਲੰਮੇ ਲਮਹਿਆਂ ਮਗਰੋਂ/ਉਹ ਵਾਕਾ ਮੁੜ ਉੱਘੜ ਆਇਆ*
*ਜਦ ਮੇਰੇ ਪਿੰਡ ਸੱਜਣ ਸਿੰਘ ਨੂੰ/ਕਾਲੇ ਕਰਜ਼ਾਂ ਫਾਹੇ ਲਾਇਆ...*

'ਆਟਾ-ਦਾਲ' ਦਾ ਤਾਂ ਸਿਰਲੇਖ ਪੜ੍ਹਦਿਆਂ ਹੀ ਸਿਆਸੀ ਚੋਟ ਦੇ ਦੀਦਾਰੇ ਹੁੰਦੇ ਹਨ:

*ਹੇ ਰਾਜਨ! ਅਸਾਂ ਪੰਖੇਰੂਆਂ ਨੂੰ*
*ਆਪਣੀ ਚੁਗ ਕੇ ਖਾਣ ਦਾ/ ਹੁਨਰ ਪਾਲਣ ਦੇ*

ਇਸ ਸਿਆਸੀ ਦਖ਼ਲ ਦੀ ਕਥਾ 'ਤਾਸੀਰ' ਕਵਿਤਾ ਵਿਚ 'ਦਾਲ ਦੀ ਘਾਟ 'ਚ ਅਕਸਰ/ ਮਸਾਲਿਆਂ ਦਾ ਸ਼ੁਮਾਰ ਵਧ ਜਾਂਦਾ' ਨਾਲ ਪੂਰੇ ਤਹੱਮਲ ਨਾਲ ਸੁਣਾਈ ਗਈ ਹੈ ਅਤੇ ਇਸ ਦਾ ਅਗਲਾ ਵਧਾਰਾ '*ਖੜਤਾਲਾਂ ਦਾ ਖੜਾਕ/ ਸ਼ਬਦ ਨੂੰ ਜ਼ਬਤ ਲੈਂਦਾ*' ਨਾਲ ਪ੍ਰਗਟ ਹੁੰਦਾ ਹੈ। ਕਵਿਤਾ ਅੰਦਰ ਜੜਿਆ ਇੰਨਾ ਜ਼ਿਆਦਾ ਜ਼ਬਤ ਕਵਿਤਾ ਦੀ ਤਾਕਤ ਬਣਦਾ ਹੈ। ਇਹ ਜ਼ਬਤ ਜਦੋਂ ਜ਼ਰਬ ਖਾਂਦਾ ਹੈ ਤਾਂ 'ਸਾਵਾ ਮਾਡਲ' ਕਵਿਤਾ ਜਨਮ ਲੈਂਦੀ ਹੈ:

*ਚੰਗਾ ਲੱਗੇ/ ਦਾਦੂ ਦਾ ਪਿਛਲੇ ਪਹਿਰ/ ਕੰਪਿਊਟਰ ਦੀ ਭਾਸ਼ਾ ਸਿੱਖਣਾ*
*ਜਾਂ ਪੁੱਤ ਅੰਗਰੇਜ਼ ਦਾ/ ਪੈਂਤੀ, ਖ਼ੁਸ਼ਖ਼ਤ 'ਚ ਲਿਖਣਾ*

'ਨਾਨਕ ਜੀ', ਬਾਬਾ ਆਖਦੈ...' ਅਤੇ 'ਨਾਨਕ ਸ਼ਾਇਰ' ਕਵਿਤਾਵਾਂ ਇਸ ਕਿਤਾਬ ਦਾ ਹਾਸਲ ਹਨ। 'ਨਾਨਕ ਜੀ' ਸਿਰਲੇਖ ਵਿਚ ਲਾਇਆ 'ਜੀ' ਆਪਣੇ ਆਪ ਵਿਚ ਕਈ ਅਰਥ ਸਿਰਜਦਾ ਹੈ। ਇਸ ਨਾਨਕ ਨੇ ਘਰ-ਘਰ ਦਾ ਜੀਅ ਬਣਨਾ ਸੀ, ਕਈ ਕਿਸਮ ਦੀਆਂ ਕੰਧਾਂ ਢਹਿਣੀਆਂ ਸਨ, ਵਿੱਥ ਮੁੱਕਣੀ ਸੀ ਪਰ ਸ਼ਾਇਰ ਦੀ ਚੀਕ ਬੁਲਬੁਲੀ ਸੁਣੋ:

*ਨਾਨਕ ਜੀ/ ਸਾਡਾ ਸਿੱਖ ਨਾ ਪ੍ਰਗਟ ਹੋਇ*
*ਬਾਣੀ ਪੜ੍ਹੀਏ, ਬਾਣੇ ਪਾਈਏ/ ਮਨਮੁਖ ਉਭ ਖਲੋਇ...*

'ਬਾਬਾ ਆਖਦੈ...' ਅੰਦਰੋਂ-ਬਾਹਰੋਂ ਇਕਮਿਕਤਾ ਦਾ ਹੋਕਾ ਹੈ। ਸ਼ਾਇਰ ਨੂੰ ਸਭ ਕੁੱਝ ਸੱਚੀਮੁੱਚੀ ਦਾ ਚਾਹੀਦਾ ਹੈ। ਉਂਝ, ਇੱਥੇ ਸ਼ਾਇਰ ਜਦੋਂ 'ਅਖੌਤੀ' ਵਰਗਾ ਚਾਲੂ ਮੁਹਾਵਰੇ ਵਾਲਾ ਸ਼ਬਦ ਚਿਣਦਾ ਹੈ ਤਾਂ ਸਮੁੱਚੀ ਕਵਿਤਾ ਦੀ ਲੈਅ ਨੂੰ ਵੱਢ ਵੱਜ ਗਿਆ ਜਾਪਦਾ ਹੈ, ਕਾਵਿਕਤਾ ਦਾ ਪੱਲਾ ਛੁੱਟਣ-ਛੁੱਟਣ ਕਰਦਾ ਲੱਗਦਾ ਹੈ ਪਰ 'ਨਾਨਕ ਸ਼ਾਇਰ' ਵਿਚ ਜਦੋਂ ਸ਼ਬਦਾਂ ਦੀ ਚਿਣਾਈ 'ਸਫ਼ਰ ਜੋਗਾ ਸਬਰ' ਦੇ ਰੂਪ ਵਿਚ ਹੁੰਦੀ ਹੈ ਤਾਂ ਲੈਅ ਇਕ ਵਾਰ ਫਿਰ ਦੂਣ-ਸਵਾਇਆ ਰੰਗ ਲੈ

ਕੇ ਬਹੁੜਦੀ ਹੈ। ਸ਼ੌਰੇ ਇਹ 'ਕਵਿਤਾ' ਅਤੇ 'ਬਣਾਈ ਕਵਿਤਾ' ਦਾ ਕੋਈ ਫ਼ਰਕ ਹੋਵੇਗਾ ਜੋ ਕਿਤਾਬ ਵਿਚ ਕੁਝ ਥਾਈਂ ਲੈਅ ਦੀਆਂ ਕੁੰਡੀਆਂ ਪੁੱਟ ਕੇ ਝਾਤੀਆਂ ਮਾਰ ਜਾਂਦਾ ਹੈ। ਖ਼ੈਰ! 'ਨਾਨਕ ਸ਼ਾਇਰ' ਕਵਿਤਾ ਦਾ ਸਿਖਰ ਬਾਬੇ ਦੇ ਸ਼ਾਇਰ ਜਾਂ ਗੁਰੂ ਹੋ ਜਾਣ ਬਾਰੇ ਸਵਾਲ ਹੈ। ਇਸ ਬਾਬੇ ਦੇ ਬੁਗਚੇ ਵਿਚ ਦੂਰ ਦੇਸੁ ਦੀਆਂ ਭਾਖਾਵਾਂ ਦੇ ਗੀਤ ਹਨ, ਜਿਸ ਨੇ ਸਾਹ-ਸਾਹ ਸ਼ਬਦ ਜਣਿਆ। ਇਹੀ ਪਾਠਕ ਦੀ ਸੋਚ ਨੂੰ ਜ਼ਰਬਾਂ ਦਿੰਦੇ ਹਨ ਅਤੇ ਸ਼ਬਦ-ਸੁਰਤਿ-ਧੁਨਿ ਇਕੋ ਲੜੀ ਅੰਦਰ ਪਰੋਏ ਦਿਸਦੇ ਹਨ।

'ਜਾਗ' ਵਰਗੀਆਂ ਕਵਿਤਾਵਾਂ ਰਾਹੀਂ ਸ਼ਾਇਰ ਫ਼ਿਕਰ ਨਾਲ ਸਾਡੀ ਸਾਂਝ ਪੁਆਉਂਦਾ ਹੈ। 'ਕੀ ਸੌਖਾ ਕੀ ਔਖਾ' ਵਿਚ ਅੱਥਰੇ ਮਨੁੱਖ ਨੂੰ ਆਪਣੇ ਵੱਲ ਮੁੜਨ ਦਾ ਸੱਦਾ ਹੈ। ਸ਼ਾਇਰ ਆਪੇ ਨਾਲ ਲੜਨ ਦੀ ਜਾਚ ਦੱਸਦਾ ਹੈ:

*ਆ ਅੱਜ ਆਤਮ ਚੀਨਣ ਬਹੀਏ/ ਦਿਲ 'ਤੇ ਆਰਾ ਧਰੀਏ*
*ਧੁਅ ਤਲਵਾਰ ਤੇਜ਼ ਮਿਆਨੋਂ/ ਖ਼ੁਦ ਸੰਗ ਦੋ ਹੱਥ ਕਰੀਏ*

ਇਸ ਲੜਾਈ ਦੀ ਤਿਆਰੀ ਲਈ ਉਹ ਪਹਿਲਾਂ 'ਕਿਉਂ ਕਰ ਦਿਲ ਦੀ ਬਸਤੀ ਸੁੰਨੀ' ਵਾਲੇ ਅਣਗਿਣਤ ਮੰਜ਼ਰ ਖਿੱਚਦਾ ਹੈ। 'ਸੱਜੇ-ਖੱਬੇ' ਕਵਿਤਾ ਵਿਚ ਪੇਸ਼ ਦੋ ਮੰਜ਼ਰ ਇਸੇ ਤਿਆਰੀ ਦਾ ਹਿੱਸਾ ਹਨ ਅਤੇ ਫ਼ੈਸਲਾ ਵੀ। ਇਸ ਕਵਿਤਾ ਦੇ ਦੋ ਹਿੱਸੇ ਹਨ। ਇਸੇ ਕਵਿਤਾ ਵਿਚ ਹੀ 'ਰੁੱਤਾਂ ਵਹੁਟੀਆਂ ਤੇ ਮੌਸਮ ਕੰਤ' ਦਾ ਜ਼ਿਕਰ ਆਉਂਦਾ ਹੈ। 'ਸ਼ਫ਼ਾਫ਼, ਪੁਸ਼ਾਕਾਂ 'ਚ ਮੈਲੇ ਲੋਕ.../ ਗ਼ਮਲਿਆਂ 'ਚ ਪਲੇ, ਬੌਣੇ ਪੌਦੇ' ਵੀ ਇਸੇ ਕਵਿਤਾ ਦਾ ਹਿੱਸਾ ਹੈ। ਹੁਣ ਚੋਣ ਬੰਦੇ ਨੇ ਖ਼ੁਦ ਕਰਨੀ ਹੈ। ਬਲਵਿੰਦਰ ਸੰਧੂ ਦੀ ਕਵਿਤਾ ਅਸਲ ਵਿਚ ਮਨੋ-ਅਵਸਥਾ ਅਤੇ ਅਹਿਸਾਸ ਦੀ ਕਵਿਤਾ ਹੈ; ਇਸੇ ਕਰਕੇ ਸ਼ਾਇਰ ਧਾਰਮਿਕ ਸਥਾਨਾਂ ਦੀਆਂ ਆਵਾਜ਼ਾਂ ਦੇ ਬਾਵਜੂਦ ਨੱਚ ਸਕਦਾ ਹੈ ਜਿਨ੍ਹਾਂ ਨੂੰ ਪਾੜ੍ਹਿਆਂ ਦਾ ਧਿਆਨ ਅਤੇ ਰੋਗੀਆਂ ਦਾ ਚੈਨ ਭੰਗ ਕਰਨ ਦੇ ਉਲਾਂਭੇ ਅਕਸਰ ਮਿਲਦੇ ਹਨ।

**-ਜਸਬੀਰ**

## ਰਿਜ਼ਕ (ਨਾਵਲ) ਅਵਤਾਰ ਸਿੰਘ ਬਿਲਿੰਗ

ਅੰਗਰੇਜ਼ਾਂ ਦੇ ਭਾਰਤ ਛੱਡਣ ਤੋਂ ਪਿੱਛੋਂ ਇਸ ਮੁਲਕ ਦੇ ਉੱਤਰ-ਪੂਰਬੀ ਪ੍ਰਾਂਤਾਂ ਦੀ ਸਕਿੱਲਡ ਅਨਸਕਿੱਲਡ ਲੇਬਰ ਨੇ ਪੰਜਾਬ ਪ੍ਰਾਂਤ ਨੂੰ ਉਪਜੋਗੀ ਖਿੱਤਾ ਸਮਝ ਕੇ ਇਸ ਅੰਦਰ ਆਪਣੇ ਰਿਜ਼ਕ ਦੀ ਤਲਾਸ਼ ਕੀਤੀ। ਪਰ ਜ਼ਰੱਈ ਇਨਕਲਾਬ ਦੀ ਚੜ੍ਹਤ ਮੁੱਕ ਜਾਣ 'ਤੇ ਪੰਜਾਬੀ ਨੌਜਵਾਨੀ ਨੇ ਆਪਣੇ ਭਵਿੱਖ ਨੂੰ ਹਨੇਰੇ 'ਚ ਘਿਰਿਆ ਵੇਖ ਕੇ ਯੂਰਪ ਦਾ ਰੁਖ ਕਰ ਲਿਆ। ਬੀਤੀ ਸਦੀ ਦੇ ਪਹਿਲੇ ਭਾਗ 'ਚ ਇੱਕੜ ਦੁੱਕੜ ਨੌਜਵਾਨਾਂ ਦੀ ਪੱਛਮੀ ਮੁਲਕਾਂ ਵੱਲ ਨੂੰ ਲੱਗੀ ਝਾਕ ਪਿਛਲੇ ਪੰਜਾਹ ਵਰ੍ਹਿਆਂ ਤੋਂ ਏਨੀ ਤਿੱਖੀ ਚਾਲੇ ਹੋ ਤੁਰੀ ਕਿ ਹੋਣ ਪੰਜਾਬ ਨਾਮੀ ਖਿੱਤਾ ਇਕ ਤਰ੍ਹਾਂ ਖਾਲੀ ਖਾਲੀ ਦਿਸਣ ਲੱਗ ਪਿਆ ਹੈ। ਇਸ ਸਥਿਤੀ ਦੇ ਪ੍ਰਗਟਾਵੇ ਲਈ ਸਾਹਿਤਕ ਖੇਤਰ ਦੇ ਕਾਮੇ ਵੀ ਇਸਨੂੰ ਵਿਚਾਰਨ ਲਈ ਨਿੱਤਰੇ। ਅਵਤਾਰ ਸਿੰਘ ਬਿਲਿੰਗ ਦਾ ਨਾਵਲ 'ਰਿਜ਼ਕ' (ਐਵਿਸ ਪਬਲੀਕੇਸ਼ਨ, ਦਿੱਲੀ-ਪੰਜਾਬ, ਪੰਨੇ 445, ਮੁੱਲ 495 ਰੁਪਏ) ਇਸ ਸਮੱਸਿਆ ਨਾਲ ਰੂ-ਬ-ਰੂ ਹੋਇਆ ਪਾਠਕਾਂ ਦੇ ਹੱਥਾਂ ਵਿਚ ਹੈ। ਬਾਲ ਸਾਹਿਤ, ਕਹਾਣੀ ਆਦਿ ਸਾਹਿਤ ਦੀਆਂ ਹੋਰ ਵੰਨਗੀਆਂ ਵਿਚ ਵੀ ਰਚਨਾਤਮਕ ਤੌਰ 'ਤੇ ਸਰਗਰਮ ਪਰ ਨਾਵਲੀ ਖੇਤਰ ਵਿਚ ਵੱਧ ਨਾਮਣਾ ਖੱਟਣ ਵਾਲੇ ਬਿਲਿੰਗ ਦੀ 'ਨਰੰਜਣ ਮਸ਼ਾਲਚੀ' 1995 ਤੋਂ ਸ਼ੁਰੂ ਹੋਈ ਇਹ ਅੱਠਵੀਂ ਨਾਵਲੀ ਕਿਰਤ ਹੈ।

ਇਸ ਨਾਵਲ ਦਾ ਮੁੱਖ ਪਾਤਰ ਬੰਤਾ ਸਿੰਘ, ਘਰ ਪਰਿਵਾਰ ਦੀ ਛੋਟੀ ਕਿਸਾਨੀ ਤੋਂ ਹੁੰਦੀ ਪੇਤਲੀ ਜਿਹੀ ਆਮਦਨ ਤੋਂ ਅੱਕਿਆ ਕਿਸੇ ਬਾਹਰਲੇ ਮੁਲਕ, ਖਾਸਕਰ ਅਮਰੀਕਾ, ਜਾਣ ਲਈ ਕਾਹਲ਼ਾ ਪਿਆ ਪਿੰਡ ਦੇ ਇਕ ਚੁਸਤ-ਚਲਾਕ ਕਿਸਮ ਦੇ ਦਲਾਲ ਰਾਹੀਂ ਅਯੋਗ ਢੰਗ ਨਾਲ ਅਮਰੀਕਾ ਪੁੱਜਣ ਦੇ ਝਾਂਸੇ ਵਿਚ ਫਸ ਗਿਆ। ਟ੍ਰੈਵਲ ਏਜੰਟਾਂ ਦੀ ਚੁਸਤੀ-ਚਲਾਕੀ ਨੇ ਪਹਿਲਾਂ

ਉਸਨੂੰ ਅਫਰੀਕਾ ਦੇ ਜੰਗਲੀ ਇਲਾਕਿਆਂ ਵਿਚ ਖੱਜਲ-ਖੁਆਰ ਕੀਤਾ, ਫਿਰ ਮੈਕਸੀਕੋ-ਅਮਰੀਕਾ ਦੀ ਸਰਹੱਦ ਨਾਲ ਲੱਗਦੇ ਜੰਗਲਾਂ ਅੰਦਰ ਕਈਆਂ ਦਿਨਾਂ-ਹਫਤਿਆਂ ਦੀ ਪੈਦਲ ਯਾਤਰਾ ਪੁਆਈ। ਅੰਤ ਨੂੰ ਯੋਗ ਪੱਤਰਾਂ ਦੀ ਅਣਹੋਂਦ ਕਾਰਨ, ਕਈ ਹੋਰਾਂ ਨਾਲ, ਉਹ ਅਮਰੀਕਾ ਅੰਦਰ ਦਾਖਲ ਹੁੰਦਿਆਂ ਅਮਰੀਕੀ ਰੱਖਿਆ ਕਰਮੀਆਂ ਦੇ ਕਾਬੂ ਆ ਗਿਆ। ਇਸ ਸੰਕਟ ਤੋਂ ਛੁਟਕਾਰਾ ਮਿਲਣ ਤਕ ਪਾਠਕ ਵੇਖਦਾ ਹੈ ਕਿ ਦੋ ਨੰਬਰ ਰਾਹੀਂ ਆਲ਼ੇ-ਭੋਲ਼ੇ ਨੌਜਵਾਨਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਸ਼ਾਂਤੀ ਪ੍ਰਸ਼ਾਦ ਵਰਗੇ ਏਜੰਟ ਪਹਿਲਾਂ ਅੰਗੀ ਰਕਮ ਤੋਂ ਕਈ ਗੁਣਾਂ ਵੱਦ ਵਸੂਲ ਕਰਦੇ ਇਸ ਗੱਲ ਦਾ ਪੱਕਾ ਸਬੂਤ ਹਨ ਕਿ ਇਹ ਦੋ ਨੰਬਰੀ ਠੱਗ ਭਾਰਤ-ਪੰਜਾਬ ਸਮੇਤ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਵਿਚ ਬੜੀ ਹੁਸ਼ਿਆਰੀ ਨਾਲ ਰਿੜ੍ਹਦਾ ਕਰ ਰਹੇ ਹਨ, ਜਿਸ ਵਿਚ ਗੰਡਾ ਸਿੰਘ ਵਰਗੇ ਵਕੀਲ ਵੀ ਸ਼ਾਮਲ ਹਨ।

ਇਹਨਾਂ ਹਾਲਤਾਂ ਵਿਚ ਅਮਰੀਕਾ ਪੁੱਜੇ ਬੰਤਾ ਸਿੰਘ ਵਰਗੇ ਅਨੇਕਾਂ ਨੌਜਵਾਨਾਂ ਨੂੰ ਪਹਿਲੋਂ ਇਹਨਾਂ ਦੇ ਆਪਣੇ ਵਾਕਫ ਰਿਸ਼ਤੇਦਾਰ ਹੀ ਜਿਵੇਂ ਗ਼ੁਲਾਮ ਬਣਾ ਕੇ ਵਰਤਦੇ ਹਨ। ਬੰਤੇ ਦਾ ਰਿਸ਼ਤੇਦਾਰੀ ਨੇੜਤਾ ਵਾਲਾ ਗੱਜਣ ਸਿੰਘ ਟਰਾਂਸਪੋਰਟਰ ਵੀ ਉਸ ਨਾਲ ਅਜਿਹਾ ਹੀ ਕਰਦਾ ਹੈ। ਉਸਨੂੰ ਵਰਕਸ਼ਾਪ ਵਿਚ ਰਿਹਾਇਸ਼ੀ ਥਾਂ ਦੇ ਕੇ, ਕਦੀ ਆਪਣੇ ਘਰੋਂ ਕਦੀ ਗੁਦੁਆਰਿਉਂ ਲੰਗਰ ਲਿਆ ਕੇ ਉਸਨੂੰ ਖੁਆਉਂਦਾ ਇਕ ਤਰ੍ਹਾਂ ਉਸ ਉੱਤੇ ਭਾਰੀ ਅਹਿਸਾਨ ਜਤਾਉਂਦਾ ਹੈ। ਉਸਨੂੰ ਬਿਨਾਂ ਤਨਖਾਹ ਮਿਹਨਤ ਵੇਚਦੇ ਨੂੰ ਵੇਖਕੇ ਉਸਦੇ ਸਾਥੀ ਮੇਵਾ ਸਿੰਘ ਤੇ ਨਾਇਬ ਸਿੰਘ ਉਸਦੀ ਸਹਾਇਤਾ ਕਰਦੇ ਹਨ। ਸੁਭਾਗ ਵੱਸ ਉਸਨੂੰ ਇਕ ਡੇਅ ਕੇਅਰ ਹੋਮ ਵਿਚ ਮਿਲੀ ਜਾਬ ਉਸਨੂੰ ਕਾਫੀ ਸਾਰੀ ਰਾਹਤ ਪ੍ਰਦਾਨ ਕਰਦੀ ਹੈ ਪਰ ਪਤਨੀ ਤੇ ਬੱਚਿਆਂ ਨੂੰ ਆਪਣੇ ਕੋਲ਼ ਬੁਲਾਉਣ ਦੀ ਤਾਂਘ ਨੇ ਉਸਤੋਂ ਇਹ ਜਾਬ ਵੀ ਜਿਵੇਂ ਖੋਹ ਲਈ ਹੋਵੇ। ਉਸਨੂੰ ਹੋਟਲਾਂ ਰੈਸਟੋਰੈਂਟਾਂ ਵਿਚ ਭਾਂਡੇ ਮਾਂਜਣ, ਯਾਰਡਾਂ 'ਤੇ ਗਾਰਡ ਬਣਨ ਦੀਆਂ ਔਖੀਆਂ ਜਾਬਾਂ ਕਰਨ ਤਕ ਦੇ ਤਰੱਦਦ ਕਰਨੇ ਪਏ।ਆਖਰ ਅਮਰੀਕਾ ਪੁੱਜੇ ਪਰਿਵਾਰ ਨੇ ਉਸਨੂੰ ਥੋੜ੍ਹੇ ਕੁ ਚਿਰ ਲਈ ਪਰਿਵਾਰਕ ਸੁਖ ਵੀ ਪ੍ਰਦਾਨ ਕੀਤਾ। ਪਰ ਅਮਰੀਕੀ ਰਹਿਤਲ ਅਨੁਸਾਰਰ ਵਿਚਰਦੇ ਦੋਨਾਂ ਬੱਚਿਆਂ, ਜਾਬਾਂ ਅਤੇ ਵਿਆਹ-ਸ਼ਾਦੀਆਂ ਨਾਲ ਸੰਬੰਧਤ ਮਸਲਿਆਂ ਨੇ ਉਸ ਲਈ ਹੋਰ ਵੀ ਗੰਭੀਰ ਕਿਸਮ ਦੀ ਸਿਰਦਰਦੀ ਪੈਦਾ ਕਰ ਦਿੱਤੀ। ਹੁਣ ਉਹ ਇਕ ਅਜਿਹੇ ਵਰਤਾਰੇ ਵਿਚ ਵਿਚਰ ਰਿਹਾ ਸੀ ਜਿੱਥੇ ਹਰ ਤਰ੍ਹਾਂ ਪਰਿਵਾਰਕ, ਸਮਾਜਕ ਜਾਂ ਨਿੱਜੀ ਰਿਸ਼ਤਿਆਂ ਨੂੰ ਕੇਵਲ ਤੇ ਕੇਵਲ ਆਰਥਿਕਤਾ ਦੀ ਤੱਕੜੀ 'ਚ ਰੱਖਕੇ ਤੋਲਿਆ ਜਾਂਦਾ ਸੀ। ਬੰਤਾ ਮੁੱਢੋਂ-ਸੁੱਢੋਂ ਆਪਣੇ ਪਿੰਡ, ਪੰਜਾਬ ਨਾਲੋਂ ਨਾ ਟੁੱਟਾ ਹੋਣ ਕਰਕੇ ਇਕ ਤਰ੍ਹਾਂ ਵਿਚਕਾਰ ਫਸਿਆ ਮਹਿਸੂਸਦਾ, ਪਤਨੀ ਦੀ ਗੰਭੀਰ ਕਿਸਮ ਦੀ ਬਿਮਾਰੀ ਨਾਲ ਹੋਈ ਮੌਤ ਕਾਰਨ ਆਖਰ ਅਮਰੀਕਾ ਵਾਪਸ ਨਾ ਮੁੜਨ ਤਕ ਦੀ ਅੜੀ ਫੜਕੇ ਬਹਿ ਗਿਆ। ਉਸਦੀ ਧੀ ਜੀਤਾਂ ਤਾਂ ਵਿਚ ਵਾਰ ਉਸਦੀ ਮਾਇਕ ਸਾਹਇਤਾ ਕਰਦੀ ਰਹੀ ਪਰੰ ਉਸਦੇ ਪੁੱਤਰ ਜਿੰਦਰ ਨੇ ਉਸਦੀ ਕਦੀ ਇਕ ਵੀ ਪੈੱਨੀ ਤਕ ਦੀ ਮਦਦ ਨਹੀਨ ਸੀ ਕੀਤੀ। ਤਦ ਵੀ ਉਹ ਉਹਨਾਂ ਨਾਲੋਂ ਆਪਣੇ ਮੋਹ ਪਿਆਰ ਦਾ ਉੱਕਾ-ਪੁੱਕਾ ਤੋੜ-ਵਿਛੋੜਾ ਨਹੀਂ ਸੀ ਕਰ ਸਕਿਆ। ਪੁੱਤਰ ਨੇ ਸਹੁਰੇ ਪਰਿਵਾਰ ਨੂੰ ਆਪਣੇ ਪਾਸ ਰੱਖ ਲਿਆ ਸੀ ਤੇ ਪੁੱਤਰੀ ਨੇ ਆਪੇ ਲੱਭੇ ਪਤੀ ਤੋਂ ਤੋੜ ਵਿਛੋੜਾ ਕਰਕੇ ਇਕ ਨਵੀਂ ਥਾਂ ਵਣਾ ਲਈ ਸੀ। ਇਹ ਸਾਰੇ ਤੱਥ ਬੰਤੇ ਲਈ ਉਲਝਣਾਂ ਪੈਦਾ ਕਰਦੇ ਉਸਦੀ ਇਕੱਲਤਾ ਹੋਰ ਵੀ ਦਰਦੀਲੀ ਬਣਾਉਂਦੇ ਗਏ ਸਨ। ਪੋਤਰੇ ਜਗਜੀਤ ਦੀ ਤੋਤਲੀ ਗੱਲਬਾਤ ਆਖਿਰ ਉਸਨੂੰ ਵਾਪਸ ਅਮਰੀਕਾ ਪੁੱਜਦਾ ਕਰਕੇ ਇਕ ਵਾਰ ਫੇਰ ਐਸੇ ਵਰਤਾਰੇ ਵਿਚ ਉਲਝਦਾ ਕਰ ਦਿੰਦੀ ਹੈ ਜਿੱਥੇ ਉਸਦੇ ਹਮਜੋਲੀਆਂ ਮੇਵਾ ਸਿੰਘ ਨੈਬ ਸਿੰਘ ਦੀ ਸੰਗਤ ਉਸਨੂੰ ਰਾਹਤ ਪ੍ਰਦਾਨ ਕਰਦੀ ਹੈ।

ਇਸ ਨਾਵਲ ਵਿਚ ਅਨੇਕਾਂ ਹੋਰ ਵਿਚਾਰਯੋਗ ਧਾਰਾਵਾਂ ਵੀ ਅੰਕਤ ਹਨ ਜਿਹਨਾਂ ਨੇ ਨਾਵਲ ਨੂੰ ਰੋਚਿਕਤਾ ਵੀ ਪ੍ਰਦਾਨ ਕੀਤੀ ਹੈ ਅਤੇ ਮਨੁੱਖ ਦੇ ਜੀਵਨ ਦੀਆਂ ਵੱਖ ਵੱਖ ।ਰਤਾਂ ਦਾ ਵੀ ਉਲੇਖ ਕੀਤਾ ਹੈ। ਇਹਨਾਂ ਵਿਚ ਘਾਨਾ ਦੇ ਜੰਗਲਾਂ ਵਿਚ ਯੋਆਇਆ ਨਾਮੀਂ ਸਿਹਤਮੰਦ ਲੜਕੀ ਨਾਲ

ਬੰਤੇ ਦੇ ਸੰਬੰਧ ਜੁੜਨਾ ਅਤੇ ਰੋਜ਼ਮੇਰੀ ਨਾਲ ਸ਼ਾਦੀ ਰਚਾ ਕੇ ਰੰਗ ਰਲ਼ੀਆਂ ਮਨਾਉਣਾ ਵੀ ਸ਼ਾਮਲ ਹੈ। ਤਾਂ ਵੀ ਰਿਹ ਨਾਵਲੀ ਜੁਗਤਾਂ ਨਾਵਲ ਦੇ ਮੁੱਖ ਵਿਸ਼ੇ ਪਰਵਾਸੀ ਸਭਿਆਚਾਰ ਅੰਦਰ ਪ੍ਰਵੇਸ਼ ਕਰ ਚੁੱਕੇ ਬੰਤੇ ਲਈ ਆਪਣੇ ਮੂਲ ਸਭਿਆਚਾਰ ਨੂੰ ਅਸਲੋਂ ਖਤਮ ਹੋਣ ਤੋਂ ਬਚਾਈ ਰੱਖਣ ਦੇ ਯਤਨ ਵੀ ਇਕ ਤਰ੍ਹਾਂ ਨਾਲ ਵੱਡੀ ਚੁਣੌਤੀ ਵਜੋਂ ਪੇਸ਼ ਹਨ। ਇਸ ਕਾਰਜ ਵਿਚ ਹਿੱਸੇਦਾਰ ਬਣਿਆ ਨੈਬ ਸਿੰਘ ਤਾਂ ਆਪਣੇ ਪਰਿਵਾਰ ਨੂੰ ਅਮਰੀਕਾ ਤੋਂ ਦੂਰ ਰੱਖਣ ਲਈ ਵੀ ਜ਼ਿੱਦ ਕਰੀ ਬੈਠਾ, ਭਾਵੇਂ ਅੰਤ ਨੂੰ ਉਸਨੂੰ ਆਪਣਾ ਫੈਸਲਾ ਇਸ ਲਈ ਬਦਲਨਾ ਪੈਂਦਾ ਕਿਉਂਕਿ ਉਸਦੇ ਆਪਣੇ ਪੰਜਾਬੀ ਸਭਿਆਚਾਰ ਨੂੰ ਏਥੋਂ ਦੇ ਰਾਜਨੀਤੀਵਾਨਾਂ ਨੇ ਇਸ ਹੱਦ ਤਕ ਦੂਸ਼ਤ ਕਰ ਦਿੱਤਾ ਹੈ ਕਿ ਪੰਜਾਬੀ ਨੌਜਵਾਨ ਸੁਚੇਤ ਹੋ ਕੇ ਆਪਣੀ ਮਾਤਭੂਮੀ ਨੂੰ ਇਕ ਤਰ੍ਹਾਂ ਨਫਰਤ ਕਰਨ ਦੀ ਹੱਦ ਤਕ ਜਾ ਪੁੱਜਾ ਹੈ। ਕਿਉਂਕਿ ਨੌਜਵਾਨੀ ਦੀ ਮੁੱਢਲੀ ਲੋੜ 'ਰਿਜ਼ਕ', ਜਿਸ ਵਿਚ ਰੋਟੀ ਕੱਪੜਾ ਤੇ ਮਕਾਨ ਸ਼ਾਮਲ ਹਨ, ਦੀ ਪ੍ਰਾਪਤੀ ਵੀ ਹੁਣ ਬੀਤੇ ਦਾ ਸੁਪਨਾ ਬਣ ਕੇ ਰਹਿ ਗਈ ਹੈ। ਇਹ ਹਰ ਜਾਇਜ਼ ਨਾਜਾਇਜ਼ ਢੰਗ ਨਾਲ ਬਾਹਰਲੇ ਮੁਲਕਾਂ ਵਿਚ ਪੜ੍ਹਾਈ ਕਰਨ ਵਰਗੀਆਂ ਮਦਾ ਦਾ ਪ੍ਰਯੋਗ ਕਰ ਕੇ ਆਪਣੀ ਜਨਮ ਭੂਮੀ ਨੂੰ ਛੱਡਣ ਲਈ ਧੜਾ ਧੜ ਵਹੀਰਾਂ ਘੱਤੀ ਪੱਛਮੀ ਮੁਲਕਾਂ ਨੂੰ ਕੂਚ ਕਰ ਰਹੀ ਹੈ ਜਿੱਥੇ ਉਸਨੂੰ ਰਿਜ਼ਕ ਮਿਲਣ ਦੀ ਵੀ ਆਸ ਦਿਖਾਈ ਦਿੰਦੀ ਹੈ।

ਅਜਿਹੀ ਉਥੱਲ ਪੁਥੱਲ ਇਕ ਅਜਿਹਾ ਗੰਭੀਰ ਪ੍ਰਸ਼ਨ ਵੀ ਖੜ੍ਹਾ ਕਰਦੀ ਹੈ ਕਿ ਇਵੇਂ ਦੇ ਬੇਤਹਾਸ਼ਾ ਪਰਵਾਸ ਕਾਰਨ ਸੰਸਕ੍ਰਿਤੀਆਂ ਦਾ ਮੇਲ-ਸੁਮੇਲ ਕਿਸ ਢੰਗ ਨਾਲ ਨਵੀਂ ਕਿਸਮ ਦੀ ਜੀਵਨ ਰਹਿਤਲ ਨੂੰ ਜਨਮ ਦੇਵੇਗਾ। ਹੁਣ ਜਦ ਭਾਰਤੀ ਪੰਜਾਬੀ ਅਰਥ-ਵਿਵਸਥਾ ਤੇ ਰਾਜ-ਵਿਵਸਥਾ ਅਜਿਹੇ ਮੋੜ 'ਤੇ ਆ ਪੁੱਜੀ ਹੈ, ਜਿੱਥੇ ਘੱਟ ਗਿਣਤੀਆਂ ਨੂੰ ਆਪਣੀ ਹੋਂਦ-ਹੋਣੀ ਬਚਾਈ ਰੱਖਣ ਲਈ ਪਰਵਾਸ ਵਰਗਾ ਜੌਖਮ ਉਠਾਣਾ ਹੀ ਪੈ ਰਿਹਾ ਹੈ ਤਾਂ ਨਵੀਂ ਤਰ੍ਹਾਂ ਦੀ ਰਹਿਣੀ ਬਹਿਣੀ ਰਾਹੀਂ ਬਦਲਵੀਂ ਕਿਸਮ ਦੀ ਸਭਿਆਚਾਰਕ ਘਾੜਤ ਵੀ ਸਹਿ-ਸੁਭਾਅ ਹੋਂਦ ਵਿਚ ਆਉਣੀ ਸੰਭਵ ਹੋ ਜਾਵੇਗੀ। ਵਡੇਰੇ ਪ੍ਰਸੰਗ ਵਿਚ ਨਾਵਲ ਵਿਚ ਅਸਲੋ ਅਸਲੀ ਮਨੁੱਖੀ ਹੋਣੀ ਦੇ ਵਿਸ਼ੇ ਨੂੰ ਛੋਹਿਆ ਗਿਆ ਹੈ। ਇਸ ਗੰਭੀਰ ਵਿਸ਼ੇ ਨੂੰ 'ਰਿਜ਼ਕ' ਰਾਹੀਂ ਪਾਠਕੀ ਸੂਝਦਾ ਹਿੱਸਾ ਬਣਾ ਕੇ ਬਿਲਿੰਗ ਨੇ ਇਕ ਪ੍ਰੌਢ ਲੇਖਕ ਹੋਣ ਦਾ ਪ੍ਰਮਾਣ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਵੀ ਨਾਵਲ ਅੰਦਰ ਵਿਚਾਰੇ ਗਏ ਮਸਲੇ, ਜਿਨ੍ਹਾਂ ਵਿਚ ਧਰਮ, ਆਸਤਕਤਾ-ਨਾਸਤਕਤਾ, ਘਰਾਂ-ਪਰਿਵਾਰਾਂ ਦੀ ਅਹਿਮੀਅਤ, ਰਿਸ਼ਤਿਆਂ ਦੀ ਟੁੱਟ-ਭੱਜ 'ਚ ਆਰਥਿਕਤਾ ਦਾ ਦਖਲ, ਪਰਉਪਕਾਰੀ ਸੰਤ ਬਿਰਤੀ ਵਾਲੇ ਮਨੁੱਖਾਂ ਦੀ ਸੂਝ-ਸਮਝ ਪਿੱਛੇ ਕਾਰਜਸ਼ੀਲ ਫਿਲਾਸਫੀ, ਮਤਲਬੀ ਮਨੁੱਖ ਦੀ ਹਉਮੈਵਾਦੀ ਸੋਚ-ਸਮਝ ਆਦਿ, ਇਸ ਦੇ ਅਹਿਮ ਅੰਗਾਂ ਵਜੋਂ ਅੰਕਤ ਹੋ ਸਕਦੇ ਹਨ।

ਇਉਂ ਕਰਦਿਆਂ ਨਾਵਲਕਾਰ ਬਹੁਤ ਵਾਰ ਬੇਲੋੜੇ ਵਿਸਥਾਰ ਵਿਚ ਉਲਝਿਆ, ਨਾਵਲ ਦੀ ਮੁੱਢਲੀ ਟੈਕਸਟ ਤੋਂ ਲਾਂਭੇ-ਲਾਂਭੇ ਹੋ ਗਿਆ ਵੀ ਜਾਪਦਾ ਹੈ। ਨਾਵਲ ਦੇ ਮੁੱਖ ਪਾਤਰ ਬੰਤਾ ਸਿੰਘ ਦੇ ਵੱਖ ਵੱਖ ਸਮਿਆਂ ਉੱਤੇ ਵੱਖਰੀ ਵੱਖਰੀ ਕਸਮ ਦੇ ਵਿਵਿਹਾਰ ਨੂੰ ਇਕੋ ਪਾਤਰ ਰਾਹੀਂ ਪੇਸ਼ ਕਰ ਕੇ ਲੇਖਕ ਨੇ ਜਿਵੇਂ ਕਈਆਂ ਪਾਤਰਾਂ ਨੂੰ ਪੇਸ਼ ਕੀਤਾ ਹੋਵੇ। ਸਮੁੱਚੇ ਤੌਰ 'ਤੇ ਬਿਲਿੰਗ ਦੀ ਇਹ ਕਿਰਤ ਪਰਵਾਸ ਹੰਢਾ ਰਹੇ ਵਿਅਕਤੀ ਦੀਆਂ ਉਲਝਣਾਂ ਨੂੰ ਰੂਪਮਾਨ ਕਰਨ ਵਿਚ ਸਫਲ ਰਹੀ ਹੈ, ਜਿਹੜੀਆਂ ਮਜਬੂਰੀ ਵੱਸ ਉਸਨੂੰ ਸਹਿਣੀਆਂ-ਸਹਾਰਨੀਆਂ ਹੀ ਪੈਂਦੀਆਂ ਹਨ। **–ਲਾਲ ਸਿੰਘ**

## ਪਕੜ ਪ੍ਰੇਤਾਂ ਦੀ (ਕਹਾਣੀ ਸੰਗ੍ਰਹਿ) ਨਿੰਦਰ ਗਿੱਲ

ਨਿੰਦਰ ਗਿੱਲ ਪੰਜਾਬੀ ਗਲਪ ਵਿਚ ਲੰਬੇ ਸਮੇਂ ਤੋਂ ਕਾਰਜਸ਼ੀਲ ਹੈ। ਸਵੀਡਨ ਵਿਚ ਰਹਿੰਦੇ ਹੋਏ ਉਹ ਭਾਰਤ ਤੇ ਪੰਜਾਬ ਦੇ ਸਮਾਜਕ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਹੱਥਲੇ ਕਹਾਣੀ ਸੰਗ੍ਰਹਿ ('ਪਕੜ ਪ੍ਰੇਤਾਂ ਦੀ', ਪੰਨੇ 208, ਮੁੱਲ 150 ਰੁਪਏ, ਦਿਲਦੀਪ ਪ੍ਰਕਾਸ਼ਨ, ਸਮਰਾਲਾ) ਵਿਚ ਉਹ ਅੰਤਰ ਰਾਸ਼ਟਰੀ ਮਸਲਿਆਂ ਨੂੰ ਦ੍ਰਿਸ਼ਟੀਗੋਚਰ ਕਰਦਾ ਨਜ਼ਰ ਆਉਂਦਾ ਹੈ। ਅੰਤਰ

ਰਾਸ਼ਟਰੀ ਪੱਧਰ ਦੇ ਹਾਲਾਤ ਦੇਖਦਿਆਂ ਸਪਸ਼ਟ ਹੁੰਦਾ ਹੈ ਕਿ ਪੂੰਜੀਵਾਦ ਦਾ ਗਲਬਾ ਦਿਨ-ਬ-ਦਿਨ ਗਹਿਰਾ ਹੁੰਦਾ ਜਾ ਰਿਹਾ ਹੈ। ਪੂੰਜੀਪਤੀ ਆਪਣਾ ਮੁਨਾਫ਼ਾ ਕਮਾਉਣ ਲਈ ਦੇਸ਼ਾਂ ਵਿਚ ਸੰਕਟ ਪੈਦਾ ਕਰਦੇ ਹਨ। ਸੰਕਟਮਈ ਸਥਿਤੀ ਵਿਚ ਆਪਣੇ ਮਾਲ ਨੂੰ ਲੋਕਾਂ ਦੀ ਲੋੜ ਬਣਾ ਕੇ ਵੇਚਦੇ ਹਨ। ਦੂਜੇ ਵਿਸ਼ਵ ਯੁੱਧ ਦੌਰਾਨ ਅਮਰੀਕਾ ਦੀਆਂ ਕੰਪਨੀਆਂ ਨੇ ਹਥਿਆਰ, ਗੋਲ਼ਾ ਬਾਰੂਦ ਤੇ ਹੋਰ ਵਸਤਾਂ ਵੇਚ ਕੇ ਅਰਬਾਂ ਦਾ ਮੁਨਾਫ਼ਾ ਕਮਾਇਆ। 'ਪਕੜ ਪ੍ਰੇਤਾਂ ਦੀ' ਕਹਾਣੀ ਵਿਚ ਦੁਨੀਆਂ ਭਰ 'ਤੇ ਆਪਣੀ ਪਕੜ ਬਣਾ ਰਹੇ ਪੂੰਜੀਵਾਦ ਨੂੰ ਅਜਿਹੇ ਪ੍ਰੇਤ ਵਜੋਂ ਉਭਾਰਿਆ ਹੈ ਜਿਸਦੇ ਮਨਹੂਸ ਸਾਏ ਤੋਂ ਕੋਈ ਵੀ ਦੇਸ਼ ਚਾਹ ਕੇ ਨਹੀਂ ਬਚ ਸਕਦਾ। ਕਹਾਣੀ ਵਿਚ ਹਿਟਲਰ ਦੇ ਨਾਜ਼ੀਵਾਦ ਤੇ ਪੰਜਾਬ ਵਿਚ ਭਿੰਡਰਾਂਵਾਲਾ ਦੇ ਅੱਤਵਾਦ ਨਾਲ ਹੋਈ ਤਬਾਹੀ ਦਾ ਤੁਲਨਾਤਮਕ ਅਧਿਐਨ ਪੇਸ਼ ਕਰਦਿਆਂ ਕਹਾਣੀਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਮਨੁੱਖ- ਵਿਰੋਧੀ ਕਾਰਵਾਈ ਸੱਤਾ ਨੂੰ ਕਾਇਮ ਰੱਖਣ ਲਈ ਅਤੇ ਸਰਮਾਇਆ ਇਕੱਠਾ ਕਰਨ ਲਈ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਹਿਟਲਰ ਆਪਣੀ ਵਹਿਸ਼ੀ ਕਾਰਵਾਈ ਨਾਲ ਯਹੂਦੀਆਂ ਦਾ ਘਾਣ ਕਰਦਾ ਹੈ, ਉਸੇ ਤਰ੍ਹਾਂ ਭਿੰਡਰਾਂਵਾਲਾ ਹਿੰਦੂਆਂ ਨਾਲ ਕਰਦਾ ਹੈ। ਕਹਾਣੀ ਵਿਚ ਸੰਸਾਰ ਪੱਧਰ 'ਤੇ ਵਾਪਰਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਰੂਪਮਾਨ ਕੀਤਾ ਗਿਆ ਹੈ। ਜਿਸ ਤਰ੍ਹਾਂ ਭਾਰਤ ਵਿਚ 1947 ਦੀ ਫਿਰਕੂ ਦੇਸ਼-ਵੰਡ ਅਤੇ 1984 ਦੇ ਦੰਗੇ ਹੋਏ। ਇਸੇ ਤਰ੍ਹਾਂ ਸੰਸਾਰ ਭਰ ਵਿਚ ਅਜਿਹੇ ਸੰਕਟ ਪੈਦਾ ਹੋਏ। ਅਮਰੀਕਾ ਨੇ ਲੈਟਿਨ ਅਮਰੀਕਾ ਵਿਚ ਆਪਣੀ ਧੌਂਸ ਨੂੰ ਬਰਕਰਾਰ ਰੱਖਣ ਲਈ ਤਖਤ ਪਲਟੇ ਕਰਵਾਏ। ਪਾਕਿਸਤਾਨ, ਬੰਗਲਾਦੇਸ਼, ਸੋਮਾਲੀਆ, ਬੋਸਨੀਆ, ਸਵੀਡਨ, ਯੋਗੋਸਲਾਵੀਆ, ਫਿਨਲੈਂਡ, ਇਰਾਨ, ਇਰਾਕ, ਆਦਿ ਦੇਸ਼ਾਂ ਵਿਚ ਅਨੇਕਾਂ ਤਰ੍ਹਾਂ ਦੀਆਂ ਲੜਾਈਆਂ ਤੇ ਸਮੱਸਿਆਵਾਂ ਹਨ। ਕਹਿਣ ਤੋਂ ਭਾਵ ਪੂਰਾ ਸੰਸਾਰ ਸੰਕਟਮਈ ਸਥਿਤੀ ਦਾ ਸ਼ਿਕਾਰ ਹੈ। ਸਵਾਲ ਪੈਦਾ ਹੁੰਦਾ ਕਿ ਇਹ ਸੰਕਟ ਕਿਸਨੇ ਪੈਦਾ ਕੀਤਾ? ਸਵਾਲ ਦਾ ਜਵਾਬ ਇਸ ਸਵਾਲ ਵਿਚ ਹੀ ਲੁਕਿਆ ਹੋਇਆ ਹੈ। ਪਹਿਲਾਂ ਸੰਕਟ ਪੈਦਾ ਕੀਤਾ ਜਾਂਦਾ ਤੇ ਬਾਅਦ ਵਿਚ ਉਸ ਸੰਕਟ ਦੇ ਨਿਵਾਰਨ ਵਿਚੋਂ ਮੁਨਾਫ਼ਾ ਕਮਾਇਆ ਜਾਂਦਾ। ਪੂੰਜੀਪਤੀ ਆਪਣੀ ਧਨ ਸ਼ਕਤੀ ਨੂੰ ਹੋਰ ਵਧਾਉਣ ਲਈ ਸੰਕਟਾਂ ਨੂੰ ਪੈਦਾ ਕਰਦੇ ਹਨ ਤੇ ਅੰਤ ਉਸ ਸੰਕਟ ਦੇ ਮੋਚਨ ਵਜੋਂ ਸਾਹਮਣੇ ਆਉਂਦੇ ਹਨ। ਕਹਾਣੀ ਵਿਚ ਇਹੀ ਸਪੱਸ਼ਟ ਕੀਤਾ ਗਿਆ ਹੈ। ਪੂਰੇ ਸੰਸਾਰ ਉੱਪਰ ਸੰਕਟ ਪੈਦਾ ਕਰਨ ਵਾਲੇ ਅਜਿਹੇ ਹੀ ਪ੍ਰੇਤਾਂ ਦੀ ਪਕੜ ਹੈ।

ਇਹ ਸੰਕਟ ਸਿਆਸੀ ਪੱਖ ਤੋਂ ਹੀ ਨਹੀਂ ਬਲਕਿ ਆਰਥਿਕ ਤੇ ਸਮਾਜਕ ਪੱਖ ਤੋਂ ਵੀ ਆਉਂਦਾ ਹੈ। ਇਸ ਸੰਕਟਮਈ ਸਥਿਤੀ ਵਿਚ ਮਨੁੱਖ ਆਪਣੇ ਧੁਰੇ ਤੋਂ ਹਿੱਲ ਗਿਆ ਹੈ। ਉਹ ਇਹਨਾਂ ਸੰਕਟਾਂ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੈ। ਇਸਦੇ ਸ਼ਿਕਾਰ ਮਨੁੱਖ ਵਿਚ ਅਸ਼ਾਂਤੀ, ਭਟਕਣਾ, ਅਸਥਿਰਤਾ, ਅਸੰਤੁਸ਼ਟਤਾ, ਨਿਰਾਸ਼ਾ ਵਧ ਰਹੀ ਹੈ। ਉਸਦੀ ਮਨੋਸਥਿਤੀ ਉਸਦੇ ਕਾਬੂ ਤੋਂ ਬਾਹਰ ਹੋ ਰਹੀ ਹੈ। ਮਨੁੱਖ ਲਈ "ਨਾ ਖੁਦਾ ਹੀ ਮਿਲਾ ਨਾ ਵਿਸਾਲੇ ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਹਮ" ਵਾਂਗ ਦਵੰਦਮਈ ਸਥਿਤੀ ਪੈਦਾ ਹੋ ਗਈ ਹੈ। 'ਪੈਂਡੂਲਮ' ਕਹਾਣੀ ਵਿਚ ਅਜਿਹਾ ਹੀ ਬਿਰਤਾਂਤ ਸਿਰਜਿਆ ਹੈ। ਕਹਾਣੀ ਦੇ ਸਾਰੇ ਪਾਤਰ ਮਾਨ, ਕਰੀਨਾ, ਮਾਤੀ, ਮੀਰਾ ਜ਼ਿੰਦਗੀ ਦੇ ਧੁਰੇ ਤੋਂ ਕਿਤੇ ਨਾ ਕਿਤੇ ਥਿੜਕੇ ਹੋਏ ਹਨ। ਉਹਨਾਂ ਦੀ ਨਿਰਾਸ਼ਾ ਤੇ ਅਸੰਤੁਸ਼ਟਤਾ ਉਹਨਾਂ ਦੀਆਂ ਇੱਛਾਵਾਂ ਵਿਚੋਂ ਹੀ ਪੈਦਾ ਹੋ ਰਹੀ ਹੈ। ਇਹੀ ਕਾਰਨ ਹੈ ਕਿ ਕਰੀਨਾ ਆਪਣੇ ਪਤੀ ਦੀਆਂ ਇੱਛਾਵਾਂ ਦੇ ਅਨੁਸਾਰੀ ਨਹੀਂ, ਮਾਤੀ ਕਰੀਨਾ ਦੀਆਂ ਇੱਛਾਵਾਂ ਤੋਂ ਛੋਟਾ ਰਹਿ ਜਾਂਦਾ ਹੈ। ਇਸ ਭਟਕਣਾ ਵਿਚ ਬੱਚਿਆਂ ਵੱਲ ਪੂਰਾ ਧਿਆਨ ਨਾ ਦਿੱਤਾ ਜਾਣ ਕਰਕੇ ਉਹ ਅਪਰਾਧੀ ਬਿਰਤੀ ਵੱਲ ਖਿੱਚੇ ਜਾ ਰਹੇ ਹਨ। ਕਰੀਨਾ ਦੀ ਧੀ ਦਾ ਵਿਵਹਾਰ ਇਸੇ ਬਿਰਤੀ ਦਾ ਧਾਰਨੀ ਹੈ। ਆਪਣੀ ਮਾਂ ਨੂੰ ਚਾਕੂ ਲੈ ਕੇ ਮਾਰਨ ਜਾਣਾ, ਮਾਂ ਦੀਆਂ ਭਾਵਨਾਵਾਂ ਨੂੰ ਵੇਸਵਾਪਣ ਦੇ ਤੁਲ ਸਮਝਣਾ ਇਸ ਨਿਘਾਰ ਦਾ ਪ੍ਰਮਾਣ ਹੈ। ਇਹ ਉਕਤ ਪ੍ਰੇਤਾਂ ਦੇ ਸਾਏ ਦਾ ਅਸਰ ਹੀ ਹੈ ਜਿਸਨੇ ਹਰ ਸਮਾਜਕ ਬਣਤਰ ਨੂੰ ਪ੍ਰਭਾਵਤ ਕੀਤਾ ਹੈ।

ਇਕ ਪਾਸੇ ਤਾਂ ਪੂੰਜੀਵਾਦ ਵੱਲੋਂ ਗਲੋਬਲਾਈਜ਼ੇਸ਼ਨ ਦੇ ਨਾਹਰੇ ਹੇਠ ਸਮੁੱਚੇ ਵਿਸ਼ਵ ਨੂੰ ਇਕ ਪਿੰਡ (Global Village) ਵਜੋਂ ਪ੍ਰਸਾਰਿਆ ਜਾ ਰਿਹਾ ਹੈ ਪਰ ਹਕੀਕੀ ਤੌਰ 'ਤੇ ਸਭ ਕੁਝ ਟੁੱਟ ਰਿਹਾ ਹੈ ਤੇ ਮਨੁੱਖ ਨੂੰ ਇਕ ਖੰਡਤ ਇਕਾਈ ਬਣਾਇਆ ਜਾ ਰਿਹਾ ਹੈ। ਬੇਸ਼ੱਕ ਤਕਨੀਕੀ ਸਾਧਨਾਂ ਨੇ ਮਨੁੱਖ ਨੂੰ ਦੁਨੀਆਂ ਭਰ ਦੀ ਜਾਣਕਾਰੀ ਮੁਹੱਈਆ ਕਰਵਾ ਦਿੱਤੀ ਪਰ ਸਮਾਜਕ-ਸਭਿਆਚਾਰਕ ਤੇ ਨੈਤਿਕ ਪੱਖ ਤੋਂ ਮਨੁੱਖ ਆਪਣੇ ਨਿੱਜੀ ਖੋਲ ਵਿਚ ਸੁੰਗੜ ਰਿਹਾ ਹੈ। ਇਸ ਸਥਿਤੀ ਨੂੰ 'ਤਿੜਕਿਆ ਗਲੋਬ' ਕਹਾਣੀ ਵਿਚ ਵਿਅੰਗਮਈ ਰੂਪ ਵਿਚ ਉਭਾਰਿਆ ਹੈ। ਸਿਕੰਦਰ ਤੇ ਬਰਕਤ ਜਾਤ ਵਜੋਂ ਮਰਾਸੀ ਹਨ। ਉਹਨਾਂ ਦੀ ਮਾਂ ਦੀ ਮੌਤ ਉਪਰੰਤ ਉਸਨੂੰ ਦਫਨਾਉਣ ਲਈ ਕੋਈ ਜਗ੍ਹਾ ਨਹੀਂ ਮਿਲਦੀ। ਪਿੰਡ ਵਿਚ ਕਬਰਾਂ ਵਾਲੀ ਥਾਂ 'ਤੇ ਜੀਵਾ ਸਿੰਘ ਦਾ ਕਬਜ਼ਾ ਹੈ। ਜੀਵਾ ਸਿੰਘ ਭ੍ਰਿਸ਼ਟ ਪੂੰਜੀਪਤੀ ਹੈ ਜਿਸਨੂੰ ਸਿਆਸੀ ਛਤਰ ਛਾਇਆ ਵੀ ਹਾਸਲ ਹੈ। ਲਾਸ਼ ਨੂੰ ਦਫਨਾਉਣ ਦੇ ਮਸਲੇ 'ਤੇ ਪੈਦਾ ਹੋਇਆ ਟਕਰਾਓ ਪੂਰੀ ਕਹਾਣੀ ਵਿਚ ਚੱਲਦਾ ਰਹਿੰਦਾ ਹੈ। ਵੱਖ-ਵੱਖ ਮੁਸਲਮ ਜਥੇਬੰਦੀਆਂ ਇਸ ਮਸਲੇ ਨੂੰ ਉਛਾਲਦੀਆਂ ਹਨ। ਅੰਤ ਵਿਚ ਪੁਲਸ ਦੇ ਡਰਾਵੇ ਨਾਲ ਪਰਿਵਾਰ ਵਾਲੇ ਲਾਸ਼ ਨੂੰ ਦਫਨਾਉਣ ਲਈ ਤਿਆਰ ਹੋ ਜਾਂਦੇ ਹਨ। ਇਸ ਮਸਲੇ ਰਾਹੀਂ ਕਹਾਣੀਕਾਰ ਨੇ ਸਪੱਸ਼ਟ ਕੀਤਾ ਹੈ ਕਿ ਸਿਆਸੀ ਲੋਕਾਂ ਨੇ ਆਮ ਲੋਕਾਂ ਨੂੰ ਧਰਮਾਂ ਤੇ ਜਾਤਾਂ ਵਿਚ ਵੰਡ ਕੇ ਆਪਣੀ ਚੌਧਰ ਸਲਾਮਤ ਰੱਖੀ ਹੈ। ਮਸਲਾ ਚਾਹੇ ਪਿੰਡ ਪੱਧਰ ਦਾ ਹੋਵੇ ਜਾਂ ਦੇਸ਼ ਤੇ ਸੰਸਾਰ ਪੱਧਰ ਦਾ, ਉਸ ਪਿੱਛੇ ਕਿਤੇ ਨਾ ਕਿਤੇ ਆਰਥਿਕ ਤੇ ਸਿਆਸੀ ਹਿਤ ਕੰਮ ਕਰਦੇ ਹਨ।

'ਬਦਲਦੇ ਸਮੀਕਰਨ' ਕਹਾਣੀ ਵਿਚ ਇਸੇ ਪੱਖ ਤੋਂ ਅੰਤਰਰਾਸ਼ਟਰੀ ਮਸਲਿਆਂ 'ਤੇ ਹੋਂਦ ਵਿਚ ਆਈਆਂ ਜਥੇਬੰਦੀਆਂ ਦੀ ਕਾਰਜਸ਼ੈਲੀ ਨੂੰ ਉਭਾਰਿਆ ਹੈ। ਯੌਰਪੀਨ ਯੂਨੀਅਨ ਬਹੁਤ ਸਾਰੇ ਯੂਰਪੀ ਦੇਸ਼ਾਂ ਦੀ ਸਾਂਝੀ ਇਕਾਈ ਹੈ। ਭਾਵੇਂ ਇਹ ਤੇ ਇਸ ਤਰ੍ਹਾਂ ਦੀਆਂ ਹੋਰ ਯੂਨੀਅਨਾਂ ਸੰਸਾਰਕ ਪੱਧਰ 'ਤੇ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਹੋਂਦ ਵਿਚ ਆਉਂਦੀਆਂ ਹਨ ਪਰ ਕਿਤੇ ਨਾ ਕਿਤੇ ਇਹਨਾਂ ਦੇ ਨਿਯਮਾਂ ਵਿਚ ਆਰਥਿਕ ਤੇ ਸਿਆਸੀ ਹਿਤ ਵੀ ਲੁਕੇ ਹੁੰਦੇ ਹਨ। ਕਹਾਣੀ ਵਿਚ ਰੋਮਾਨੀਆਂ ਤੋਂ ਆਏ ਹੋਏ ਲੋਕਾਂ ਦਾ ਚਿਤਰਣ ਬੜਾ ਕੋਹਜਮਈ ਰੂਪ ਵਿਚ ਕੀਤਾ ਹੈ। ਸਾਬਕਾ ਸਮਾਜਵਾਦੀ ਸਿਸਟਮ ਦੀ ਪੈਦਾਇਸ਼ ਇਹ ਲੋਕ ਮੰਗਤੇ ਬਣ ਕੇ ਗੁਜ਼ਾਰਾ ਕਰਦੇ ਹਨ। ਸਵੀਡਸ਼ਾਂ ਦੇ ਸੁੱਟੇ ਹੋਏ ਸਮਾਨ ਨੂੰ ਇਕੱਠਾ ਕਰ ਕੇ ਫੁੱਟਪਾਥਾਂ ਤੇ ਰੇਲਵੇ ਪੁਲਾਂ ਦੇ ਹੇਠਾਂ ਰਹਿਣ ਵਾਲੇ ਇਹ ਲੋਕ ਕੋਈ ਵੀ ਕੰਮ ਕਰਨ ਦੀ ਥਾਂ ਮੰਗ ਕੇ ਗੁਜ਼ਾਰਾ ਕਰੀ ਜਾਂਦੇ ਹਨ। ਦੂਜੇ ਪਾਸੇ ਸਵੀਡਨ ਵਿਚ ਆਏ ਹੋਏ ਏਸ਼ੀਆਈ ਆਪਣੀ ਸਖਤ ਮਿਹਨਤ ਨਾਲ ਬਹੁਤ ਵਿਕਾਸ ਕਰਦੇ ਹਨ।

ਹੁਣ ਤਕ ਪੜ੍ਹੀਆਂ ਕਹਾਣੀ ਦੀਆਂ ਪੁਸਤਕਾਂ ਵਿਚੋਂ ਮੇਰੇ ਵੇਖਣ ਵਿਚ ਆਇਆ ਚਾਰ ਕਹਾਣੀਆਂ ਵਾਲਾ ਇਹ ਪਹਿਲਾ ਕਹਾਣੀ ਸੰਗ੍ਰਹਿ ਹੈ। ਸਭ ਤੋਂ ਪਹਿਲਾ ਕਹਾਣੀ ਸੰਗ੍ਰਹਿ ਹੈ ਜਿਸਦੀਆਂ ਕਹਾਣੀਆਂ ਨਾਵਲੈੱਟ ਵਰਗੀਆਂ ਹਨ। ਪਹਿਲਾ ਕਹਾਣੀ ਸੰਗ੍ਰਹਿ ਹੈ ਜਿਹੜਾ ਸਵੀਡਨ ਦੀ ਜੀਵਨ-ਜਾਚ, ਆਰਥਿਕ ਸਥਿਤੀ, ਸਿਆਸੀ ਦਰਜਾਬੰਦੀ ਅਤੇ ਸਵੀਡਨ ਵਿਚ ਰਹਿੰਦੇ ਲੋਕਾਂ ਦੇ ਨੈਤਿਕ ਸੰਕਟਾਂ ਦੀ ਪੇਸ਼ਕਾਰੀ ਨੂੰ ਕੇਂਦਰ ਵਿਚ ਰੱਖਦੇ ਹੋਏ ਸੰਸਾਰ ਭਰ ਦੀ ਸਿਆਸੀ ਸਥਿਤੀ ਬਾਰੇ ਗੱਲ ਕਰਦਾ ਹੈ। ਕਹਾਣੀਆਂ ਸੰਸਾਰ ਪੱਧਰ 'ਤੇ ਬਣਦੀਆਂ-ਟੁੱਟਦੀਆਂ ਦੇਸ਼ਾਂ ਦੀਆਂ ਜਥੇਬੰਦੀਆਂ ਦੇ ਪਿੱਛੇ ਕੰਮ ਕਰਦੇ ਆਰਥਿਕ ਤੇ ਸਿਆਸੀ ਹਿੱਤਾਂ ਦੀ ਜਾਣਕਾਰੀ ਦਿੰਦੀਆਂ ਹਨ। ਸਾਰੇ ਦੇਸ਼ਾਂ ਵਿਚ ਇਕ ਦੂਜੇ ਤੋਂ ਅੱਗੇ ਵਧਣ ਤੇ ਦੂਜਿਆਂ ਦੇ ਸਾਧਨਾਂ ਨੂੰ ਆਪਣੇ ਕੰਟਰੋਲ ਵਿਚ ਕਰਨ ਦੀ ਦੌੜ ਲੱਗੀ ਹੋਈ ਹੈ। ਪੂੰਜੀਵਾਦੀ ਦੇਸ਼ ਸਮਾਜਵਾਦੀ ਕੈਂਪ ਦਾ ਵਿਗਠਨ ਕਰ ਕੇ ਦੇਸ਼ ਪੱਧਰ 'ਤੇ ਆਪਣੀਆਂ ਮੰਡੀਆਂ ਦਾ ਵਿਸਥਾਰ ਵਿਚ ਅੜਿੱਕਾ ਬਣੇ ਦੇਸ਼ਾਂ ਨੂੰ ਜਥੇਬੰਦਕ ਏਕਤਾ ਦਾ ਭੁਲਾਂਦਰ ਸਿਰਜ ਕੇ ਸਹਿਮਤ ਕਰ ਲੈਂਦੇ ਹਨ। ਕਹਾਣੀਆਂ ਵਿਚ ਯੋਰਪੀਨ ਯੂਨੀਅਨ, ਯੂ.ਐੱਨ.ਓ., ਸਾਰਕ ਦੇਸ਼ਾਂ ਦੀ ਜਥੇਬੰਦੀ, ਯੂਨਾਈਟਡ ਕਿੰਗਡਮ ਪਾਰਟੀ ਤੇ ਅਜਿਹੀਆਂ ਅਨੇਕਾਂ ਹੋਰ ਸੰਸਾਰਕ ਗੁੱਟਬੰਦੀਆਂ ਦੀ ਕਾਰਜਸ਼ੈਲੀ ਤੇ

ਸਿਆਸੀ ਬਣਤਰ ਨੂੰ ਸਮਝਿਆ ਜਾ ਸਕਦਾ ਹੈ। ਕਹਾਣੀਆਂ ਲੰਬੀਆਂ ਹੋਣ ਕਰਕੇ ਤੇ ਅੰਤਰ ਰਾਸ਼ਟਰੀ ਮਸਲਿਆਂ ਨਾਲ ਸੰਬੰਧਤ ਹੋਣ ਕਰਕੇ ਰੌਚਕਤਾ ਦੇ ਪੱਖ ਤੋਂ ਕਮਜ਼ੋਰ ਹਨ। 'ਪਕੜ ਪ੍ਰੇਤਾਂ ਦੀ', 'ਬਦਲਦੇ ਸਮੀਕਰਨ', 'ਤਿੜਕਿਆ ਗਲੋਬ' ਕਹਾਣੀ ਦੇ ਮੁੱਖ ਪਾਤਰਾਂ ਵਿਚ ਇਸ ਗੱਲ ਦੀ ਸਮਾਨਤਾ ਦੇਖਣ ਨੂੰ ਮਿਲਦੀ ਹੈ ਕਿ ਇਹਨਾਂ ਨੇ ਇਕਨਾਮਿਕਸ ਦੀ ਪੜ੍ਹਾਈ ਕੀਤੀ ਹੋਈ ਹੈ। ਕਹਾਣੀਆਂ ਵਿਚ ਸਵੀਡਸ਼ ਭਾਸ਼ਾ ਦੇ ਨਮੂਨੇ ਵਜੋਂ ਬਹੁਤ ਸਾਰੇ ਸ਼ਬਦ ਆਏ ਹਨ। ਕੁੱਲ ਮਿਲਾ ਕੇ ਇਹ ਕਹਾਣੀ ਸੰਗ੍ਰਹਿ ਸੰਸਾਰ ਪੱਧਰ ਦੇ ਮਸਲਿਆਂ ਨੂੰ ਡੀਕੋਡ ਕਰਦਾ ਹੈ। **–ਡਾ. ਹਰਿੰਦਰ ਸਿੰਘ**

## ਚਿੱਕੜ (ਨਾਵਲ) ਬਲਬੀਰ ਕੌਰ ਸੰਘੇੜਾ

'ਚਿੱਕੜ' ਬਲਬੀਰ ਕੌਰ ਸੰਘੇੜਾ ਦਾ ਚੌਥਾ ਨਾਵਲ ਹੈ। ਜਿਸ ਵਿਚ ਉਹ ਪਰਵਾਸੀ ਜੀਵਨ ਦੇ ਨਾਲ-ਨਾਲ ਪੰਜਾਬ ਦੇ ਆਰਥਿਕ, ਸਭਿਆਚਾਰਕ, ਰਾਜਨੀਤਕ ਅਤੇ ਨੈਤਿਕ ਸੰਕਟਾਂ ਨੂੰ ਲੈਂਦੀ ਹੈ। ਭਾਰਤ ਵਿਚ ਵਿਸ਼ਵੀਕਰਨ ਦੇ ਦੌਰ ਤੋਂ ਬਾਅਦ ਪੈਦਾ ਹੋਏ ਬਹੁਪੱਖੀ ਸੰਕਟਾਂ ਨੇ ਪੂਰੇ ਭਾਰਤ ਵਿਚੋਂ ਬਰੇਨ ਨੂੰ ਡਰੇਨ ਕੀਤਾ। ਸਮਕਾਲੀ ਦੌਰ ਵਿਚ ਪੰਜਾਬ ਸਭ ਤੋਂ ਖਤਰਨਾਕ ਪੜਾਅ ਵਿਚੋਂ ਗੁਜ਼ਰ ਰਿਹਾ ਹੈ। ਵਿਦੇਸ਼ਾਂ ਵਿਚ ਪੜ੍ਹਨ ਦੇ ਬਹਾਨੇ ਸੈੱਟ ਹੋਣ ਦੇ ਰੁਝਾਨ ਨਾਲ ਪੰਜਾਬ ਵਿਚੋਂ ਬਹੁਤ ਵੱਡੇ ਪੱਧਰ 'ਤੇ ਪੈਸਾ ਵਿਦੇਸ਼ਾਂ ਵਿਚ ਜਾ ਰਿਹਾ ਹੈ। ਪੰਜਾਬ ਦੇ ਸਕੂਲਾਂ, ਕਾਲਿਜਾਂ ਤੇ ਯੂਨੀਵਰਸਿਟੀਆਂ ਵਿਚ ਲਗਾਤਾਰ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਥਾਂ-ਥਾਂ ਖੁੱਲ੍ਹੇ ਆਈਲੈਟਸ ਸੈਂਟਰਾਂ ਵਿਚ ਗਿਣਤੀ ਵਧ ਰਹੀ ਹੈ। ਇਸ ਵਰਤਾਰੇ ਦੇ ਪੈਦਾ ਹੋਣ ਪਿੱਛੇ ਪੂੰਜੀਵਾਦੀ ਦੌਰ ਦੀ ਪ੍ਰਮੁੱਖ ਵਿਸ਼ੇਸ਼ਤਾ ਪੂੰਜੀ ਦਾ ਇਕੱਤਰੀਕਰਨ ਹੈ। ਇਸ ਦੌਰ ਦੇ ਹਰ ਬਾਸ਼ਿੰਦੇ ਨੂੰ ਪੂੰਜੀ ਦਾ ਹਾਬੜਾ ਹੈ। ਇਸਦੀ ਪੂਰਤੀ ਲਈ ਉਹ ਅਨੇਕਾਂ ਤਰ੍ਹਾਂ ਦੇ ਢੰਗ ਤਰੀਕੇ ਵਰਤਦਾ ਹੈ। ਪੂੰਜੀ ਦੇ ਹਾਬੜੇ ਨੇ ਮਨੁੱਖ ਨੂੰ ਸੰਤੁਸ਼ਟੀ ਦੇਣ ਦੀ ਥਾਂ ਸੰਕਟ ਹੀ ਦਿੱਤੇ ਹਨ। ਸੱਤਾ ਨੇ ਵੀ ਹਮੇਸ਼ਾ ਪੂੰਜੀ ਲਈ ਹਾਬੜੇ ਮਨੁੱਖ ਨੂੰ ਥਾਪੜਾ ਦਿੱਤਾ ਹੈ।ਰਿਸ਼ਵਤਖੋਰੀ, ਠੱਗੀ, ਚੋਰੀ, ਨੈਤਿਕ ਗਿਰਾਵਟ ਆਦਿ ਪੂੰਜੀਵਾਦੀ ਦੌਰ ਦੀਆਂ ਅਲਾਮਤਾਂ ਹਨ। ਸਮਕਾਲੀ ਦੌਰ ਦੇ ਮਨੁੱਖਾਂ ਵਿਚ ਉਹ ਸਭ ਅਲਾਮਤਾਂ ਵੱਡੇ ਪੱਧਰ 'ਤੇ ਵੇਖਣ ਨੂੰ ਮਿਲਦੀਆਂ ਹਨ। ਵਿਦੇਸ਼ ਵਿਚ ਜੰਮੇ-ਪਲ਼ੇ ਜਾਂ ਲੰਬੇ ਸਮੇਂ ਤੋਂ ਰਹਿ ਰਹੇ ਪੰਜਾਬੀ ਵਿਅਕਤੀ ਲਈ ਇਹ ਦੇਖਣਾ, ਸਮਝਣਾ ਤੇ ਸੁਣਨਾ ਹੈਰਾਨੀਜਨਕ ਹੈ। ਕਿਉਂਕਿ ਉਸਦੇ ਮਨ ਵਿਚ ਪੰਜਾਬ ਦੀ ਇਕ ਅਜਿਹੀ ਤਸਵੀਰ ਵਸੀ ਹੋਈ ਹੈ ਜਿਸਦੀ ਪੇਸ਼ਕਾਰੀ ਪੂਰਨ ਸਿੰਘ ਹੋਰਾਂ ਨੇ ਕੀਤੀ ਸੀ। ਬਲਬੀਰ ਕੌਰ ਸੰਘੇੜਾ ਨੇ ਇਹਨਾਂ ਹੀ ਅਲਾਮਤਾਂ ਦੀ ਪਿੱਠਭੂਮੀ ਵਜੋਂ ਆਪਣੇ ਨਾਵਲ ਦਾ ਕਥਾਨਕ ਉਸਾਰਿਆ ਹੈ।

ਨਾਵਲ ਦੀ ਕਹਾਣੀ ਵੇਖਣ ਨੂੰ ਸਾਧਾਰਨ ਜਿਹੀ ਜਾਪਦੀ ਇਕ ਘਟਨਾ ਦੁਆਲ਼ੇ ਹੀ ਬੁਣੀ ਹੋਈ ਹੈ। ਪਰਿਵਾਰ ਦਾ ਮੋਢੀ ਮਿਲਟਰੀ ਵਿਚੋਂ ਚੰਗੀ ਪੋਸਟ ਤੋਂ ਰਿਟਾਇਰ ਹੋਇਆ ਹੈ। ਆਪਣੇ ਸਖਤ ਸੁਭਾਓ ਅਤੇ ਸਾਮੰਤੀ ਰੁਚੀਆਂ ਕਾਰਨ ਉਹ ਪਰਿਵਾਰ 'ਤੇ ਆਪਣੀ ਹਕੂਮਤ ਕਰਦਾ ਹੈ। ਦੋ ਪੁੱਤਰਾਂ, ਨੂੰਹਾਂ ਅਤੇ ਪੋਤਿਆਂ, ਪੋਤ ਨੂੰਹਾਂ ਤਕ ਨੂੰ ਉਹ ਆਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦਾ ਹੈ। ਉਸਦੇ ਪੁੱਤਰ ਹੌਲ਼ੀ-ਹੌਲ਼ੀ ਮਿਹਨਤ ਕਰਕੇ ਵਿਦੇਸ਼ ਵਿਚ ਆਪਣੇ ਆਪ ਨੂੰ ਸਥਾਪਤ ਕਰ ਲੈਂਦੇ ਹਨ। ਬਾਪ ਪਿੰਡ ਰਹਿੰਦਿਆਂ ਰਜਨੀ ਨਾਂਅ ਦੀ ਪਹਾੜਨ ਨੂੰ ਘਰ ਵਿਚ ਕੰਮ ਧੰਦੇ ਲਈ ਰੱਖ ਲੈਂਦਾ ਹੈ। ਉਹ ਹੌਲ਼ੀ-ਹੌਲ਼ੀ ਸਾਰੇ ਘਰ 'ਤੇ ਕਬਜ਼ਾ ਕਰ ਲੈਂਦੀ ਹੈ। ਉਸਤੋਂ ਘਰ ਦਾ ਕਬਜ਼ਾ ਛੁਡਵਾਉਣ ਲਈ ਕੀਤੀ ਜੱਦੋ-ਜਹਿਦ ਇਸ ਨਾਵਲ ਦਾ ਕੇਂਦਰੀ ਥੀਮ ਹੈ।

ਨਾਵਲ ਦੀ ਅਹਿਮ ਪ੍ਰਾਪਤੀ ਪਰਵਾਸੀ ਜੀਵਨ-ਜਾਚ ਅਤੇ ਬਦਲਦੇ ਪੰਜਾਬੀ ਸਮਾਜ ਦੀਆਂ ਕਦਰਾਂ-ਕੀਮਤਾਂ ਦੇ ਆਪਸੀ ਤੁਲਨਾਤਮਕ ਅਧਿਐਨ ਤੇ ਟਕਰਾਓ ਵਿਚੋਂ ਨਿਕਲਦੇ ਸੰਵਾਦ ਨਾਲ ਜੁੜੀ ਹੋਈ ਹੈ। ਸਮਕਾਲੀ ਸੰਕਟਾਂ ਨੇ ਹਰ ਪੱਖ ਤੋਂ ਬੰਦੇ ਦੀ ਬੰਦਿਆਈ ਨੂੰ ਖੋਰਾ ਲਾਇਆ ਹੈ।

ਪਰਵਾਸੀ ਪੰਜਾਬੀਆਂ ਦੀ ਉਹ ਪੀੜ੍ਹੀ ਜਿਹੜੀ ਪੰਜਾਬ ਵਿਚ ਜੰਮੀ ਪਲ਼ੀ ਤੇ ਪ੍ਰਵਾਨ ਚੜ੍ਹੀ, ਉਸ ਪੀੜ੍ਹੀ ਦੇ ਮਨ ਵਿਚ ਪੰਜਾਬ ਪ੍ਰਤੀ ਗਹਿਰਾ ਲਗਾਵ ਦੇਖਣ ਨੂੰ ਮਿਲਦਾ ਹੈ। ਪਰੰਤੂ ਜਦੋਂ ਪੰਜਾਬ ਦੀਆਂ ਤਲਖ ਹਕੀਕਤਾਂ ਨਾਲ ਉਹਨਾਂ ਦਾ ਵਾਹ ਵਾਸਤਾ ਪੈਂਦਾ ਹੈ ਤਾਂ ਇਹ ਲਗਾਵ ਓਪਰੇਪਨ ਵਿਚ ਤਬਦੀਲ ਹੋ ਜਾਂਦਾ ਹੈ। ਨਾਵਲ ਵਿਚ ਇਸਦੀ ਪੇਸ਼ਕਾਰੀ ਬੜੇ ਕਲਾਤਮਕ ਢੰਗ ਨਾਲ ਹੋਈ ਹੈ। ਕਿਰਾਏਦਾਰ ਤੋਂ ਘਰ ਖਾਲੀ ਕਰਵਾਉਣ ਸਮੇਂ ਸਮਾਜ ਦੇ ਅਸਰ ਰਸੂਖੀ ਵਿਅਕਤੀਆਂ, ਦਲਾਲਾਂ, ਨੌਜਵਾਨ ਸਭਾਵਾਂ, ਦਸ ਨੰਬਰੀਆਂ, ਪੁਲਿਸ, ਵਕੀਲਾਂ ਤੇ ਹੋਰ ਰਿਸ਼ਤੇਦਾਰਾਂ ਦਾ ਵਤੀਰਾ ਉਹਨਾਂ ਦਾ ਪੰਜਾਬ ਪ੍ਰਤੀ ਬਣਿਆ ਬਿੰਬ ਖੰਡਤ ਕਰ ਦਿੰਦਾ ਹੈ।

ਨਾਵਲ ਵਿਚ ਰਜਨੀ 'ਅੱਗ ਲੈਣ ਆਈ ਮਾਲਕਣ ਬਣ ਬੈਠੀ' ਵਾਂਗ ਕਿਰਾਏਦਾਰ ਤੋਂ ਮਾਲਕੀ ਦਾ ਹੱਕ ਜਤਾਉਣ ਲੱਗ ਜਾਂਦੀ ਹੈ। ਅਸਲ ਮਾਲਕ ਵਿਚਾਰੇ ਬਣੇ ਨਜ਼ਰ ਆਉਂਦੇ ਹਨ। ਦੇਖਿਆ ਜਾਵੇ ਤਾਂ ਪੀੜਤ ਧਿਰ ਕਨੇਡਾ ਤੋਂ ਆਈ ਹੋਣ ਕਰਕੇ ਪੂੰਜੀ ਦੇ ਪੱਖ ਤੋਂ ਵਧੇਰੇ ਤਾਕਤਵਰ ਹੈ। ਸਮਕਾਲੀ ਪੂੰਜੀਵਾਦੀ ਯਥਾਰਥ ਅਨੁਸਾਰ ਪੁਲਿਸ ਤੇ ਅਫਸਰਸ਼ਾਹੀ ਨੂੰ ਸਰਮਾਏ ਪੱਖੋਂ ਤਾਕਤਵਰ ਧਿਰ ਦੀ ਗੱਲ ਵਧੇਰੇ ਸੁਣਨੀ ਚਾਹੀਦੀ ਸੀ ਪਰ ਇੱਥੇ ਅਜਿਹਾ ਨਹੀਂ ਵਾਪਰਦਾ। ਰਜਨੀ ਪੂੰਜੀ ਤੋਂ ਵੀ ਵਧੇਰੇ ਤਾਕਤਵਰ ਤੇ ਕਾਰਗਰ ਹਥਿਆਰ ਦੀ ਵਰਤੋਂ ਕਰਦੀ ਹੈ। ਇਹ ਹਥਿਆਰ ਆਪਣੇ ਅਤੇ ਆਪਣੀਆਂ ਧੀਆਂ ਦੇ ਜਿਸਮ ਨੂੰ ਵਰਤਣਾ ਹੈ। ਅਫਸਰਸ਼ਾਹੀ ਨੂੰ ਪੂੰਜੀ ਦੇ ਨਾਲ-ਨਾਲ ਇਸਦਾ ਵੀ ਹਾਬੜਾ ਹੈ। ਇਸ ਦੋਹਰੀ ਪ੍ਰਾਪਤੀ ਕਾਰਨ ਅਫਸਰਸ਼ਾਹੀ ਰਜਨੀ ਨੂੰ ਥਾਪੜਾ ਦਿੰਦੀ ਹੈ।

ਬਲਬੀਰ ਕੌਰ ਸੰਘੇੜਾ ਨੇ ਪਰਵਾਸੀਆਂ ਪ੍ਰਤੀ ਦੇਸੀ ਲੋਕਾਂ ਦੀ ਮਾਨਸਿਕਤਾ ਨੂੰ ਬੜੇ ਹੀ ਕਲਾਤਮਕ ਅਤੇ ਯਥਾਰਥਮਈ ਢੰਗ ਨਾਲ ਪੇਸ਼ ਕੀਤਾ ਹੈ। ਪਰਵਾਸੀਆਂ ਦੇ ਕੰਮ-ਢੰਗ ਅਤੇ ਪੈਸਾ ਕਮਾਉਣ ਬਾਰੇ ਅਕਸਰ ਹੀ ਗ਼ਲਤ ਕਿਸਮ ਦੀਆਂ ਧਾਰਨਾਵਾਂ ਪ੍ਰਚੱਲਤ ਹਨ। ਇਹੀ ਕਾਰਨ ਹੈ ਕਿ ਵਿਦੇਸ਼ ਤੋਂ ਆਏ ਹੋਏ ਵਿਅਕਤੀਆਂ ਨੂੰ ਬਾਜ਼ਾਰ ਦੇ ਸਭ ਵਿਕਰੇਤਾ, ਡਾਕਟਰ, ਵਕੀਲ ਅਤੇ ਹੋਰ ਸਮਾਜਕ ਵਿਅਕਤੀ ਆਪਣਾ ਗਾਹਕ ਸਮਝਦੇ ਹਨ। ਐੱਨ.ਆਰ.ਆਈ. ਥਾਣੇ ਵਿਚ ਮੈਂ ਪਾਤਰ ਦੀ ਆਓ ਭਗਤ ਇਸੇ ਦ੍ਰਿਸ਼ਟੀ ਅਧੀਨ ਹੁੰਦੀ ਹੈ। ਵਕੀਲ ਮੋਤਾ ਸਿੰਘ ਚੀਮਾ ਉਹਨਾਂ ਨੂੰ ਬਾਹਰਲੀ ਮੋਟੀ ਸਾਮੀ ਸਮਝ ਕੇ ਕੋਰਟ ਦੇ ਚੱਕਰ ਵਿਚ ਉਲਝਾ ਲੈਂਦਾ ਹੈ। ਪੀਤੇ ਵਰਗੇ ਆਪਣੇ ਨਿੱਜੀ ਸਵਾਰਥਾਂ 'ਚ ਉਲਝੇ ਮੱਦਦ ਦਾ ਦਿਖਾਵਾ ਕਰਦੇ ਹਨ ਪਰ ਅੰਦਰੋਂ ਰਜਨੀ ਦੀ ਮੱਦਦ ਕਰਦੇ ਹਨ। ਪਿੰਡ ਦੇ ਹੋਰ ਵਿਅਕਤੀਆਂ ਦੁਆਰਾ ਆਪਣੇ ਮੁਨਾਫ਼ੇ ਦੀ ਸਿੱਧੀ ਲਈ ਦਿੱਤੀਆਂ ਗਈਆਂ ਸਲਾਹਾਂ ਪੀੜਤ ਪਰਿਵਾਰ ਨੂੰ ਹੌਂਸਲਾ ਦੇਣ ਦੀ ਥਾਂ ਮਾਨਸਿਕ ਕਸ਼ਟ ਦਿੰਦੀਆਂ ਹਨ।

ਨਾਵਲ ਵਿਚ ਪਿੰਡ ਪੱਧਰ ਦੀ ਸਿਆਸਤ ਵਿਚ ਆਪਣੇ ਸਵਾਰਥ ਦੀ ਸਿੱਧੀ ਲਈ ਕੀਤੇ ਜਾਂਦੇ ਸਿਆਸੀ ਜੋੜ-ਤੋੜ, ਖਰੀਦੋ-ਫ਼ਰੋਖ਼ਤ ਦੀ ਗੱਲ ਯਥਾਰਥਕ ਪੱਖ ਤੋਂ ਪੇਸ਼ ਹੋਈ ਹੈ। ਬਿਨਾਂ ਕਿਸੇ ਸਵਾਰਥ ਤੋਂ ਭਾਈਚਾਰਕ ਸਾਂਝ ਦੇ ਤਹਿਤ ਇਕ ਦੂਜੇ ਦੀ ਮੱਦਦ ਕਰਨਾ ਸਮਕਾਲੀ ਯਥਾਰਥ ਦਾ ਹਿੱਸਾ ਨਹੀਂ ਰਿਹਾ। ਰਾਜਨੀਤੀ ਵਿਚ ਦਲਾਲ ਕਿਸਮ ਦੇ ਲੋਕ ਆਪਣੇ ਸਿਆਸੀ ਹਿਤਾਂ ਦੀ ਪੂਰਤੀ ਲਈ ਕੰਮ ਕਰਦੇ ਹਨ,ਜਿਵੇਂ ਮੁਰਲੀ ਪੀੜਤ ਧਿਰ ਦੀ ਮੱਦਦ ਕਰਦਾ ਹੈ। ਰਾਜਨੀਤੀ ਵਿਚ ਇਸ ਤਰ੍ਹਾਂ ਦੇ ਰੁਝਾਨ ਕਾਰਨ ਸਿਆਸੀ ਗੰਧਲਾਪਨ ਆ ਗਿਆ ਹੈ। ਸਵਾਰਥ ਜੁੜੇ ਹੋਣ ਕਾਰਨ ਲੋਕਾਂ ਦੇ ਮਸਲੇ ਗੁੰਮ ਗਵਾਚ ਗਏ ਹਨ। ਇਹੀ ਕਾਰਨ ਹੈ ਕਿ ਸਾਧਾਰਨ ਤੋਂ ਸਾਧਾਰਨ ਝਗੜੇ ਵੀ ਕੋਰਟ ਕਚਹਿਰੀ ਪਹੁੰਚ ਰਹੇ ਹਨ। ਨਿਆਂ ਪ੍ਰਣਾਲੀ ਵੀ ਪੂੰਜੀ ਦੇ ਘੇਰੇ ਵਿਚ ਹੀ ਰਹਿੰਦੀ ਹੈ।

ਨਾਵਲ ਵਿਚ ਪੰਜਾਬ ਦੇ ਸੰਦ੍ਰਿਸ਼ ਵਿਚ ਜਿੱਥੇ ਦੰਭ, ਸਵਾਰਥ, ਵੈਰ-ਵਿਰੋਧ, ਰਿਸ਼ਤਿਆਂ ਤੋਂ ਅਲਹਿਦਗੀ, ਪੂੰਜੀ ਦਾ ਹਾਬੜਾ ਆਦਿ ਪੇਸ਼ ਹੋਇਆ ਹੈ, ਉੱਥੇ ਪਰਵਾਸੀ ਜੀਵਨ-ਜਾਚ ਵਿਚ ਵੀ ਅਜਿਹੀਆਂ ਅਲਾਮਤਾਂ ਦੇ ਸ਼ਿਕਾਰ ਪੰਜਾਬੀਆਂ ਦੀ ਮਾਨਸਿਕਤਾ ਦੀ ਪੇਸ਼ਕਾਰੀ ਹੋਈ ਹੈ। ਮੈਂ

ਪਾਤਰ ਦਾ ਭਤੀਜਾ ਵਰਿੰਦਰ ਇਸਦੀ ਨਿੱਗਰ ਮਿਸਾਲ ਹੈ। ਉਹ ਰਿਸ਼ਤਿਆਂ ਦੀਆਂ ਸਾਰੀਆਂ ਹੱਦਾਂ ਤੋੜ ਕੇ ਪੂੰਜੀ ਅਤੇ ਆਪਣੀ ਪਤਨੀ ਦਾ ਚਾਕਰ ਬਣਿਆ ਨਜ਼ਰ ਆਉਂਦਾ ਹੈ। ਜਾਇਦਾਦ ਅਤੇ ਪੈਸੇ ਵਿਚੋਂ ਵਧੇਰੇ ਹਿੱਸਾ ਲੈਣ ਦੀ ਮਨਸ਼ਾ ਉਸਨੂੰ ਮਨੁੱਖ ਨਹੀਂ ਰਹਿਣ ਦਿੰਦੀ। ਨਾਵਲ ਵਿਚ ਪੇਸ਼ ਉਸਦਾ ਸਮੁੱਚਾ ਵਿਹਾਰ ਪੂੰਜੀਵਾਦ ਦੇ ਅਨੁਸਾਰੀ ਮਨੁੱਖ ਦਾ ਮਨੁੱਖਤਾ ਰਹਿਤ ਬਿੰਬ ਹੈ। ਗੁਰਦਿਆਲ ਤੇ ਉਸਦੀ ਪਤਨੀ ਸਾਮੰਤੀ ਰਿਸ਼ਤਿਆਂ ਦੀ ਜੰਜ਼ੀਰ ਵਿਚ ਬੱਝੇ ਹੋਏ ਆਪਣੇ ਨਾਲ ਹੋਈਆਂ ਵਧੀਕੀਆਂ ਨੂੰ ਸਹਿਣ ਕਰ ਜਾਂਦੇ ਹਨ। ਭਾਵੇਂ ਕਿ ਇਸ ਲਈ ਉਹਨਾਂ ਨੂੰ ਮਾਨਸਿਕ ਕਸ਼ਟ ਭੋਗਣ ਤੋਂ ਇਲਾਵਾ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ।

ਸਮੁੱਚੇ ਨਾਵਲ ਦੇ ਕਥਾਨਕ ਦੀ ਵੰਡ ਤੀਹ ਕਾਂਡਾਂ ਵਿਚ ਕੀਤੀ ਗਈ ਹੈ। ਨਾਵਲ ਦੀ ਕਹਾਣੀ ਗੁਰਦਿਆਲ ਦੀ ਪਤਨੀ ਦੁਆਰਾ ਉੱਤਮ ਪੁਰਖੀ ਬਿਰਤਾਂਤ ਵਿਚ ਪੇਸ਼ ਕੀਤੀ ਗਈ ਹੈ। ਨਾਵਲ ਦੇ ਪਹਿਲੇ ਦਸ ਕਾਂਡ ਤਕ ਮੈਂ ਪਾਤਰ ਦੇ ਸਹੁਰੇ ਦਾ ਬਿਰਤਾਂਤ ਫੈਲਿਆ ਹੋਇਆ ਹੈ। ਇਹ ਭਾਗ ਵਧੇਰੇ ਲੰਬਾ ਹੋਣ ਕਾਰਨ ਕਿਤੇ ਨਾ ਕਿਤੇ ਅਕੇਵਾਂ ਪੈਦਾ ਕਰਦਾ ਹੈ। ਪਰੰਤੂ ਉਸ ਤੋਂ ਬਾਅਦ ਨਾਵਲ ਵਿਚ ਗਹਿਰ ਤਨਾਓ ਤੇ ਟਕਰਾਓ ਦੀ ਪੇਸ਼ਕਾਰੀ ਹੋਈ ਹੈ ਜਿਹੜਾ ਅੰਤ ਸਮੇਂ ਤਕ ਬਣਿਆ ਰਹਿੰਦਾ ਹੈ। ਨਾਵਲਕਾਰਾ ਕੋਲ਼ ਪਾਤਰਾਂ ਦੀ ਜਮਾਤੀ ਚੇਤਨਾ ਦੀ ਵਿਸ਼ੇਸ਼ ਸੂਝ ਹੈ। ਹਰ ਪਾਤਰ ਦੀ ਮਾਨਸਿਕ ਸਥਿਤੀ ਨੂੰ, ਉਸਦੇ ਕੰਮ-ਢੰਗ ਤੇ ਸਮਾਜਕ ਮਿਲਵਰਤਨ ਰਾਹੀਂ ਬਾਖ਼ੂਬੀ ਉਭਾਰਿਆ ਹੈ। ਖਾਸ ਤੌਰ 'ਤੇ ਪਰਵਾਸੀ ਪੰਜਾਬੀਆਂ ਪ੍ਰਤੀ ਅਲਗਾਵਵਾਦੀ ਰੁਚੀ ਦਾ ਕਲਾਤਮਕ ਵਿਸ਼ਲੇਸ਼ਣ ਬੜਾ ਯਥਾਰਥਕ ਹੈ। ਪੁਲਿਸ ਥਾਣੇ, ਕਚਹਿਰੀਆਂ, ਐੱਮ.ਐੱਲ.ਏ. ਦਫ਼ਤਰ ਦੇ ਦ੍ਰਿਸ਼ ਤੇ ਵਾਤਾਵਰਨ ਇਸ ਢੰਗ ਨਾਲ ਸਿਰਜੇ ਗਏ ਹਨ ਕਿ ਪੜ੍ਹਨ ਸਮੇਂ ਸਾਰਾ ਦ੍ਰਿਸ਼ ਅੱਖਾਂ ਅੱਗੇ ਸਾਕਾਰ ਹੋ ਜਾਂਦਾ ਹੈ। ਰਜਨੀ ਦੀ ਅਸਤ ਵਿਅਸਤ ਤੇ ਬੇਤਰਤੀਬ ਜ਼ਿੰਦਗੀ ਨੂੰ ਉਸ ਦੁਆਰਾ ਘਰ ਵਿਚ ਪਾਏ ਖਿਲਾਰੇ, ਕਮਰਿਆਂ ਦੀਆਂ ਕੰਧਾਂ 'ਤੇ ਮਾਰੀਆਂ ਝਰੀਟਾਂ ਅਤੇ ਰਸੋਈ ਦਿਆਂ ਦਰਵਾਜ਼ਿਆਂ ਦੀ ਟੁੱਟ ਭੱਜ ਦੇ ਮੋਟਿਫ਼ਾਂ ਤੋਂ ਸਮਝਿਆ ਜਾ ਸਕਦਾ ਹੈ। ਕੁੱਲ ਮਿਲਾ ਕੇ ਬਲਬੀਰ ਕੌਰ ਸੰਘੇੜਾ ਦਾ ਇਹ ਨਾਵਲ ਪਰਵਾਸੀ ਜੀਵਨ-ਦ੍ਰਿਸ਼ਟੀ ਤੋਂ ਪੰਜਾਬ ਦੇ ਬਦਲਦੇ ਸਮਾਜਕ ਯਥਾਰਥ ਨੂੰ ਸਮਝਣ ਦਾ ਉਪਰਾਲਾ ਹੈ। ਇਹ ਮਨੁੱਖ ਵਿਚ ਦਿਨ-ਬ-ਦਿਨ ਵਧ ਰਹੇ ਪੂੰਜੀ ਦੇ ਹਾਬੜੇ ਤੇ ਇਸ ਨਾਲ ਪੈਦਾ ਹੋਣ ਵਾਲੇ ਸੰਕਟਾਂ ਦੀ ਪੇਸ਼ਕਾਰੀ ਭਰਵੇਂ ਰੂਪ ਵਿਚ ਕਰਦਾ ਹੈ। **–ਡਾ.ਹਰਿੰਦਰ ਸਿੰਘ**

## ਪਿੱਛਾ ਰਹਿ ਗਿਆ ਦੂਰ (ਕਹਾਣੀ ਸੰਗ੍ਰਹਿ) ਦੀਪਤੀ ਬਬੂਟਾ

ਇਕ ਕਹਾਣੀਕਾਰ ਵਜੋਂ ਦੀਪਤੀ ਬਬੂਟਾ ਦੇ ਨਾਂ ਨਾਲ ਜਾਣ ਪਛਾਣ ਮਸਾਂ ਦੋ ਕੁ ਸਾਲ ਪਹਿਲਾਂ ਹੀ ਹੋਈ ਸੀ। ਸਾਹਮਣੇ ਆਈਆਂ ਦੋ ਤਿੰਨ ਕਹਾਣੀਆਂ ਪੜ੍ਹਨ ਨਾਲ ਬਹੁਤ ਹੈਰਾਨੀ ਤੇ ਸੰਤੁਸ਼ਟੀ ਹੋਈ ਸੀ ਕਿ ਇਕ ਨਵੀਂ ਲੇਖਿਕਾ ਦੀਆਂ ਰਚਨਾਵਾਂ ਵਿਚ ਏਨੀ ਪ੍ਰੌਢਤਾ ਤੇ ਕਲਾਤਮਕ ਨਿਪੁੰਨਤਾ ਹੋ ਸਕਦੀ ਹੈ। ਹੁਣ ਉਸਦਾ ਕਹਾਣੀ ਸੰਗ੍ਰਹਿ ('ਪਿੱਛਾ ਰਹਿ ਗਿਆ ਦੂਰ', ਪੀਪਲਜ਼ ਫੋਰਮ, ਬਰਗਾੜੀ-ਫਰੀਦਕੋਟ, ਪੰਨੇ 263, ਮੁੱਲ 250 ਰੁਪਏ) ਸਾਹਮਣੇ ਆਇਆ ਤਾਂ ਪਤਾ ਲੱਗਿਆ ਹੈ ਕਿ ਸਾਹਿਤ-ਸਿਰਜਣਾ ਦੇ ਖੇਤਰ ਵਿਚ ਪੁੱਟੇ ਦੀਪਤੀ ਬਬੂਟਾ ਦੇ ਕਦਮ ਪਹਿਲ ਪਲੱਕੜੇ ਨਹੀਂ ਹਨ। ਨਾ ਸਿਰਫ ਇਸਤੋਂ ਪਹਿਲਾਂ ਵੀ ਉਹ ਇਕ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਕਰਵਾ ਚੁੱਕੀ ਹੈ, ਬਲਕਿ ਉਸਨੇ ਕਾਵਿ-ਰਚਨਾ, ਨਾਟਕ-ਸਿਰਜਣਾ ਅਤੇ ਮੰਚਨ ਦੇ ਖੇਤਰ ਵਿਚ ਵੀ ਕੰਮ ਕੀਤਾ ਹੈ। ਜੇ ਪੰਜਾਬੀ ਸਾਹਿਤ ਦੇ ਗੰਭੀਰ ਹਲਕਿਆਂ ਵਿਚ ਪਹਿਲਾਂ ਉਸਦੀ ਗੌਲਣਯੋਗ ਚਰਚਾ ਨਹੀਂ ਹੋਈ ਤਾਂ ਅਵੱਸ਼ ਇਸ ਵਿਚ ਉਸ ਵੱਲੋਂ ਆਪਣੀ ਲਿਖਤ ਨੂੰ ਠੀਕ ਤਰ੍ਹਾਂ ਸਾਹਮਣੇ ਲਿਆਉਣ ਵਿਚ ਕੋਈ ਕਮੀ ਰਹੀ ਹੋਵੇਗੀ, ਜਾਂ ਫਿਰ ਸਾਹਿਤਕ ਵਿਦਵਾਨਾਂ ਵੱਲੋਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਰਹੀ ਕੁਤਾਹੀ ਨੂੰ ਇਸ ਲਈ ਜ਼ਿੰਮੇਵਾਰ ਸਮਝਿਆ ਜਾ ਸਕਦਾ ਹੈ। ਉਸਦੇ ਪਹਿਲੇ

ਕਹਾਣੀ ਸੰਗ੍ਰਹਿ ਉੱਤੇ ਝਾਤ ਪਾਉਣ ਦਾ ਤਾਂ ਮੌਕਾ ਨਹੀਂ ਮਿਲਿਆ ਪਰ ਹੱਥਲੇ ਸੰਗ੍ਰਹਿ ਦੀਆਂ ਕਹਾਣੀਆਂ ਨੂੰ ਵਾਚਣ ਪਿੱਛੋਂ ਇਹ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਦੀਪਤੀ ਬਬੂਟਾ ਇਕ ਬਹੁਤ ਸਮਰੱਥ ਕਹਾਣੀਕਾਰ ਹੈ ਜੋ ਸਹਿਜੇ ਹੀ ਪਹਿਲੀ ਕਤਾਰ ਦੇ ਪੰਜਾਬੀ ਕਹਾਣੀਕਾਰਾਂ ਨਾਲ ਪੱਲਾ ਮੇਚ ਸਕਦੀ ਹੈ।

ਹੱਥਲੇ ਸੰਗ੍ਰਹਿ ਵਿਚ ਗਿਆਰਾਂ ਕਹਾਣੀਆਂ ਸ਼ਾਮਲ ਹਨ ਜਿਨ੍ਹਾਂ ਦੀ ਵਸਤੂ ਸਮੱਗਰੀ ਤੇ ਪਾਤਰਾਵਲੀ ਵੇਖੇ-ਭਾਲ਼ੇ ਪ੍ਰਾਪਤ ਜੀਵਨ-ਯਥਾਰਥ ਨਾਲ ਜੁੜੀਆਂ ਜੀਵਨ ਦੀਆਂ ਪਰਤਾਂ, ਸਮਾਜਕ ਰਿਸ਼ਤਿਆਂ, ਮਨੁੱਖੀ ਮਾਨਸਿਕਤਾ, ਰਾਜਨੀਤਕ ਸਭਿਆਚਾਰਕ ਵਿਵਸਥਾ ਅਤੇ ਇਤਿਹਾਸ ਵਿਚ ਹੋਈ ਬੀਤੀ ਨੂੰ ਆਪਣੇ ਕਲਾਵੇ ਲੈਂਦੀ ਹੈ। ਕਹਾਣੀਆਂ ਵਿਚ ਛੋਹੇ ਗਏ ਭਾਂਤ ਸੁਭਾਂਤੇ ਅਤੇ ਕਈ ਹਾਲਤਾਂ ਵਿਚ ਨਵੇਂ ਨਿਵੇਕਲੇ ਵਿਸ਼ੇ ਇਹ ਦਰਸਾਉਂਦੇ ਹਨ ਕਿ ਲੇਖਿਕਾ ਅਨੁਭਵ ਪੱਖੋਂ ਵੀ ਅਮੀਰ ਹੈ, ਅਤੇ ਕੁਝ ਨਵਾਂ ਕਹਿ ਸਕਣ ਦੇ ਸਾਹਸ ਉਪਰੰਤ ਮਾਨਵਵਾਦੀ ਦਿੱਖ ਨਾਲ ਪਰਨਾਇਆ ਉਸਦੇ ਸਰੋਕਾਰਾਂ ਦਾ ਘੇਰਾ ਵੀ ਚੋਖਾ ਮੋਕਲਾ ਹੈ।

ਦੰਪਤੀ ਜੀਵਨ 'ਤੇ ਕੇਂਦਰਤ 'ਤੇਰੇ ਬਗ਼ੈਰ' ਨਾਂ ਦੀ ਪੁਸਤਕ ਦੀ ਪਹਿਲੀ ਕਹਾਣੀ ਵਿਚ ਪੱਚੀ ਕਿੱਲਿਆਂ ਦਾ ਮਾਲਕ ਜ਼ਿਮੀਂਦਾਰ ਹਰਨਾਮ ਸਿੰਘ ਮਰਦਾਵੀਂ ਹਉਂ ਦਾ ਸਾਖਿਆਤ ਰੂਪ ਹੈ, ਆਪਣੀ ਤੀਵੀਂ ਨੂੰ ਤ੍ਰਿਸਕਾਰਨਾ ਤੇ ਕੁੱਟਣਾ ਮਾਰਨਾ ਜਿਸਦਾ ਆਮ ਵਰਤਾਰਾ ਰਿਹਾ ਹੈ। ਉਸਦੀ ਕੁੱਟ ਮਾਰ ਤੇ ਅੱਖੜ ਵਤੀਰੇ ਤੋਂ ਦੁਖੀ ਨਰਿੰਦਰ ਕੌਰ ਆਪਣੇ ਅਵਚੇਤਨ ਵਿਚ ਭਾਵੇਂ ਕਦੇ ਕਦੇ ਪਤੀ ਨੂੰ ਮਰਿਆ ਵੇਖਣਾ ਵੀ ਲੋਚਦੀ ਹੈ। ਪਰ ਭੂਪਵਾਦੀ ਮਰਦ ਹਉਂ ਦੇ ਪਰਛਾਵੇਂ ਵਿਚ ਢਲੀ ਹੋਈ ਉਹ ਨਾ ਸਿਰਫ ਕੁੱਟ ਮਾਰ ਸਹਿੰਦੀ ਹੈ ਸਗੋਂ ਕਈ ਵਾਰ ਤਾਂ ਇਹ ਕੁੱਟ ਖਾਣ ਲਈ ਖੁਦ ਅਹੁਲਦੀ ਵੀ ਹੈ, ਕਿਉਂਕਿ ਜਿੱਦਣ ਉਹ ਕੁੱਟ ਮਾਰ ਕਰਦਾ ਉੱਦਣ ਪਿਆਰ ਵੀ ਰੱਜਕੇ ਕਰਦਾ ਹੈ। ਬਚਿੱਤਰ ਗੱਲ ਇਹ ਵਾਪਰਦੀ ਹੈ ਕਿ ਆਪਣੇ ਵਿਆਹੇ ਵਰੇ ਬੱਚਿਆਂ ਨੂੰ ਬੁਰਾ ਭਲਾ ਆਖਦਾ ਹਰਨਾਮ ਸਿੰਘ ਸਮਾਂ ਆਉਣ 'ਤੇ ਪਤਨੀ ਨਰਿੰਦਰ ਕੌਰ ਦੀ ਜਾਨ ਬਚਾਉਣ ਲਈ ਚੁੱਪ ਚਾਪ ਆਪਣੀ ਕਿਡਨੀ ਦੇ ਦਿੰਦਾ ਹੈ, ਅਖੇ "ਮਾਮੂਲੀ ਕਿਡਨੀ ਪਿੱਛੇ ਤਾਂ ਨਹੀਂ ਮਰਨ ਦਿੰਦਾ ਤੈਨੂੰ"।

'ਠਹਿਰੇ ਪਲ' ਅਤੇ 'ਨਾਗਿਨ' ਨਾਂ ਦੀਆਂ ਕਹਾਣੀਆਂ ਵੀ ਸਮਾਜਕ ਮਰਯਾਦਾ ਵਿਚ ਬੱਝੇ ਜੀਆਂ ਦੇ ਦਿਸਦੇ ਆਪੇ ਹੇਠਾਂ ਦਬੇ ਮਾਨਸਿਕ ਧਰਾਤਲ ਉੱਤੇ ਝਾਤ ਪੁਆਉਂਦੀਆਂ ਹਨ। 'ਠਹਿਰੇ ਪਲ' ਦੀ ਲੈਜ਼ਬੀਅਨ ਸ਼ਿਖਾ ਆਪਣੇ ਸਹੇਲੀ ਦਾਮਿਨੀ ਵਿਚ ਆਪਣੇ ਸਰੀਰਕ ਆਨੰਦ ਦਾ ਸਾਥੀ ਵੇਖਦੀ ਹੈ। ਪਤੀ ਦੀ ਬੇਵਫਾਈ ਸਹਿੰਦੀ ਆ ਰਹੀ ਦਾਮਿਨੀ ਅਚੇਤ ਹੀ ਸ਼ਿਖਾ ਦੀ ਵਲਗਣ ਵਿਚ ਆ ਜਾਂਦੀ ਹੈ, ਪਰ ਸੁਚੇਤ ਹੋਣ 'ਤੇ ਜਿਵੇਂ ਉਸਨੂੰ ਇਸ ਰਿਸ਼ਤੇ ਦੀ ਅਸਲੀਅਤ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਸ਼ਿਖਾ ਨੂੰ ਆਗਾਹ ਕਰਦੀ ਹੈ ਕਿ ਉਹ ਸਮਲਿੰਗਕ ਨਹੀਂ। ਸਮਲਿੰਗਕਤਾ ਦੇ ਮਸਲੇ ਦਾ ਭਾਵੇਂ ਲੇਖਿਕਾ ਨੇ ਪੂਰੀ ਤਰ੍ਹਾਂ ਉਸ ਨਵੀਂ ਸੋਚ ਨਾਲ ਖੁਲਾਸਾ ਨਹੀਂ ਕੀਤਾ, ਜਿਸ ਅਨੁਸਾਰ ਹੁਣ ਇਸਨੂੰ ਅਪਰਾਧਕ ਜਾਂ ਅਨੈਤਿਕ ਵਿਹਾਰ ਦੀ ਥਾਂ ਕੁਦਰਤੀ ਵਰਤਾਰੇ ਵਜੋਂ ਵੇਖਿਆ ਜਾ ਰਿਹਾ ਹੈ, ਤਦ ਵੀ ਉਸਨੇ ਵਰਜਨਾ ਦੀ ਸੀਮਾ ਤੋਂ ਬਾਹਰ ਜਾ ਕੇ ਇਸ ਬਾਰੇ ਗੱਲ ਕਰਨ ਦੀ ਦਲੇਰੀ ਵਿਖਾਈ ਹੈ। 'ਨਾਗਿਨ' ਨਾਂ ਦੀ ਕਹਾਣੀ ਵਿਆਹ ਦੇ ਰਿਸ਼ਤੇ ਵਿਚ ਸਰੀਰਕ ਸੁਖ ਦੀ ਲੋੜ ਦੀ ਸੱਚਾਈ ਨੂੰ ਉਜਾਗਰ ਕਰਦੀ ਹੈ, ਜਿਸ ਸੱਚਾਈ ਉੱਤੇ ਅਕਸਰ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਕਹਾਣੀ ਵਿਚ ਰੇਲਵੇ ਸਟੇਸ਼ਨ ਮਾਸਟਰ ਬਾਬੂ ਲਾਲ ਦੀ ਪਤਨੀ ਦੀਪਾਲੀ ਵਿਆਹ ਤੋਂ ਪਿੱਛੋਂ ਲੰਮੇਂ ਸਮੇਂ ਤਕ ਦੰਪਤੀ ਜੀਵਨ ਦੇ ਸੁਖ ਤੋਂ ਵਾਂਝੀ ਰਹੀ ਹੈ। ਗੁਆਂਢ ਦੇ ਬੱਚਿਆਂ ਨਾਲ ਖੇਡਕੇ ਆਪਣੇ ਆਪ ਨੂੰ ਭੁੱਲਣ ਦਾ ਯਤਨ ਕਰਦੀ ਰਹੀ, ਪਤੀ ਸੁਖ ਤੋਂ ਵਿਰਵੀ, ਦੀਪਾਲੀ ਇਕ ਦਿਨ ਅਚਾਨਕ ਇਕ ਤਰ੍ਹਾਂ 'ਮੇਲ੍ਹਦੀ ਨਾਗਿਨ' ਵਿਚ ਵਟ ਜਾਂਦੀ ਹੈ, ਜਿਸਨੂੰ ਵੇਖਦਿਆਂ ਬਾਬੂ ਲਾਲ ਦੇ ਔਸਾਣ ਮਾਰੇ ਜਾਂਦੇ ਹਨ।

ਆਪਣੇ ਬਗੀਚੇ ਦਾ ਉਜਾੜਾ ਰੋਕਣ ਲਈ ਇਕ ਆਵਾਰਾ ਗਾਂ ਨੂੰ ਸੋਟੀਆਂ ਮਾਰ ਕੇ ਭਜਾਉਣ ਦੀ ਕੋਸ਼ਿਸ਼ ਦੇ ਸੰਭਾਵੀ ਪਰਿਣਾਮ ਤੋਂ ਭੈਅ ਭੀਤ ਹੋਏ 'ਭਗਵੇਂ ਬੱਦਲ਼ਾਂ 'ਚ ਫਸੇ ਸਿੰਗ' ਨਾਂ ਦੀ ਕਹਾਣੀ ਦੇ ਮੁਖ ਪਾਤਰ ਦੀ ਮਾਨਿਸਕ ਦਸ਼ਾ ਆਤੰਕ ਦੇ ਉਸ ਮਾਹੌਲ ਦੀ ਪੇਸ਼ਕਾਰੀ ਕਰਦੀ ਹੈ ਜੋ ਸਰਕਾਰੀ ਤੰਤਰ ਉੱਤੇ ਕਬਜ਼ਾ ਹੋਣ ਮਗਰੋਂ ਭਗਵਾਂ ਬ੍ਰਿਗੇਡ ਨੇ ਬਣਾ ਰਖਿਆ ਹੈ। ਕਹਾਣੀ ਵਿਚੋਂ ਇਹ ਹਕੀਕਤ ਉਭਰਦੀ ਹੈ ਕਿ ਇਸ ਮਾਹੌਲ ਵਿਚ ਘੱਟ ਗਿਣਤੀ ਭਾਈਚਾਰੇ ਦੇ ਲੋਕ ਹੀ ਨਹੀਂ, ਕਹਾਣੀ ਦੇ ਪ੍ਰਵਕਤਾ ਨਾਮਵਰ ਵਕੀਲ ਵਰਗੇ ਹਿੰਦੂ ਵੀ ਪਰੇਸ਼ਾਨ ਹਨ। ਸਥਿਤੀ ਤ੍ਰਾਸਦਿਕ ਤਾਂ ਹੈ ਹੀ, ਪ੍ਰਹਾਸਮਈ ਵੀ ਹੈ, ਜਿਸ ਅਨੁਸਾਰ ਇਕ ਪਾਗਲ ਔਰਤ ਸੂਰ ਦੇ ਬੱਚਿਆਂ ਨੂੰ ਗਾਂ ਦੇ ਥਣਾਂ 'ਚੋਂ ਦੁੱਧ ਚੁੰਘਣ ਲਾ ਦਿੰਦੀ ਹੈ ਜਦੋਂ ਕਿ ਗਊ ਰਖਸ਼ਾ ਵਾਲੀ ਕਹਿਰਵਾਨ ਭੀੜ ਵੱਲੋਂ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਵਿਚਾਰੇ ਬਸ਼ੀਰ ਦੀ ਬੋਟੀ ਬੋਟੀ ਕਰ ਦਿੱਤੀ ਗਈ ਸੀ।

ਸਾਧਨ ਸੰਪੰਨ ਅਤੇ ਭੋਂਸੰਪਤੀ ਦੇ ਮਾਲਕ ਵਰਗਾਂ ਵੱਲੋਂ ਕੀਤੇ ਜਾਂਦੇ ਜ਼ੁਲਮ ਤੇ ਸ਼ੋਸ਼ਨ ਤੋਂ ਅਗਾਂਹ ਅਨਿਆਈਂ ਅਤੇ ਅਮਾਨਵੀ ਵਿਵਸਥਾ ਦੀ ਸ਼ਿਕਾਰ ਹੁੰਦੀ ਗ਼ਰੀਬ ਲੋਕਾਈ ਦਾ ਦਿਲ-ਕੰਬਾਊ ਵੇਰਵਾ ਪੇਸ਼ ਹੋਇਆ ਹੈ 'ਗੌਤਮੀ ਤੋਂ ਸ਼ਬਨਮ ਵਾਇਆ ਰੁਲ਼ੀਆ' ਨਾਂ ਦੀ ਕਹਾਣੀ ਵਿਚ। ਤਾਪ ਦੀ ਬੇਹੋਸ਼ੀ ਵਿਚ ਰਾਤ ਸਮੇਂ ਟਿਊਬਵੈੱਲ਼ ਦੇ ਪਾਣੀ ਦੇ ਵਗਦੇ ਰਹਿ ਜਾਣ 'ਤੇ ਖੇਤ ਮਜ਼ਦੂਰ ਰੁਲ਼ੀਏ ਨੂੰ ਪਈ ਮਾਲਕ ਜ਼ਿਮੀਂਦਾਰ ਦੀ ਕੁੱਟ ਮਾਰ ਉਸਨੂੰ ਹਸਪਤਾਲ ਪੁੱਜਦਾ ਤਾਂ ਕਰਦੀ ਹੀ ਹੈ। ਪਰ ਅੱਗੋਂ ਉਸਨੂੰ ਚੁੱਪ ਕਰਾਉਣ, ਪੁਲਸ ਦੀ ਮਿਲੀਭੁਗਤ ਨਾਲ ਉਸਨੂੰ ਜ਼ਲੀਲ ਤੇ ਬੇਪਤ ਕਰਨ, ਸਿੱਟੇ ਵਜੋਂ ਉਸਦੀ ਬੇਟੀ ਸ਼ਬਨਮ ਦੇ ਫਾਹਾ ਲੈਣ ਤਕ ਜੋ ਕੁਝ ਵਾਪਰਦਾ ਹੈ, ਉਹ ਬਿਆਨ ਤੋਂ ਬਾਹਰ ਹੈ। ਅਤੇ ਇਸ ਸਭ ਕੁਝ ਸਾਹਵੇਂ ਸਮਾਨਤਾ ਤੇ ਨਿਆਂ ਦੀ ਗੱਲ ਕਰਦੀ ਸੰਵਿਧਾਨ ਦੀ ਕਿਤਾਬ ਜਿਵੇਂ ਬੇਮਾਅਨੀ ਹੈ।

'ਪਿੱਛਾ ਰਹਿ ਗਿਆ ਦੂਰ' ਨਾਂ ਦੀ ਕਹਾਣੀ ਨਿਮਨ ਮਧ ਵਰਗੀ ਪਰਿਵਾਰ ਦੇ ਆਰਥਿਕ ਸੰਘਰਸ਼ ਦੇ ਨਾਲ ਮਾਪਿਆਂ ਅਤੇ ਔਲਾਦ ਦੀਆਂ ਪ੍ਰਾਥਮਿਕਤਾਵਾਂ ਅਤੇ ਸਰੋਕਾਰਾਂ ਵਿਚਲੀ ਭਿੰਨਤਾ ਉੱਤੇ ਕੇਂਦਰਤ ਹੈ। ਰੇਲਵੇ ਮੁਲਾਜ਼ਮਤ ਵਿਚ ਹੌਲ਼ੀ ਹੌਲ਼ੀ ਤਰੱਕੀ ਕਰਦਾ ਹੋਇਆ ਸਟੇਸ਼ਨ ਸੁਪਰਡੈਂਟ ਬਣਿਆ ਕਹਾਣੀ ਦਾ ਪ੍ਰਵੱਕਤਾ ਆਪਣੀ ਪਤਨੀ, ਮਾਲਤੀ, ਦੀ ਘਰੇਲੂ ਸੁਆਣੀ ਵਾਲੀ ਸਿਆਣਪ ਅਤੇ ਯਤਨਾਂ ਸਦਕਾ, ਆਪਣੀ ਸੇਵਾਮੁਕਤੀ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਸ਼ਹਿਰ ਵਿਚ ਪਲਾਟ ਲੈ ਕੇ ਮਕਾਨ ਬਣਾ ਸਕਿਆ ਸੀ। ਪਤੀ ਨਾਲ ਸਾਰੀ ਉਮਰ ਰੇਲਵੇ ਦੇ ਤੰਗ ਜਿਹੇ ਕੁਆਰਟਰਾਂ ਵਿਚ ਜ਼ਿੰਦਗੀ ਬਿਤਾਉਂਦੀ ਰਹੀ ਮਾਲਤੀ ਲਈ 'ਆਪਣਾ ਘਰ' ਹੋਣ ਦਾ ਸੁਪਨਾ ਤਾਂ ਪੂਰਾ ਹੋ ਗਿਆ ਸੀ ਪਰ ਇਸ ਘਰ ਵਿਚ ਉਹ ਜ਼ਿਆਦਾ ਸਮਾਂ ਰਹਿ ਨਹੀਂ ਸੀ ਸਕੀ। ਗੁੜਗਾਉਂ ਵਿਚ ਰਹਿ ਰਹੇ ਪੁੱਤਰ-ਨੂੰਹ ਮਾਲਤੀ ਦੇ ਅਗਲੇ ਜਹਾਨ ਕੂਚ ਕਰ ਜਾਣ ਪਿੱਛੋਂ ਬਜ਼ੁਰਗ ਪਿਉ ਨੂੰ ਇਕੱਲਿਆਂ ਨਹੀਂ ਛੱਡ ਸਕਦੇ। ਇਸ ਲਈ ਪੁੱਤਰ ਘਰ ਨੂੰ ਤਾਲਾ ਲਾ ਕੇ ਪਿਉ ਨੂੰ ਨਾਲ ਲਿਜਾਂਦਾ ਹੋਇਆ ਦਲਾਲ ਨਾਲ ਸੌਦਾ ਕਰ ਕੇ ਛੇਤੀ ਤੋਂ ਛੇਤੀ ਘਰ ਵੇਚਣਾ ਲੋੜਦਾ ਹੈ। ਆਪਣੀਆਂ ਤੇ ਆਪਣੀ ਮਰਹੂਮ ਪਤਨੀ, ਮਾਲਤੀ, ਦੀਆਂ ਭਾਵਨਾਵਾਂ ਦਾ ਖਿਆਲ ਕਰ ਕੇ ਕਹਾਣੀ ਦਾ ਪ੍ਰਵੱਕਤਾ ਆਪਣੇ ਪੁੱਤਰ ਨੂੰ ਅਜਿਹਾ ਕਰਨ ਤੋਂ ਰੋਕਣ ਦਾ ਤਰਲਾ ਤਾਂ ਮਾਰਦਾ ਹੈ, ਪਰ ਉਸਦੇ ਵਿਚ ਏਨੀ ਸ਼ਕਤੀ ਨਹੀਂ ਕਿ ਉਹ ਆਪਣੇ ਬਣਾਏ ਘਰ ਵਿਚ ਰਹਿ ਸਕੇ ਅਤੇ ਉਸਨੂੰ ਵਿਕਣ ਨਾ ਦੇਵੇ।

'ਅੰਨ੍ਹੇ ਮੋੜ 'ਤੇ' ਕਹਾਣੀ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਵਿਸ਼ੇ ਨੂੰ ਕਲਾਵੇ ਵਿਚ ਲੈਂਦੀ ਹੈ ਜਿਸ ਦੇ ਅੰਤਰਗਤ ਪੰਜਾਬੀ ਲੋਕਾਂ ਦੀ ਆਪਣੀ ਜ਼ੁਬਾਨ ਵੱਲ ਪਹੁੰਚ, ਸਰਕਾਰੀ ਦਫਤਰਾਂ, ਸਿੱਖਿਆ ਦੇ ਖੇਤਰ ਅਤੇ ਅਦਾਲਤੀ ਕੰਮ-ਕਾਰ ਵਿਚ ਇਸਦੀ ਵਰਤੋਂ ਅਤੇ ਰੁਜ਼ਗਾਰ ਦੇ ਵਸੀਲੇ ਵਜੋਂ ਇਸਦੀ ਸਥਿਤੀ ਦੇ ਵੱਖ ਵੱਖ ਪੱਖਾਂ ਨੂੰ ਬਹੁਤ ਨਿਪੁੰਨਤਾ ਨਲ ਗੁੰਦਿਆ ਗਿਆ ਹੈ। ਇਸ ਅਹਿਮ ਸਵਾਲ ਉੱਤੇ ਪੰਜਾਬੀਆਂ ਦੀ ਮਾਨਸਿਕਤਾ ਵਿਚਲਾ ਦਵੰਦ ਪੰਜਾਬੀ ਭਾਸ਼ਾ ਲਈ ਸੰਘਰਸ਼

ਕਰਨ ਵਾਲਿਆਂ ਦੇ ਕਿਰਦਾਰ ਵਿਚੋਂ ਵੀ ਝਲਕਦਾ ਹੈ। ਪੰਜਾਬੀ ਦੇ ਹੱਕ ਵਿਚ ਰੈਲੀਆਂ ਮੁਜ਼ਾਹਰੇ ਕਰਨ ਅਤੇ ਧਰਨੇ ਦੇਣ ਵਾਲੇ ਬਹੁਤੇ ਲੋਕ ਵੀ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਾਉਂਦੇ ਹਨ। ਸਥਿਤੀ ਵਿਚਲੇ ਇਸ ਵਿਰੋਧਾਭਾਸ ਨੂੰ ਕਹਾਣੀ ਦੇ ਮੁਖ ਪਾਤਰ ਸਰਕਾਰੀ ਸਕੂਲ ਦੇ ਪੰਜਾਬੀ ਅਧਿਆਪਕ ਦੇ ਟਾਕਰੇ ਉੱਤੇ ਰਵਾਇਤੀ ਸੂਝ ਬੂਝ ਵਾਲੇ ਉਸਦੇ ਬਾਪੂ ਨੂੰ ਖੜ੍ਹਾ ਕਰਕੇ ਉਭਾਰਿਆ ਗਿਆ ਹੈ। ਪੰਜਾਬੀ ਭਾਸ਼ਾ ਦੇ ਮਸਲੇ ਦੇ ਨਾਲ ਜੁੜਵਾਂ ਹੀ ਪੰਜਾਬੀਆਂ ਦੇ ਬਾਹਰਲੇ ਮੁਲਕਾਂ ਵੱਲ ਪਰਵਾਸ ਲਈ ਲੱਗੀ ਦੌੜ ਦਾ ਮਸਲਾ ਹੈ ਜੋ ਇਸ ਕਹਾਣੀ ਦੇ ਕਥਾਨਕ ਵਿਚ ਖੂਬਸੂਰਤੀ ਨਾਲ ਗੁੰਦਿਆ ਹੋਇਆ ਮਿਲਦਾ ਹੈ।

'ਬਦਨਾਮ ਬਸਤੀ' ਅਤੇ 'ਡਾਂਸ ਫਲੋਰ' ਔਰਤ ਦੇ ਸਰੀਰ ਦੀ ਵੇਚ-ਵੱਟ ਅਤੇ ਪ੍ਰਦਰਸ਼ਨੀ ਦੇ ਮੁੱਦੇ ਨਾਲ ਜੁੜੀਆਂ ਕਹਾਣੀਆਂ ਹਨ। 'ਬਦਨਾਮ ਬਸਤੀ' ਦੀ ਪੁਸ਼ਵਿੰਦਰ ਜਾਂ ਪੱਪੋ ਅਤੇ 'ਡਾਂਸ ਫਲੋਰ' ਦੀ ਸਵੀਤਾ ਜਾਂ ਰੋਸ਼ਨੀ ਹੀ ਨਹੀਂ, ਇਹ ਕਹਾਣੀਆਂ ਅਨੇਕਾਂ ਹੀ ਬਦਨਸੀਬ ਕੁੜੀਆਂ ਦੇ ਪਿਛੋਕੜ ਤੇ ਉਨ੍ਹਾਂ ਨਾਲ ਹੋਈ ਬੀਤੀ ਦੀ ਬਾਤ ਪਾਉਂਦੀਆਂ ਹਨ। ਸ਼ਰੀਫਾਂ ਦੀ ਸਰਪ੍ਰਸਤੀ ਸਦਕਾ ਚੱਲਦੀ 'ਬਦਨਾਮ ਬਸਤੀ' ਵਿਚ ਜੋ ਕੁਝ ਹੁੰਦਾ ਹੈ, ਉਸਦੀ ਜਾਣਕਾਰੀ ਤਾਂ ਬਹੁਤਿਆਂ ਨੂੰ ਹੈ, ਪਰ 'ਮੈਰਿਜ ਪੈਲੇਸਾਂ' ਵਿਚ ਵਿਆਹ ਸ਼ਾਦੀਆਂ ਦੇ ਸਮਾਗਮਾਂ ਸਮੇਂ ਆਰਕੈਸਟਰਾ ਅਤੇ ਸਟੇਜ ਉੱਤੇ ਕੁੜੀਆਂ ਦੇ ਨਾਚ ਦੀ ਚਮਕ ਦਮਕ ਪਿੱਛੇ ਜੋ ਕੁਝ ਹੁੰਦਾ ਹੈ, ਉਹ ਲੁਕਿਆ ਹੋਇਆ ਹੀ ਹੈ। ਇਨ੍ਹਾਂ ਕਹਾਣੀਆਂ ਵਿਚ ਲੇਖਿਕਾ ਨੇ ਇਕ ਖੋਜਕਾਰ ਵਾਂਗ ਮਸਲੇ ਦੇ ਬਹੁਤ ਸਾਰੇ ਪੱਖਾਂ ਨੂੰ ਸਮੋਣ ਦੀ ਕੋਸ਼ਿਸ਼ ਕੀਤੀ ਹੈ ਭਾਵੇਂ ਕਿ ਇਸ ਕੋਸ਼ਿਸ਼ ਵਿਚ 'ਡਾਂਸ ਫਲੋਰ' ਦੀ ਕਹਾਣੀ ਦੀ ਗੋਂਦ ਕੁਝ ਢਿੱਲੀ ਹੋ ਗਈ ਜਾਪਦੀ ਹੈ।

ਸਮੁੱਚੇ ਤੌਰ 'ਤੇ ਪੁਸਤਕ ਵਿਚਲੀਆਂ ਕਹਾਣੀਆਂ ਬਹੁਤ ਸੰਘਣੀ ਬੁਣਤੀ ਵਾਲੀਆਂ ਹਨ ਅਤੇ ਇਹਨਾਂ ਦਾ ਆਕਾਰ ਵੀ ਆਮ ਲਿਖੀ ਜਾਂਦੀ ਕਹਾਣੀ ਨਾਲੋਂ ਕੁਝ ਲੰਮੇਰਾ ਹੈ। ਐਪਰ ਆਕਾਰ ਦੀ ਲੰਬਾਈ ਅਤੇ ਸੰਘਣੇਪਨ ਨੇ ਕਿਤੇ ਵੀ ਪੇਤਲਾਪਨ ਨਹੀਂ ਲਿਆਂਦਾ ਅਤੇ ਨਾ ਹੀ ਕਥਾ ਰਸ ਵਿਚ ਕੋਈ ਕਮੀ ਆਈ ਹੈ। ਕਹਾਣੀਆਂ ਦੇ ਪਾਤਰਾਂ ਦੇ ਵਿਹਾਰ ਵਿਚ ਜਾਂ ਘਟਨਾਵੀ ਬਿਰਤਾਂਤ ਵਿਚ ਜਿੱਥੇ ਵੀ ਵਚਿੱਤਰਤਾ ਦਾ ਅੰਸ਼ ਹੈ, ਉਹ ਸੰਭਾਵੀ ਯਥਾਰਥ ਦੀ ਸੀਮਾ ਦੇ ਅੰਤਰਗਤ ਹੀ ਹੈ। ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਲੇਖਿਕਾ ਦੀ ਭਾਸ਼ਾਈ ਮੁਹਾਰਤ। ਉਹ ਕਹਾਣੀ ਦੇ ਬਿਰਤਾਂਤ ਵਿਚ ਭਾਵੁਕਤਾ ਦਾ ਛੱਟਾ ਦੇਣ ਦੇ ਮਨੋਰਥ ਨਾਲ ਭਾਸ਼ਾ ਵਿਚ ਬੇਲੋੜੀ ਕਾਵਿਕਤਾ ਲਿਆਉਣ ਦੀ ਕੋਸ਼ਿਸ਼ ਤਾਂ ਨਹੀਂ ਕਰਦੀ ਪਰ ਆਪਣੇ ਭਰਪੂਰ ਸ਼ਬਦ-ਭੰਡਾਰ ਵਿਚੋਂ ਸ਼ਬਦਾਂ ਅਤੇ ਮੁਹਾਵਰਿਆਂ ਦੀ ਵਾਕਾਂ ਵਿਚ ਵਰਤੋਂ ਦੇ ਹੁਨਰ ਨੂੰ ਖੂਬ ਪਛਾਣਦੀ ਹੈ। ਵਿਸ਼ੇ ਉੱਤੇ ਪਕੜ ਅਤੇ ਬੱਝਵੀਂ ਗੋਂਦ ਦੇ ਨਾਲ ਇਹ ਭਾਸ਼ਾਈ ਕੁਸ਼ਲਤਾ ਵੀ ਕਹਾਣੀਆਂ ਨੂੰ ਉੱਚ ਕਲਾਤਮਕਤਾ ਪ੍ਰਦਾਨ ਕਰਦੀ ਹੈ।

ਦੀਪਤੀ ਬਬੂਟਾ ਦੇ ਇਸ ਕਹਾਣੀ ਸੰਗ੍ਰਹਿ ਦਾ ਭਰਵਾਂ ਸਵਾਗਤ ਹੈ। **-ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਛੱਪੜ ਤੇ ਅਸਮਾਨ** (ਬਾਲ ਕਹਾਣੀਆਂ) ਸੁਖਬੀਰ
ਪੰਨੇ 81, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

**ਗਾਉਣ ਵਾਲਾ ਫੁੱਲ** (ਬਾਲ ਕਹਾਣੀਆਂ) ਸੁਖਬੀਰ
ਪੰਨੇ 138, ਮੁੱਲ 275 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

**ਜਨਰੇਸ਼ਨ ਗੈਪ** (ਕਹਾਣੀਆਂ) ਪ੍ਰੇਮ ਗੋਰਖੀ
ਪੰਨੇ 104, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟਰੀਅਲ ਏਰੀਆ, ਚੰਡੀਗੜ੍ਹ

**ਇਕ ਦਿਨ** (ਕਹਾਣੀਆਂ) ਤ੍ਰਿਪਤਾ ਕੇ ਸਿੰਘ
ਪੰਨੇ 144, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟਰੀਅਲ ਏਰੀਆ, ਚੰਡੀਗੜ੍ਹ

**ਸਿਆਸਤ ਖੇਡ, ਸਿਆਸਤ** (ਕਹਾਣੀਆਂ) ਜਿੰਦਰ
ਪੰਨੇ 128, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਰੰਗ ਮਜੀਠੀ** (ਕਹਾਣੀਆਂ) ਰਾਕੇਸ਼ ਰਮਨ
ਪੰਨੇ 80, ਮੁੱਲ 100 ਰੁਪਏ, ਕੁਕਨਸ ਪ੍ਰਕਾਸ਼ਨ, ਜਲੰਧਰ
**ਆਈ ਪੁਰੇ ਦੀ ਵਾਅ** (ਕਹਾਣੀਆਂ) ਨੈਣ ਸੁਖ
ਪੰਨੇ 175, ਮੁੱਲ 250 ਰੁਪਏ, ਸਚਲ ਪ੍ਰਕਾਸ਼ਨ, ਅੰਮ੍ਰਿਤਸਰ
**ਪੜ੍ਹਨ ਰੁੱਤ ਦੇ ਆਰ ਪਾਰ** (ਕਹਾਣੀਆਂ) ਸੰਪਾਦਕ: ਪਰਗਟ ਸਿੰਘ ਸਤੌਜ
ਪੰਨੇ 183, ਮੁੱਲ 185 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ
**ਚੀਰ ਹਰਨ** (ਕਹਾਣੀਆਂ) ਸਰੂਪ ਸਿਆਲਵੀ
ਪੰਨੇ 128, ਮੁੱਲ 130 ਰੁਪਏ, ਪਰਵਾਜ਼ ਪ੍ਰਕਾਸ਼ਨ, ਧਰਮਪੁਰਾ-ਜਲੰਧਰ
**ਕਿਸੁ ਪਹਿ ਖੋਲਹਿ ਗੰਠੜੀ** (ਕਹਾਣੀਆਂ) ਡਾ. ਸਾਹਿਬ ਸਿੰਘ ਅਰਸ਼ੀ
ਪੰਨੇ 88, ਮੁੱਲ 200 ਰੁਪਏ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਵਾਇਆ ਬਠਿੰਡਾ** (ਨਾਵਲ) ਜੰਗ ਬਹਾਦਰ ਗੋਇਲ
ਪੰਨੇ 152, ਮੁੱਲ 160 ਰੁਪਏ, ਸਿੰਘ ਬ੍ਰਦਰਜ਼, ਅੰਮ੍ਰਿਤਸਰ
**ਹਾਦਸੇ** (ਨਾਵਲ) ਹਰਜੀਤ ਅਟਵਾਲ
ਪੰਨੇ 158, ਮੁੱਲ 175 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਜ਼ਰਖੇਜ਼** (ਨਾਵਲ) ਭਗਵੰਤ ਰਸੂਲਪੁਰੀ
ਪੰਨੇ 144, ਮੁੱਲ 150 ਰੁਪਏ, ਪਰਵਾਜ਼ ਪ੍ਰਕਾਸ਼ਨ, ਧਰਮਪੁਰਾ-ਜਲੰਧਰ
**ਬੇਨਾਮ ਰਿਸ਼ਤੇ** (ਨਾਵਲ) ਪ੍ਰਕਾਸ਼ ਸੋਹਲ
ਪੰਨੇ 305, ਮੁੱਲ 600 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਗੁੰਝਲ** (ਰਾਜਸਥਾਨੀ ਨਾਵਲ) ਭਾਰਤ ਓਲਾ - ਅਨੁਵਾਦ: ਕੇਸਰਾ ਰਾਮ
ਪੰਨੇ 131, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਸੁਲਗਦੀ ਅੱਗ** (ਨਾਵਲ) ਗ.ਸ. ਨਕਸ਼ਦੀਪ ਪੰਜਕੋਹਾ
ਪੰਨੇ 112, ਮੁੱਲ 225 ਰੁਪਏ, ਕੇ.ਜੀ. ਗ੍ਰਾਫਿਕਸ, ਅੰਮ੍ਰਿਤਸਰ
**ਫਿਕਰ ਆਪੋ ਆਪਣਾ** (ਨਾਵਲ) ਡਾ. ਰਾਜ ਕੁਮਾਰ ਗਰਗ
ਪੰਨੇ 96, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਸੁੰਦਰੈਲਾ** (ਨਾਵਲ) ਮਹਿੰਦਰ ਸਿੰਘ ਪੰਜੂ
ਪੰਨੇ 96, ਮੁੱਲ 200 ਰੁਪਏ, ਲੋਕ ਰੰਗ ਪ੍ਰਕਾਸ਼ਨ, ਬਰਨਾਲਾ
**ਸਵਰਗ ਦੀ ਮੌਤ** (ਨਾਵਲ) ਜਸਵੰਤ ਸਿੰਘ ਗੱਜਣਮਾਜਰਾ
ਪੰਨੇ 127, ਮੁੱਲ 150 ਰੁਪਏ, ਨਵਰੰਗ ਪਬਲੀਕੇਸ਼ਨਜ਼, ਸਮਾਣਾ
**ਪਾਰ ਗਾਥਾ** (ਕਾਵਿ ਸੰਗ੍ਰਹਿ) ਰਵਿੰਦਰ ਰਵੀ
ਪੰਨੇ 156, ਮੁੱਲ 320 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ
**ਅਮਰੀਕੀ ਪੰਜਾਬੀ ਕਵਿਤਾ** (ਕਾਵਿ ਸੰਗ੍ਰਹਿ) ਸੰ: ਸੁਖਵਿੰਦਰ ਕੰਬੋਜ, ਰਵਿੰਦਰ ਸਹਿਰਾਅ, ਕਲਵਿੰਦਰ
ਪੰਨੇ 240, ਮੁੱਲ 260 ਰੁਪਏ, $10, ਸਪਰੈੱਡ ਪਬਲੀਕੇਸ਼ਨ, ਪਟਿਆਲਾ
**ਮਹਿਕ ਪੀੜਾਂ ਦੀ** (ਗ਼ਜ਼ਲ ਸੰਗ੍ਰਹਿ) ਕੇਸਰ ਸਿੰਘ ਨੀਰ
ਪੰਨੇ 93, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਦਰਦ ਦੀ ਗੂੰਜ** (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ
ਪੰਨੇ 80, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਦਰਦ ਦਾ ਦਰਿਆ** (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ
ਪੰਨੇ 122, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਭਟਕਦੀ ਫਿਰਦੀ ਬਹਾਰ** (ਕਾਵਿ ਸੰਗ੍ਰਹਿ) ਗੁਰਦੀਪ
ਪੰਨੇ 82, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਲੋਕ ਸ਼ਕਤੀ** (ਛੰਦ ਪਰਾਗੇ) ਗੁਰਨਾਮ ਢਿੱਲੋਂ
ਪੰਨੇ 72, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਦੁਪਹਿਰ ਖਿੜੀ** (ਕਾਵਿ ਸੰਗ੍ਰਹਿ) ਨਵਰੂਪ ਕੌਰ
ਪੰਨੇ 112, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਕੁਝ ਤਿੜਕਿਆ ਹੈ** (ਕਾਵਿ ਸੰਗ੍ਰਹਿ) ਮਨਜੀਤ ਪੁਰੀ
ਪੰਨੇ 72, ਮੁੱਲ 170 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ

**ਦੋ ਫੁੱਲ ਜਜ਼ਬੇ ਦੇ** (ਕਾਵਿ ਸੰਗ੍ਰਹਿ) ਕੁਲਦੀਪ ਕੌਰ ਭੁੱਲਰ
ਪੰਨੇ 80, ਮੁੱਲ 200 ਰੁਪਏ, ਗਰੇਸ਼ੀਅਸ ਬੁੱਕਸ, ਪਟਿਆਲਾ
**ਲਕੀਰਾਂ ਦੇ ਪਾਰ** (ਕਾਵਿ ਸੰਗ੍ਰਹਿ) ਗੁਰਚਰਨ
ਪੰਨੇ 112, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਬਾਂਦਰ ਨਾਲ ਬਹਿਸ ਕੌਣ ਕਰੇ** (ਕਾਵਿ ਸੰਗ੍ਰਹਿ) ਸੁਖਿੰਦਰ
ਪੰਨੇ 144, ਮੁੱਲ 100 ਰੁਪਏ, $10, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਖੰਭਾਂ ਵਾਲਾ ਘੋੜਾ** (ਸਵੈਜੀਵਨੀ) ਜਸਬੀਰ ਭੁੱਲਰ
ਪੰਨੇ 175, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਅੰਦਰੇਟੇ ਦਾ ਜੋਗੀ** (ਰੇਖਾ ਚਿੱਤਰ) ਪ੍ਰੇਮ ਮਾਨ
ਪੰਨੇ 89, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਮੁਹਾਲੀ
**ਚੌਕ ਨਾਟਕ ਤੇ ਸਿਫਰ ਨਾਟਕ** (ਨਾਟਕ ਤੇ ਰੰਗਮੰਚੀ ਵੇਰਵੇ) ਰਵਿੰਦਰ ਰਵੀ
ਪੰਨੇ 155, ਮੁੱਲ 550 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ
**ਕਲਮ ਤੇ ਕਿਤਾਬ** (ਆਲੋਚਨਾ) ਕੁਲਦੀਪ ਸਿੰਘ ਧੀਰ
ਪੰਨੇ 230, ਮੁੱਲ 450 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਇਪਟਾ ਅਤੇ ਅਮਨ ਲਹਿਰ ਦਾ ਇਤਿਹਾਸ** (ਆਲੋਚਨਾ) ਡਾ. ਰਾਜਵੰਤ ਕੌਰ ਮਾਨ 'ਪ੍ਰੀਤ'
ਪੰਨੇ 160, ਮੁੱਲ 400 ਰੁਪਏ, ਆਰਸੀ ਪਬਲਿਸ਼ਰਜ਼, ਪਰਦਾ ਬਾਗ਼, ਦਰਿਆ ਗੰਜ, ਦਿੱਲੀ
**ਭਾਰਤੀ ਸਾਹਿਤ ਅਕਾਦਮੀ - ਪੁਸਤਕ ਤੇ ਪੁਰਸਕਾਰ** (ਆਲੋਚਨਾ) ਡਾ. ਲਾਭ ਸਿੰਘ ਖੀਵਾ
ਪੰਨੇ 267, ਮੁੱਲ 495 ਰੁਪਏ, ਐਵਿਸ ਪਬਲੀਕੇਸ਼ਨਜ਼, ਚਾਂਦਨੀ ਚੌਕ, ਦਿੱਲੀ/ਜ਼ੀਰਕਪੁਰ
**ਸ੍ਰੀ ਗੁਰੂ ਗ੍ਰੰਥ ਸਾਹਿਬ - ਬਾਣੀ ਦਾ ਸੰਕਲਨ ਤੇ ਚਿੰਤਨ** (ਆਲੋਚਨਾ) ਡਾ. ਜਸਪਾਲ ਸਿੰਘ
ਪੰਨੇ 210, ਮੁੱਲ 375 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਇਹ ਜੋ ਸ਼ਮਸ਼ੇਰ ਸੰਧੂ ਹੈ** (ਵਾਰਤਕ) ਸੰਪਾਦਕ: ਕੰਵਲਜੀਤ
ਪੰਨੇ 221, ਮੁੱਲ 350 ਰੁਪਏ, $ 15, ਚੇਤਨਾ ਪ੍ਰਕਾਸ਼ਨ, ਲੁਧਿਆਣਾ
**ਅੰਡੇਮਾਨ ਤੇ ਨਿਕੋਬਾਰ ਦੇ ਟਾਪੂ ਅਤੇ ਉਥੋਂ ਦੇ ਲੋਕ** (ਵਾਰਤਕ) ਡਾ. ਐੱਸ.ਐੱਸ. ਛੀਨਾ
ਪੰਨੇ 108, ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

## 'ਸਿਰਜਣਾ' ਬਾਰੇ ਜਾਣਕਾਰੀ


| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 28 ਫਰਵਰੀ 2020 ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਪਰੈਲ, 2020

## ਸੁਰਿੰਦਰ ਗਿੱਲ ਦਾ
## ਨੌਵਾਂ ਅਤੇ ਨਵਾਂ ਕਵਿਤਾ ਸੰਗ੍ਰਹਿ




ਮੇਰੀ ਉਮਰ ਕਹਿੰਦੀ ਹੈ ਕਿ **'ਉਸ ਨੇ ਕਿਹਾ'** ਸ਼ਾਇਦ ਮੇਰਾ ਅੰਤਲਾ ਸੰਗ੍ਰਹਿ ਹੀ ਹੋਵੇ ਪਰ ਮੇਰਾ ਦਿਲ ਕਹਿੰਦਾ ਹੈ ਕਿ ਅਜੇ ਹੋਰ ਬਹੁਤ ਕੁਝ ਕਹਿਣ ਵਾਲਾ ਬਾਕੀ ਹੈ। ਮੇਰੇ ਜੀਵਨ ਪੰਧ 'ਤੇ ਬਹੁਤ ਸਾਰੀਆਂ ਅਣਗਿਣਤ ਗੀਤ ਕਵਿਤਾਵਾਂ ਹਰੇ-ਭਰੇ ਰੁੱਖਾਂ ਵਾਂਗ ਲਹਿਰਾ ਰਹੀਆਂ ਹਨ। -**ਸੁਰਿੰਦਰ ਗਿੱਲ**

ਪੰਨੇ 112 ਸੁੰਦਰ ਦਿੱਖ ਮੁੱਲ 200 ਰੁਪਏ

**ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**

ਫੋਨ: 98146-73236, 0172-4613236

**SIRJANA** Literary Punjabi Quarterly Chandigarh
No. 196 ISSN 2455-1058 April - June 2020
Registered with the Registrar of Newspapers for India vide R.N. 10215/65

ਅਮਰੀਕਾ ਵਸਦੇ ਲੇਖਕ-ਚਿੰਤਕ ਪ੍ਰੇਮ ਮਾਨ

ਦੀ ਅਪਣੱਤ ਭਰੀ ਸਹਿਜ ਨਿਰਪੱਖ ਸ਼ੈਲੀ ਵਿਚ ਲਿਖੇ ਰੇਖਾ-ਚਿਤਰਾਂ ਦੀ ਕਿਤਾਬ '




"ਅਸੀਂ ਆਪਣੇ ਚਾਲ-ਚੱਲਣ ਨੂੰ ਜਿੰਨਾ ਮਰਜ਼ੀ ਲੁਕੋ ਲਈਏ, ਫਿਰ ਵੀ ਇਸ ਦੇ ਚੰਗੇ ਜਾਂ ਮੰਦੇ ਹੋਣ ਦੀ ਭਿਣਕ ਲੋਕਾਂ ਨੂੰ ਪੈ ਹੀ ਜਾਂਦੀ ਹੈ। ਚੰਗੇ ਚਾਲ-ਚੱਲਣ ਦੀ ਮਹਿਕ ਗੁਲਾਬ ਦੇ ਫੁੱਲ ਵਰਗੀ ਹੁੰਦੀ ਹੈ ਅਤੇ ਮਾੜੇ ਚਾਲ-ਚੱਲਣ ਦਾ ਮੁਸ਼ਕ ਈਸਬਗੋਲ ਵਰਗਾ ਹੁੰਦਾ ਹੈ। ਕਿਸੇ ਦੇ ਚਾਲ-ਚੱਲਣ ਦੀ ਮਹਿਕ ਜਾਂ ਮੁਸ਼ਕ ਦਾ ਦੂਰ ਤੋਂ ਹੀ ਪਤਾ ਲੱਗ ਜਾਂਦਾ ਹੈ।" -ਇਸ ਕਿਤਾਬ ਦੇ ਪੰਨਿਆਂ 'ਚੋਂ

ਪੰਨੇ 99 ਸੁੰਦਰ ਦਿੱਖ ਮੁੱਲ 200 ਰੁਪਏ

**ਲੋਕਗੀਤ ਪ੍ਰਕਾਸ਼ਨ,** ਫੇਜ਼ 9, ਮੁਹਾਲੀ (ਪੰਜਾਬ)
ਫੋਨ: +91-172-5027427, 5027429, 4027552